@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪੱਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 9 Janaury 2025

VISIT:
www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਵੀਰਵਾਰ 9 ਜਨਵਰੀ 2025, 26 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 60, qpatrika@gmail.com ਫੋਨ : 9971359517 www.qaumipatrika.org

# ਪ੍ਰਧਾਨ ਮੰਤਰੀ ਵੱਲੋਂ ਆਂਧਰਾ ਪ੍ਰਦੇਸ਼ ਨੂੰ 2 ਲੱਖ ਕਰੋੜ ਰੁਪਏ ਦਾ ਤੋਹਫਾ

**ਸਿੰਮੀ ਕੌਰ ਬੱਬਰ**

ਵਿਸਾਖਾਪਟਨਮ, 8 ਜਨਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਆਂਧਰਾ ਪ੍ਰਦੇਸ ਨੂੰ 2 ਲੱਖ ਕਰੋੜ ਰੁਪਏ ਤੋਂ ਵੱਧ ਦੇ ਪ੍ਰਾਜੈਕਟਾਂ ਦਾ ਤੋਹਫਾ ਦਿੱਤਾ। ਵਿਸਾਖਾਪਟਨਮ 'ਚ ਆਯੋਜਿਤ ਇਕ ਪ੍ਰੋਗਰਾਮ 'ਚ ਮੋਦੀ ਨੇ ਕਈ ਪ੍ਰਾਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ। ਇਸ ਤੋਂ ਪਹਿਲਾਂ ਮੋਦੀ ਨੇ ਆਂਧਰਾ ਪ੍ਰਦੇਸ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਤੇ ਉਪ ਮੁੱਖ ਮੰਤਰੀ ਪਵਨ ਕਲਿਆਣ ਨਾਲ ਵਿਸਾਖਾਪਟਨਮ 'ਚ ਰੋਡ ਸੋਅ ਵੀ ਕੀਤਾ। ਰੋਡ ਸੋਅ ਦੌਰਾਨ ਵੱਡੀ ਗਿਣਤੀ 'ਚ ਲੋਕਾਂ ਨੇ ਇਕੱਠੇ ਹੋ ਕੇ ਖੁੱਲ੍ਹੀ ਮੋਟਰ-ਗੱਡੀ 'ਚ ਸਵਾਰ ਆਗੂਆਂ 'ਤੇ ਫੁੱਲਾਂ ਦੀ ਵਰਖਾ ਕੀਤੀ ਤੇ ਹੱਥ ਹਿਲਾ ਕੇ ਉਨ੍ਹਾਂ ਦਾ ਸਵਾਗਤ ਕੀਤਾ . ਪੂਰਾ ਰਸਤਾ ਤੇਲਗੂ ਦੇਸਮ ਪਾਰਟੀ , ਭਾਰਤੀ ਜਨਤਾ ਪਾਰਟੀ ਤੇ ਜਨ ਸੈਨਾ ਪਾਰਟੀ ਦੇ ਝੰਡਿਆਂ ਨਾਲ ਭਰਿਆ ਹੋਇਆ ਸੀ। ਪਿਛਲੇ ਸਾਲ ਲਗਾਤਾਰ ਤੀਜੀ ਵਾਰ ਪੀ. ਐੱਮ. ਦਾ ਅਹੁਦਾ ਸੰਭਾਲਣ ਤੋਂ ਬਾਅਦ ਮੋਦੀ ਦੀ ਸੂਬੇ ਦੀ ਇਹ ਪਹਿਲੀ ਫੇਰੀ ਹੈ। ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਪਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 'ਆਂਧਰਾ ਪ੍ਰਦੇਸ ਦਾ ਵਿਕਾਸ ਸਾਡਾ ਵਿਜਨ ਹੈ। ਸਾਡਾ ਸੰਕਲਪ ਆਂਧਰਾ ਪ੍ਰਦੇਸ ਦੇ ਲੋਕਾਂ ਦੀ ਸੇਵਾ ਕਰਨਾ ਹੈ। ਆਂਧਰਾ ਪ੍ਰਦੇਸ ਲਈ 2047 ਤੱਕ ਲਗਭਗ 2.5 ਟ੍ਰਿਲੀਅਨ ਡਾਲਰ ਕਮਾਉਣ



ਦਾ ਟੀਚਾ ਰੱਖਿਆ ਗਿਆ ਹੈ। ਇਸ ਨੂੰ ਸਾਕਾਰ ਕਰਨ ਲਈ ਚੰਦਰਬਾਬੂ ਨਾਇਡੂ ਦੀ ਸਰਕਾਰ ਨੇ 'ਸਵਰਨ ਆਂਧਰਾ ਐਟ ਦਿ ਰੇਟ 2047' ਦੀ ਪਹਿਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮੰਤਵ ਲਈ ਕੇਂਦਰ ਦੀ ਰਾਜਗ ਸਰਕਾਰ ਵੀ ਆਂਧਰਾ ਪ੍ਰਦੇਸ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀ ਹੈ। ਇਸ ਲਈ ਕੇਂਦਰ ਸਰਕਾਰ ਲੱਖਾਂ ਕਰੋੜਾਂ ਰੁਪਏ ਦੀਆਂ ਯੋਜਨਾਵਾਂ 'ਚ ਆਂਧਰਾ ਪ੍ਰਦੇਸ ਨੂੰ ਵਿਸੇਸ ਪਹਿਲ ਦੇ ਰਹੀ ਹੈ। ਮੋਦੀ ਨੇ ਕਿਹਾ ਕਿ ਆਂਧਰਾ ਪ੍ਰਦੇਸ ਭਵਿੱਖ ਦੀਆਂ ਤਕਨੀਕਾਂ ਦਾ ਕੇਂਦਰ ਬਣੇਗਾ। ਇੱਥੇ 2 ਲੱਖ ਕਰੋੜ ਰੁਪਏ ਤੋਂ ਵੱਧ ਦੇ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਗਿਆ ਹੈ ਤੇ ਨੀਂਹ ਪੱਥਰ ਰੱਖੇ ਗਏ ਹਨ।

## ਬੋਰਵੈੱਲ 'ਚ ਡਿੱਗੀ 18 ਸਾਲਾ ਕੁੜੀ ਦੀ ਮੌਤ, 33 ਘੰਟਿਆਂ ਬਾਅਦ ਕੱਢਿਆ ਗਿਆ ਸੀ ਬਾਹਰ

ਕੱਛ 8 ਜਨਵਰੀ। ਗੁਜਰਾਤ ਦੇ ਕੱਛ ਜ਼ਿਲ੍ਹੇ ਵਿਚ 540 ਫੁੱਟ ਡੂੰਘੇ ਬੋਰਵੈੱਲ 'ਚ ਡਿੱਗੀ 18 ਸਾਲਾ ਕੁੜੀ ਦੀ ਮੌਤ ਹੋ ਗਈ। 33 ਘੰਟਿਆਂ ਬਾਅਦ ਮੰਗਲਵਾਰ ਸ਼ਾਮ ਨੂੰ ਉਸ ਨੂੰ ਬੋਰਵੈੱਲ ਵਿਚੋਂ ਬਾਹਰ ਕੱਢਿਆ ਗਿਆ ਸੀ। ਜਿਸ ਤੋਂ ਬਾਅਦ ਕੁੜੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਕੁੜੀ ਸੋਮਵਾਰ ਸਵੇਰੇ ਕਰੀਬ ਸਾਢੇ 6 ਵਜੇ ਜ਼ਿਲ੍ਹੇ ਦੇ ਭੁਜ ਤਾਲੁਕਾ ਦੇ ਕੰਦੇਰਾਈ ਪਿੰਡ ਵਿਚ ਬੋਰਵੈੱਲ 'ਚ ਡਿੱਗ ਗਈ ਸੀ। ਉਹ 540 ਫੁੱਟ ਡੂੰਘੇ ਬੋਰਵੈੱਲ 'ਚ 490 ਫੁੱਟ ਦੀ ਡੂੰਘਾਈ 'ਤੇ ਫਸ ਗਈ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਵੱਖ-ਵੱਖ ਏਜੰਸੀਆਂ ਦੀ ਮਦਦ ਨਾਲ ਬਚਾਅ ਕਾਰਜ ਸ਼ੁਰੂ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਬੋਰਵੈੱਲ ਦਾ ਵਿਆਸ ਇਕ ਫੁੱਟ ਹੈ ਅਤੇ ਕੁੜੀ ਵੱਡੀ ਹੋਣ ਕਾਰਨ ਉਸ ਦੇ ਅੰਦਰ ਫਸ ਗਈ ਸੀ। ਇਸ ਲਈ ਬਚਾਅ ਕਾਰਜ ਮੁਸਕਲ ਹੋ ਰਿਹਾ ਸੀ। ਸਾਮ 4 ਵਜੇ ਉਸ ਨੂੰ ਬੋਰਵੈੱਲ ਤੋਂ ਬਾਹਰ ਕੱਢਿਆ ਗਿਆ। ਭੁਜ ਦੇ ਸਹਾਇਕ ਕੁਲੈਕਟਰ ਅਤੇ ਸਬ-ਡਿਵੀਜਨਲ ਮੈਜਿਸਟ੍ਰੇਟ () ਏ. ਬੀ. ਜਾਦਵ ਨੇ ਕਿਹਾ ਕਿ ਬਦਕਿਸਮਤੀ ਨਾਲ ਕੁੜੀ ਨਹੀਂ ਬਚੀ ਅਤੇ ਭੁਜ ਦੇ ਜੀ. ਕੇ. ਜਨਰਲ ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਨੇ ਦੱਸਿਆ ਕਿ ਹੁੱਕ ਤਕਨੀਕ ਦੀ ਵਰਤੋਂ ਕਰਕੇ ਕੁੜੀ ਨੂੰ ਬਾਹਰ ਕੱਢਿਆ ਗਿਆ। ਬਚਾਅ ਮੁਹਿੰਮ ਵਿਚ ਕਈ ਏਜੰਸੀਆਂ ਸ਼ਾਮਲ ਸਨ।

## ਐੱਚਐੱਮਪੀਵੀ ਵਾਇਰਸ ਨੂੰ ਲੈ ਕੇ ਐਕਸ਼ਨ 'ਚ ਸਿਹਤ ਵਿਭਾਗ, ਤਿਆਰ ਕੀਤਾ ਆਈਸੋਲੇਸਨ ਵਾਰਡ

ਜੰਮੂ ਕਸ਼ਮੀਰ 8 ਜਨਵਰੀ। ਜੰਮੂ-ਕਸਮੀਰ ਦਾ ਸਿਹਤ ਵਿਭਾਗ ਐੱਚਐੱਮਪੀਵੀ (ਹਿਊਮਨ ਮੇਟਾਪਨੀਓਮੋਵਾਇਰਸ) ਵਾਇਰਸ ਦੇ ਵਧਦੇ ਖਤਰੇ ਨੂੰ ਲੈ ਕੇ ਚੌਕਸ ਹੋ ਗਿਆ ਹੈ। ਭਾਰਤ 'ਚ ਬੱਚਿਆਂ 'ਚ ਵਾਇਰਸ ਦੇ ਸੱਤ ਮਾਮਲੇ ਸਾਹਮਣੇ ਆਉਣ ਤੋਂ ਬਾਅਦ, ਜੰਮੂ ਦੇ ਸਰਕਾਰੀ ਮੈਡੀਕਲ ਕਾਲਜ (ਜੀਐੱਮਸੀ) ਹਸਪਤਾਲ 'ਚ ਇੱਕ ਵਿਸੇਸ ਆਈਸੋਲੇਸਨ ਵਾਰਡ ਤਿਆਰ ਕੀਤਾ ਗਿਆ ਹੈ। ਹੁਣ ਤੱਕ ਇਹ ਵਾਇਰਸ ਬੈਂਗਲੁਰੂ, ਨਾਗਪੁਰ, ਤਾਮਿਲਨਾਡੂ ਅਤੇ ਅਹਿਮਦਾਬਾਦ 'ਚ ਪਾਇਆ ਗਿਆ ਹੈ। ਜੀਐੱਮਸੀ ਜੰਮੂ 'ਚ 31 ਬਿਸਤਰਿਆਂ ਵਾਲਾ ਇੱਕ ਆਈਸੋਲੇਸਨ ਵਾਰਡ ਬਣਾਇਆ



ਗਿਆ ਹੈ, ਜਿਸ 'ਚ ਸਾਰੀਆਂ ਲੋੜੀਂਦੀਆਂ ਸਹੂਲਤਾਂ ਹਨ। ਹਸਪਤਾਲ ਦੀਆਂ ਨਰਸਾਂ ਨੇ ਦੱਸਿਆ ਕਿ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਲਈ ਪੂਰੀ ਤਿਆਰੀ ਕਰ ਲਈ ਗਈ ਹੈ। ਹਾਲਾਂਕਿ ਜੰਮੂ-ਕਸਮੀਰ 'ਚ ਹੁਣ ਤੱਕ ਵਾਇਰਸ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ। ਸਿਹਤ ਵਿਭਾਗ ਨੇ ਲੋਕਾਂ ਨੂੰ ਕਿਹਾ ਹੈ ਕਿ ਘਬਰਾਉਣ ਦੀ ਲੋੜ ਨਹੀਂ ਹੈ। ਹਸਪਤਾਲ ਪ੍ਰਸਾਸਨ ਨੇ ਕਿਹਾ ਹੈ ਕਿ ਜੇਕਰ ਵਾਇਰਸ ਦੇ ਮਾਮਲੇ ਸਾਹਮਣੇ ਆਉਂਦੇ ਹਨ ਤਾਂ ਇਲਾਜ ਅਤੇ ਆਈਸੋਲੇਸਨ ਲਈ ਸਾਰੇ ਉਪਾਅ ਕੀਤੇ ਗਏ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਵਾਇਰਸ ਬੱਚਿਆਂ ਅਤੇ ਕਮਜੋਰ ਇਮਿਊਨਿਟੀ ਵਾਲੇ ਲੋਕਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦਾ ਹੈ, ਪਰ ਇਸ ਨੂੰ ਸਹੀ ਦੇਖਭਾਲ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ। ਵਾਇਰਸ ਦੇ ਲੱਛਣਾਂ 'ਚ ਜੁਕਾਮ, ਖੰਘ ਤੇ ਬੁਖਾਰ ਸਾਮਲ ਹੋ ਸਕਦੇ ਹਨ। ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਸ ਨਾਲ ਸਾਹ ਦੀ ਸਮੱਸਿਆ ਹੋ ਸਕਦੀ ਹੈ।

## ਸੱਜਣ ਕੁਮਾਰ ਖਿਲਾਫ ਦਰਜ ਕਤਲ ਮਾਮਲੇ 'ਚ 21 ਜਨਵਰੀ ਨੂੰ ਸੁਣ ਸਕਦੀ ਹੈ ਫੈਸਲਾ ਕੋਰਟ

ਨਵੀਂ ਦਿੱਲੀ 8 ਜਨਵਰੀ। ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ 'ਚ ਸਾਬਕਾ ਕਾਂਗਰਸ ਸੰਸਦ ਮੈਂਬਰ ਸੱਜਣ ਕੁਮਾਰ ਖ਼ਿਲਾਫ ਕਤਲ ਦੇ ਮਾਮਲੇ 'ਚ 21 ਜਨਵਰੀ ਨੂੰ ਫੈਸਲਾ ਸੁਣਾ ਸਕਦੀ ਹੈ। ਇਹ ਮਾਮਲਾ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਇਲਾਕੇ 'ਚ 2 ਲੋਕਾਂ ਦੇ ਕਤਲ ਨਾਲ ਜੁੜਿਆ ਹੈ। ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਨੇ ਬੁੱਧਵਾਰ ਨੂੰ ਆਦੇਸ਼ ਪਾਸ ਕਰਨਾ ਸੀ ਪਰ ਉਨ੍ਹਾਂ ਨੇ ਫੈਸਲਾ ਟਾਲ ਦਿੱਤਾ। ਜੱਜ ਨੇ ਕਿਹਾ,"ਅਗਲੀ ਤਾਰੀਖ 21 ਜਨਵਰੀ ਤੈਅ ਕੀਤੀ ਜਾਂਦੀ ਹੈ।" ਫਿਲਹਾਲ ਤਿਹਾੜ ਕੇਂਦਰੀ ਜੇਲ੍ਹ 'ਚ ਬੰਦ ਸੱਜਣ ਕੁਮਾਰ ਵੀਡੀਓ ਕਾਨਫਰੰਸ ਰਾਹੀਂ ਅਦਾਲਤ 'ਚ ਪੇਸ਼ ਹੋਏ। ਅਦਾਲਤ ਨੇ ਇਕ ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਬੇਟੇ



ਤਰੁਣਦੀਪ ਸਿੰਘ ਦੇ ਕਤਲ ਨਾਲ ਸੰਬੰਧਤ ਮਾਮਲੇ 'ਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਮਾਮਲਾ ਸ਼ੁਰੂ 'ਚ ਪੰਜਾਬੀ ਬਾਗ ਥਾਣੇ 'ਚ ਦਰਜ ਕੀਤਾ ਗਿਆ ਸੀ ਪਰ ਬਾਅਦ 'ਚ ਇਕ ਵਿਸ਼ੇਸ਼ ਜਾਂਚ ਦਲ ਨੇ ਜਾਂਚ ਦੀ ਜ਼ਿੰਮੇਵਾਰੀ ਸੰਭਾਲੀ ਸੀ। 16 ਦਸੰਬਰ 2021 ਨੂੰ ਅਦਾਲਤ ਨੇ ਸੱਜਣ ਕੁਮਾਰ ਵਿਰੁੱਧ ਦੋਸ਼ ਤੈਅ ਕੀਤੇ ਅਤੇ ਉਨ੍ਹਾਂ ਖ਼ਿਲਾਫ ਮਾਮਲਾ 'ਪਹਿਲੀ ਨਜ਼ਰ' ਸਹੀ ਪਾਇਆ। ਇਸਤਗਾਸਾ ਪੱਖ ਅਨੁਸਾਰ, ਖਤਰਨਾਕ ਹਥਿਆਰਾਂ ਨਾਲ ਲੈੱਸ ਭੀੜ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦਾ ਬਦਲਾ ਲੈਣ ਲਈ ਵੱਡੇ ਪੈਮਾਨੇ 'ਤੇ ਲੁੱਟਖੋਹ, ਅੱਗ ਸੰਬੰਧੀ ਘਟਨਾਵਾਂ ਕੀਤੀਆਂ ਸਨ ਅਤੇ ਸਿੱਖਾਂ ਦੀਆਂ ਜਾਇਦਾਦਾਂ ਨਸ਼ਟ ਕਰ ਦਿੱਤੀਆਂ ਸਨ। ਇਸਤਗਾਸਾ ਪੱਖ ਨੇ ਦੋਸ਼ ਲਗਾਇਆ ਕਿ ਭੀੜ ਨੇ ਸ਼ਿਕਾਇਤਕਰਤਾ ਜਸਵੰਤ ਸਿੰਘ ਦੀ ਪਤਨੀ ਦੇ ਘਰ ਹਮਲਾ ਕੀਤਾ ਸਿੰਘ ਅਤੇ ਉਨ੍ਹਾਂ ਦੇ ਬੇਟੇ ਦਾ ਕਤਲ ਕਰ ਦਿੱਤਾ, ਨਾਲ ਹੀ ਸਮਾਨ ਲੁੱਟ ਕੇ ਉਨ੍ਹਾਂ ਦੇ ਘਰ ਨੂੰ ਅੱਗ ਲਗਾ ਦਿੱਤੀ। ਕੁਮਾਰ 'ਤੇ ਮੁਕੱਦਮਾ ਚਲਾਉਂਦੇ ਹੋਏ ਅਦਾਲਤ ਨੂੰ 'ਪਹਿਲੀ ਨਜਰ' ਇਹ ਮੰਨਣ ਲਈ ਪੂਰਾ ਸਬੂਤ ਮਿਲੇ ਕਿ ਉਹ ਨਾ ਸਿਰਫ ਹਮਲੇ 'ਚ ਹਿੱਸੇਦਾਰ ਸਗੋਂ ਉਨ੍ਹਾਂ ਨੇ ਭੀੜ ਦੀ ਅਗਵਾਈ ਵੀ ਕੀਤੀ ਸੀ।"

## ਦਿੱਲੀ 'ਚ ਇਕੱਲੇ ਲੜਾਂਗੇ ਅਤੇ ਬਿਹਤਰ ਪ੍ਰਦਰਸ਼ਨ ਕਰਾਂਗੇ : ਮਾਇਆਵਤੀ

ਲਖਨਊ 8 ਜਨਵਰੀ। ਬਹੁਜਨ ਸਮਾਜ ਪਾਰਟੀ (ਬਸਪਾ) ਮੁਖੀ ਮਾਇਆਵਤੀ ਨੇ ਬੁੱਧਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਿੱਲੀ ਵਿਧਾਨ ਸਭਾ ਚੋਣਾਂ ਆਪਣੇ ਦਮ 'ਤੇ ਲੜੇਗੀ ਅਤੇ ਬਿਹਤਰ ਪ੍ਰਦਰਸ਼ਨ ਕਰੇਗੀ। ਮਾਇਆਵਤੀ ਨੇ ਉਮੀਦ



ਜਤਾਈ ਕਿ ਚੋਣ ਕਮਿਸ਼ਨ ਸਰਕਾਰੀ ਮਸ਼ੀਨਰੀ ਦੀ ਗਲਤ ਵਰਤੋਂ ਦੇ ਨਾਲ ਹੀ ਫਿਰਕਾਪ੍ਰਸਤੀ ਅਤੇ ਹੋਰ ਘਿਨਾਉਣੇ ਪ੍ਰਚਾਰ ਤੋਂ ਚੋਣਾਂ ਨੂੰ ਦੂਸ਼ਿਤ ਹੋਣ ਤੋਂ ਬਚਾਏਗਾ। ਬਸਪਾ ਮੁਖੀ ਨੇ 'ਐਕਸ' 'ਤੇ ਕਿਹਾ,"ਦਿੱਲੀ ਵਿਧਾਨ ਸਭਾ ਚੋਣਾਂ 5 ਫਰਵਰੀ ਨੂੰ ਇਕ ਪੜਾਅ 'ਚ ਹੋਣਗੀਆਂ। ਚੋਣ ਕਮਿਸ਼ਨ ਵਲੋਂ ਇਸ ਬਾਰੇ ਕੀਤੀ ਗਏ ਐਲਾਨ ਦਾ ਸਵਾਗਤ। ਬਸਪਾ ਇਹ ਚੋਣਾਂ ਆਪਣੀ ਪੂਰੀ ਤਿਆਰੀ ਅਤੇ ਦਮਦਾਰੀ ਨਾਲ ਇਕੱਲੇ ਲੜ ਰਹੀ ਹੈ। ਉਮੀਦ ਹੈ ਕਿ ਪਾਰਟੀ ਇਨ੍ਹਾਂ ਚੋਣਾਂ 'ਚ ਜਰੂਰ ਬਿਹਤਰ ਪ੍ਰਦਰਸ਼ਨ ਕਰੇਗੀ।" ਉਨ੍ਹਾਂ ਕਿਹਾ ਕਿ ਚੋਣ ਲੋਕਤੰਤਰ ਦੀ ਰੀੜ੍ਹ ਹੈ ਅਤੇ ਬਾਹੁਬਲ ਅਤੇ ਧਨਬਲ ਤੋਂ ਦੂਰ ਕਰਨ ਵਾਲੀ ਗਰੀਬਾਂ ਦੀ ਪਾਰਟੀ ਬਸਪਾ ਕਮਿਸ਼ਨ ਤੋਂ ਇਹ ਉਮੀਦ ਰੱਖਦੀ ਹੈ ਕਿ ਉਹ ਆਜਾਦ ਅਤੇ ਨਿਰਪੱਖ ਚੋਣਾਂ ਕਰਵਾਉਣ 'ਚ ਸਰਕਾਰੀ ਮਸ਼ੀਨਰੀ ਦੀ ਗਲਤ ਵਰਤੋਂ ਦੇ ਨਾਲ ਹੀ ਫਿਰਕਾਪ੍ਰਸਤੀ ਅਤੇ ਹੋਰ ਘਿਨਾਉਣੇ ਪ੍ਰਚਾਰ ਤੋਂ ਚੋਣਾਂ ਨੂੰ ਦੂਸ਼ਿਤ ਹੋਣ ਤੋਂ ਬਚਾਏਗਾ।

# ਮੁਫਤ ਦੀਆਂ ਸਕੀਮਾਂ ਲਈ ਪੈਸੇ ਹਨ ਪਰ ਜੱਜਾਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਲਈ ਨਹੀਂ: ਸੁਪਰੀਮ ਕੋਰਟ

**ਏਜੰਸੀਆਂ**

ਨੈਸ਼ਨਲ ਡੈਸਕ 8 ਜਨਵਰੀ। ਸੁਪਰੀਮ ਕੋਰਟ ਨੇ ਸਰਕਾਰਾਂ ਦੀਆਂ ਮੁਫਤ ਸਕੀਮਾਂ ਨੂੰ ਲੈ ਕੇ ਵੱਡੀ ਗੱਲ ਕਹੀ ਹੈ। ਦਿੱਲੀ ਵਿਧਾਨ ਸਭਾ ਤੋਂ ਪਹਿਲਾਂ ਅਦਾਲਤ ਨੇ ਸਰਕਾਰਾਂ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ 'ਜਦੋਂ ਜੱਜਾਂ ਨੂੰ ਤਨਖਾਹ ਦੇਣ ਦੀ ਗੱਲ ਆਉਂਦੀ ਹੈ ਤਾਂ ਸਰਕਾਰਾਂ ਵਿੱਤੀ ਤੰਗੀ ਦੀ ਗੱਲ ਕਰਦੀਆਂ ਹਨ ਅਤੇ ਉਨ੍ਹਾਂ ਕੋਲ ਮੁਫਤ ਸਕੀਮਾਂ ਲਈ ਪੈਸਾ ਹੁੰਦਾ ਹੈ।' ਜੱਜਾਂ ਦੀ ਤਨਖਾਹ ਮਾਮਲੇ ਦੀ ਸੁਣਵਾਈ ਕਰ ਰਹੇ ਸੁਪਰੀਮ ਕੋਰਟ ਦੇ ਬੈਂਚ ਨੇ ਇਹ ਟਿੱਪਣੀ ਕੀਤੀ। ਬੈਂਚ ਨੇ ਕਿਹਾ ਕਿ ਸੂਬੇ ਕੋਲ ਮੁਫਤ ਭੋਜਨ ਵੰਡਣ ਲਈ ਪੈਸਾ ਹੈ, ਪਰ ਜੱਜਾਂ ਦੀਆਂ ਤਨਖਾਹਾਂ ਅਤੇ ਪੈਨਸਨਾਂ ਦਾ ਭੁਗਤਾਨ ਕਰਨ ਲਈ ਨਹੀਂ ਹੈ। ਬੈਂਚ ਨੇ ਦਿੱਲੀ ਚੋਣਾਂ ਵਿੱਚ ਕੀਤੇ ਜਾ ਰਹੇ ਕਾਹਲੀ ਦੇ ਐਲਾਨਾਂ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ, 'ਕੋਈ 2100 ਰੁਪਏ ਅਤੇ ਕੋਈ 2500 ਰੁਪਏ ਦੇਣ ਦੀ ਗੱਲ ਕਰ ਰਹੇ ਹਨ।' ਸੁਪਰੀਮ ਕੋਰਟ ਨੇ ਜ਼ਿਲ੍ਹਾ ਅਦਾਲਤਾਂ ਦੇ ਜੱਜਾਂ ਦੀ ਤਨਖਾਹ ਅਤੇ ਪੈਨਸਨ ਸਬੰਧੀ ਸਰਕਾਰਾਂ ਦੇ ਰਵੱਈਏ 'ਤੇ ਨਿਰਾਸਾ ਪ੍ਰਗਟ ਕਰਦਿਆਂ ਵੱਖ-ਵੱਖ ਰਾਜ ਸਰਕਾਰਾਂ ਵੱਲੋਂ ਮੁਫਤ ਵੰਡੇ ਜਾਂਦੇ ਪੈਸੇ ਵੱਲ ਇਸਾਰਾ ਕਰਦਿਆਂ ਕਿਹਾ ਕਿਹਾ, "ਤੁਹਾਡੇ ਕੋਲ ਉਨ੍ਹਾਂ ਲਈ ਪੈਸਾ ਹੈ ਜੋ ਕੋਈ ਕੰਮ ਨਹੀਂ ਕਰਦੇ ਅਤੇ ਜਦੋਂ ਜੱਜਾਂ ਦੀਆਂ ਤਨਖਾਹਾਂ ਅਤੇ ਪੈਨਸਨਾਂ ਦਾ ਸਵਾਲ



ਆਉਂਦਾ ਹੈ ਤਾਂ ਤੁਸੀਂ ਵਿੱਤੀ ਸਮੱਸਿਆਵਾਂ ਦਾ ਹਵਾਲਾ ਦੇਣਾ ਸ਼ੁਰੂ ਕਰ ਦਿੰਦੇ ਹੋ।" ਆਲ ਇੰਡੀਆ ਜੱਜ ਐਸੋਸੀਏਸਨ ਨੇ ਜੱਜਾਂ ਦੀ ਤਨਖਾਹ ਅਤੇ ਸੇਵਾਮੁਕਤੀ ਦੇ ਲਾਭਾਂ ਨੂੰ ਲੈ ਕੇ 2015 ਵਿੱਚ ਸੁਪਰੀਮ ਕੋਰਟ ਵਿੱਚ ਪਟੀਸਨ ਦਾਇਰ ਕੀਤੀ ਸੀ। ਕੇਸ ਦੀ ਸੁਣਵਾਈ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਏ.ਜੀ. ਮਸੀਹ ਨੇ ਕੀਤੀ। ਪਟੀਸਨ 'ਚ ਕਿਹਾ ਗਿਆ ਸੀ ਕਿ ਜੱਜਾਂ ਨੂੰ ਸਮੇਂ 'ਤੇ ਤਨਖਾਹਾਂ ਨਹੀਂ ਮਿਲ ਰਹੀਆਂ ਅਤੇ ਉਨ੍ਹਾਂ ਨੂੰ ਸੇਵਾਮੁਕਤੀ ਤੋਂ ਬਾਅਦ ਦੇ ਲਾਭ ਵੀ ਨਹੀਂ ਮਿਲ ਰਹੇ। ਇਸ 'ਤੇ ਜਸਟਿਸ ਗਵਈ ਨੇ ਟਿੱਪਣੀ ਕੀਤੀ, "ਸੂਬੇ ਕੋਲ ਉਨ੍ਹਾਂ ਲਈ ਸਾਰਾ ਪੈਸਾ ਹੈ ਜੋ ਕੋਈ ਕੰਮ ਨਹੀਂ ਕਰਦੇ ਹਨ। ਜਦੋਂ ਅਸੀਂ ਵਿੱਤੀ ਤੰਗੀ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਸ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਜਿਵੇਂ ਹੀ ਚੋਣਾਂ ਆਉਂਦੀਆਂ ਹਨ, ਤੁਸੀਂ ਲਾਡਲੀ ਬਹਿਨਾ ਅਤੇ ਹੋਰ ਨਵੀਆਂ ਯੋਜਨਾਵਾਂ ਦਾ ਐਲਾਨ ਕਰਦੇ ਹਨ। ਸਕੀਮਾਂ ਜਿਨ੍ਹਾਂ ਵਿੱਚ ਤੁਹਾਨੂੰ ਇੱਕ ਨਿਸਚਿਤ ਰਕਮ ਅਦਾ ਕਰਨੀ ਪੈਂਦੀ ਹੈ ਹੁਣ ਦਿੱਲੀ ਵਿੱਚ ਕਿਸੇ ਪਾਰਟੀ ਨੇ ਐਲਾਨ ਕੀਤਾ ਹੈ ਕਿ ਉਹ ਸੱਤਾ ਵਿੱਚ ਆਉਣ 'ਤੇ 2500 ਰੁਪਏ ਦੇਵੇਗੀ।

# ਰਾਜਘਾਟ ਕੈਂਪਸ 'ਚ ਬਣੇਗਾ ਸਾਬਕਾ ਰਾਸ਼ਟਰਪਤੀ ਦਾ ਸਮਾਰਕ

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 8 ਜਨਵਰੀ। ਰਾਸਟਰੀ ਰਾਜਧਾਨੀ ਦਿੱਲੀ ਦੇ ਰਾਜਘਾਟ ਕੈਂਪਸ 'ਚ 'ਰਾਸਟਰੀ ਸਮ੍ਰਿਤੀ' ਯਾਨੀ ਕਿ ਦੇਸ ਦੇ ਮਰਹੂਮ ਸਾਬਕਾ ਰਾਸਟਰਪਤੀ ਪ੍ਰਣਬ ਮੁਖਰਜੀ ਦਾ ਸਮਾਰਕ ਬਣਾਉਣ ਦਾ ਰਸਤਾ ਸਾਫ ਹੋ ਗਿਆ ਹੈ। ਇਸ ਦੇ ਲਈ ਰਾਜਘਾਟ ਕੈਂਪਸ ਦੇ ਅੰਦਰ ਇਕ ਵਿਸੇਸ ਸਾਈਟ ਦੀ ਵੀ ਪਛਾਣ ਕੀਤੀ ਗਈ ਹੈ, ਜਿਸ ਨੂੰ ਸਰਕਾਰ ਤੋਂ ਮਨਜ਼ੂਰੀ ਮਿਲ ਗਈ ਹੈ। ਕੇਂਦਰ ਦੀ ਮੋਦੀ ਸਰਕਾਰ ਨੇ ਇਹ ਫੈਸਲਾ ਲਿਆ ਹੈ। ਲੇਖਕ ਅਤੇ ਪ੍ਰਣਬ ਮੁਖਰਜੀ ਦੀ ਬੇਟੀ ਨੇ ਇਹ ਜਾਣਕਾਰੀ ਦਿੱਤੀ ਹੈ। ਪ੍ਰਣਬ ਮੁਖਰਜੀ ਦੀ ਬੇਟੀ ਸਰਮਿਸਠਾ ਮੁਖਰਜੀ ਨੇ ਮੰਗਲਵਾਰ ਨੂੰ ਐਕਸ 'ਤੇ ਇਕ ਪੋਸਟ ਕੀਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਦੀਆਂ ਤਸਵੀਰਾਂ ਵੀ ਸੇਅਰ ਕੀਤੀਆਂ ਹਨ। ਸਰਮਿਸਠਾ ਮੁਖਰਜੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੀ ਅਤੇ ਬਾਬਾ ਦੀ ਯਾਦਗਾਰ ਬਣਾਉਣ ਦੇ ਉਨ੍ਹਾਂ ਦੀ ਸਰਕਾਰ ਦੇ ਫੈਸਲੇ ਲਈ ਦਿਲੋਂ ਧੰਨਵਾਦ ਪ੍ਰਗਟ ਕੀਤਾ। ਇਹ ਹੋਰ ਵੀ ਮਹੱਤਵਪੂਰਨ ਹੈ ਕਿਉਂਕਿ ਉਸਨੇ ਇਹ ਨਹੀਂ ਮੰਗਿਆ ਸੀ। ਉਹ



ਪ੍ਰਧਾਨ ਮੰਤਰੀ ਦੀ ਇਸ ਅਣਕਿਆਸੀ ਦਿਆਲਤਾ ਅਤੇ ਧੰਨਵਾਦ ਤੋਂ ਬਹੁਤ ਪ੍ਰਭਾਵਿਤ ਹੋਏ ਹਨ। ਸਰਮਿਸਠਾ ਮੁਖਰਜੀ ਨੇ ਕੇਂਦਰੀ ਸਹਿਰੀ ਅਤੇ ਆਵਾਸ ਮੰਤਰਾਲੇ ਦੇ ਪੱਤਰ ਨੂੰ ਐਕਸ 'ਤੇ ਵੀ ਸਾਂਝਾ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਬਾਬਾ ਕਹਿੰਦੇ ਸਨ ਕਿ ਸਰਕਾਰੀ ਸਨਮਾਨ ਮੰਗੇ ਨਹੀਂ ਜਾਂਦੇ, ਸਗੋਂ ਆਪ ਭੇਂਟ ਕੀਤੇ ਜਾਂਦੇ ਹਨ। ਉਨ੍ਹਾਂ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ ਕਿ ਪੀ.ਐਮ. ਮੋਦੀ ਨੇ ਇਹ ਫੈਸਲਾ ਬਾਬਾ ਦੀ ਯਾਦ ਅਤੇ ਸਨਮਾਨ ਲਈ ਲਿਆ ਹੈ। ਇਸ ਸਬੰਧੀ ਲੇਖਿਕਾ ਸਰਮਿਸਠਾ ਮੁਖਰਜੀ ਨੇ ਦੱਸਿਆ ਕਿ ਉਨ੍ਹਾਂ ਨੂੰ 1 ਜਨਵਰੀ ਨੂੰ ਕੇਂਦਰ ਸਰਕਾਰ ਵੱਲੋਂ ਪੱਤਰ ਮਿਲਿਆ ਸੀ, ਜਿਸ ਵਿੱਚ ਇਸ ਫੈਸਲੇ ਬਾਰੇ ਦੱਸਿਆ ਗਿਆ ਸੀ ਕਿ ਰਾਜਘਾਟ ਵਿਖੇ ਭਾਰਤ ਦੇ ਸਾਬਕਾ ਰਾਸਟਰਪਤੀ ਪ੍ਰਣਬ ਮੁਖਰਜੀ ਦਾ ਸਮਾਰਕ ਬਣਾਉਣ ਲਈ ਜਮੀਨ ਅਲਾਟ ਕੀਤੀ ਜਾ ਰਹੀ ਹੈ। ਇਸ ਦੇ ਲਈ ਉਹ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕਰਨਾ ਚਾਹੁੰਦੀ ਸੀ ਅਤੇ ਉਸਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ।

## ਸੁਕਮਾ 'ਚ ਬੀਜਾਪੁਰ ਵਰਗੇ ਨਕਸਲੀ ਹਮਲੇ ਦੀ ਸਾਜਿਸ਼ ਨਾਕਾਮ

ਸੁਕਮਾ, 8 ਜਨਵਰੀ। ਛੱਤੀਸਗੜ੍ਹ ਦੇ ਸੁਕਮਾ ਜ਼ਿਲੇ ਵਿਚ ਬੀਜਾਪੁਰ ਵਰਗੇ ਨਕਸਲੀ ਹਮਲੇ ਦੀ ਸਾਜਿਸ ਨੂੰ ਨਾਕਾਮ ਕਰ ਦਿੱਤਾ ਗਿਆ। ਪੁਲਸ ਨੇ ਨਕਸਲੀਆਂ ਵੱਲੋਂ ਲਗਾਈ ਗਈ 10 ਕਿਲੋ ਦੀ ਸ਼ਕਤੀਸ਼ਾਲੀ ਬਾਰੂਦੀ ਸੁਰੰਗ ਬਰਾਮਦ ਕੀਤੀ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਬਰਾਮਦਗੀ ਸੋਮਵਾਰ ਨੂੰ ਨੇੜਲੇ ਬੀਜਾਪੁਰ ਜ਼ਿਲੇ ਵਿਚ ਸੁਰੱਖਿਆ ਫੋਰਸਾਂ ਦੇ ਇਕ ਵਾਹਨ ਨੂੰ ਇਕ ਸਕਤੀਸਾਲੀ ਧਮਾਕੇ ਨਾਲ ਉਡਾਉਣ ਤੋਂ ਇਕ ਦਿਨ ਬਾਅਦ ਹੋਈ ਹੈ। ਇਸ ਘਟਨਾ ਵਿਚ 8 ਸੁਰੱਖਿਆ ਮੁਲਾਜਮ ਅਤੇ ਇਕ ਡਰਾਈਵਰ ਮਾਰਿਆ ਗਿਆ ਸੀ। ਕੋਂਟਾ-ਗੋਲਾਪੱਲੀ ਮਾਰਗ 'ਤੇ ਬੇਲਪੋਚਾ ਪਿੰਡ ਨੇੜੇ ਕੇਂਦਰੀ ਰਿਜਰਵ ਪੁਲਸ ਫੋਰਸ (ਸੀ. ਆਰ. ਪੀ. ਐੱਫ.) ਅਤੇ ਜ਼ਿਲਾ ਪੁਲਸ ਨੇ ਧਮਾਕਾਖੇਜ ਸਮੱਗਰੀ ਬਰਾਮਦ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮਾਰਗ 'ਤੇ ਬਾਰੂਦੀ ਸੁਰੰਗਾਂ ਨੂੰ ਹਟਾਉਣ ਦੀ ਕਵਾਇਦ ਦੌਰਾਨ ਸੁਰੱਖਿਆ ਕਰਮਚਾਰੀਆਂ ਨੇ ਸੜਕ ਦੇ ਹੇਠਾਂ ਲਗਾਏ ਗਏ ਆਈ. ਈ. ਡੀ. ਨੂੰ ਦੇਖਿਆ, ਜਿਸ ਤੋਂ ਬਾਅਦ ਇਸ ਨੂੰ ਬਰਾਮਦ ਕਰ ਕੇ ਨਸਟ ਕਰ ਦਿੱਤਾ ਗਿਆ।

## ਬੀ. ਐੱਸ. ਐੱਫ. ਦੇ ਇੰਸਪੈਕਟਰ ਨੂੰ 'ਡਿਜੀਟਲ ਅਰੈਸਟ' ਕਰ ਕੇ ਠੱਗੇ 71.24 ਲੱਖ ਰੁਪਏ

ਗਵਾਲੀਅਰ 8 ਜਨਵਰੀ। ਮੱਧ ਪ੍ਰਦੇਸ ਦੇ ਗਵਾਲੀਅਰ ਸਥਿਤ ਬੀ. ਐੱਸ. ਐੱਫ. ਅਕੈਡਮੀ ਦੇ ਕੈਂਪਸ 'ਚ ਇਕ ਇੰਸਪੈਕਟਰ ਨੂੰ ਕਰੀਬ ਇਕ ਮਹੀਨੇ ਤਕ 'ਡਿਜੀਟਲ ਅਰੈਸਟ' ਕਰ ਕੇ 71.24 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸੀਨੀਅਰ ਪੁਲਸ ਕਪਤਾਨ ਧਰਮਵੀਰ ਸਿੰਘ ਨੇ ਮੰਗਲਵਾਰ ਦੱਸਿਆ ਕਿ ਸੋਮਵਾਰ ਸਾਮ ਅਬਸਾਰ ਅਹਿਮਦ ਵਾਸੀ ਮਊ ਨੇ ਧੋਖਾਦੇਹੀ ਦੀ ਰਿਪੋਰਟ ਦਰਜ ਕਰਵਾਈ ਸੀ। ਇੰਸਪੈਕਟਰ ਕੋਲੋਂ 2 ਦਸੰਬਰ ਤੋਂ 31 ਦਸੰਬਰ ਤੱਕ ਠੱਗੀ ਕਰਨ ਵਾਲਿਆਂ ਨੇ 34 ਵਾਰ ਵੱਖ-ਵੱਖ ਖਾਤਿਆਂ 'ਚ ਪੈਸੇ ਟਰਾਂਸਫਰ ਕਰਵਾਏ। ਇੰਸਪੈਕਟਰ ਦਾ ਪਰਿਵਾਰ ਲਖਨਊ 'ਚ ਰਹਿੰਦਾ ਹੈ ।

## 'ਇਕ ਰਾਸ਼ਟਰ-ਇਕ ਚੋਣ' 'ਤੇ ਸਾਂਝੀ ਸੰਸਦੀ ਕਮੇਟੀ ਦੀ ਪਹਿਲੀ ਬੈਠਕ 'ਚ ਤਿੱਖੀ ਬਹਿਸ

ਨਵੀਂ ਦਿੱਲੀ, 8 ਜਨਵਰੀ। ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣ ਦੀ ਵਿਵਸਥਾ ਕਰਨ ਵਾਲੇ ਦੋ ਬਿੱਲਾਂ 'ਤੇ ਵਿਚਾਰ ਕਰਨ ਲਈ ਗਠਿਤ ਸਾਂਝੀ ਸੰਸਦ ੀ ਕਮੇਟੀ (ਜੇ.ਪੀ.ਸੀ.) ਦੀ ਬੁੱਧਵਾਰ ਹੋਈ ਪਹਿਲੀ ਬੈਠਕ ਦੌਰਾਨ ਮੈਂਬਰਾਂ ਵਿਚਾਲੇ ਤਿੱਖੀ ਬਹਿਸ ਹੋਈ। ਜਿੱਥੇ ਭਾਜਪਾ ਮੈਂਬਰਾਂ ਨੇ ਨਾਲੋ-ਨਾਲ ਚੋਣਾਂ ਕਰਵਾਉਣ ਦੇ ਵਿਚਾਰ ਦੀ ਜੋਰਦਾਰ ਵਕਾਲਤ ਕੀਤੀ, ਉਥੇ ਕਾਂਗਰਸ ਸਮੇਤ ਵਿਰੋਧੀ ਧਿਰ ਦੇ ਮੈਂਬਰਾਂ ਨੇ ਬਿੱਲਾਂ ਨੂੰ ਸੰਵਿਧਾਨ ਵਿਰੋਧੀ ਕਰਾਰ ਦਿੱਤਾ। 39 ਮੈਂਬਰੀ ਕਮੇਟੀ ਦੀ ਬੈਠਕ 'ਚ ਸਾਮਲ ਹੋਏ ਸੰਸਦ ਮੈਂਬਰਾਂ ਨੇ ਬਿੱਲਾਂ ਦੇ ਉਪਬੰਧਾਂ ਤੇ ਦਲੀਲ 'ਤੇ ਕਾਨੂੰਨ ਅਤੇ ਨਿਆਂ ਮੰਤਰਾਲਾ ਵੱਲੋਂ ਪੇਸ ਕੀਤੀ ਗਈ ਪੇਸਕਾਰੀ ਤੋਂ ਬਾਅਦ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਸਵਾਲ ਪੁੱਛੇ। ਕਾਨੂੰਨ ਮੰਤਰਾਲਾ ਨੇ ਬੈਠਕ 'ਚ ਸਾਮਲ ਹੋਏ ਸੰਸਦ ਮੈਂਬਰਾਂ ਨੂੰ 18,000 ਪੰਨਿਆਂ ਦੀ ਰਿਪੋਰਟ ਦਿੱਤੀ। ਬੈਠਕ ਤੋਂ ਬਾਅਦ ਭਾਜਪਾ ਦੇ ਸੰਸਦ ਮੈਂਬਰ ਸੰਬਿਤ ਪਾਤਰਾ ਤੇ 'ਆਪ' ਦੇ ਸੰਸਦ ਮੈਂਬਰ ਸੰਜੇ ਸਿੰਘ ਸਮੇਤ ਕਈ ਮੈਂਬਰ ਇਸ ਰਿਪੋਰਟ ਨੂੰ ਸੂਟਕੇਸਾਂ 'ਚ ਲੈ ਕੇ ਜਾਂਦੇ ਨਜਰ ਆਏ। ਕਾਂਗਰਸ ਦੀ ਜਨਰਲ ਸਕੱਤਰ ਤੇ ਵਾਇਨਾਡ ਤੋਂ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਨੇ ਈ. ਵੀ. ਐੱਮਜ. ਦੇ ਚੋਣ ਖਰਚਿਆਂ ਤੇ 'ਇਕ ਰਾਸ਼ਟਰ-ਇਕ ਚੋਣ' ਦੀ ਜਮੀਨੀ ਹਕੀਕਤ ਬਾਰੇ ਸਵਾਲ ਪੁੱਛੇ।



ਪ੍ਰਿਅੰਕਾ ਨੇ ਪੁੱਛਿਆ ਕਿ ਕੀ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣਾ ਆਰਥਿਕ ਪੱਖੋਂ ਅਮਲੀ ਹੋਵੇਗਾ ਤੇ ਜੇ ਹਾਂ ਤਾਂ ਇਸ ਦੇਸ ਪੱਧਰੀ ਮੈਗਾ ਮੁਹਿੰਮ 'ਤੇ ਕਿੰਨਾ ਖਰਚ ਆਵੇਗਾ। ਉਨ੍ਹਾਂ ਇਹ ਵੀ ਪੁੱਛਿਆ ਕਿ ਦੇਸ 'ਚ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣ ਲਈ ਕਿੰਨੀਆਂ ਈ. ਵੀ. ਐਮਜ. ਦੀ ਲੋੜ ਪਵੇਗੀ?

# ਸੰਸਦੀ ਕਮੇਟੀ ਦੀ ਬੈਠਕ 'ਚ ਭਾਜਪਾ ਮੈਂਬਰਾਂ ਨੇ ਇਕੱਠੇ ਚੋਣਾਂ ਦਾ ਕੀਤਾ ਸਮਰਥਨ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 8 ਜਨਵਰੀ। ਦੇਸ਼ 'ਚ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਇਕੱਠੇ ਕਰਵਾਉਣ ਦੇ ਪ੍ਰਬੰਧ ਵਾਲੇ 2 ਬਿੱਲਾਂ 'ਤੇ ਵਿਚਾਰ ਕਰਨ ਲਈ ਗਠਿਤ ਸੰਸਦ ਦੀ ਸੰਯੁਕਤ ਕਮੇਟੀ ਦੀ ਪਹਿਲੀ ਬੈਠਕ 'ਚ ਬੁੱਧਵਾਰ ਨੂੰ ਹੋਵੇਗੀ। ਬੈਠਕ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੈਂਬਰਾਂ ਨੇ ਇਕੱਠੇ ਚੋਣਾਂ ਦੇ ਵਿਚਾਰ ਦੀ ਜਿੱਥੇ ਸਲਾਘਾ ਕੀਤੀ ਗਈ, ਉੱਥੇ ਵਿਰੋਧੀ ਧਿਰ ਦੇ ਮੈਂਬਰਾਂ ਨੇ ਇਸ 'ਤੇ ਸਵਾਲ ਚੁੱਕੇ। ਸੂਤਰਾਂ ਨੇ ਕਿਹਾ ਕਿ ਕਾਨੂੰਨ ਅਤੇ ਨਿਆਂ ਮੰਤਰਾਲਾ ਦੇ ਅਧਿਕਾਰੀਆਂ ਨੇ ਬੈਠਕ ਦੌਰਾਨ ਪ੍ਰਸਤਾਵਿਤ ਕਾਨੂੰਨਾਂ ਦੇ ਉਪਬੰਧਾਂ 'ਤੇ ਇਕ ਪੇਸਕਾਰੀ ਦਿੱਤੀ, ਜਿਸ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇੱਕੋ ਸਮੇਂ ਕਰਵਾਉਣ ਦੇ ਵਿਚਾਰ ਦਾ ਹਵਾਲਾ ਦਿੱਤਾ ਗਿਆ, ਜਿਸ ਨੂੰ ਕਾਨੂੰਨ ਕਮਿਸਨ ਸਮੇਤ ਵੱਖ-ਵੱਖ ਸੰਸਥਾਵਾਂ ਨੇ ਸਮਰਥਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਮੈਂਬਰਾਂ ਨੇ 'ਇਕ ਦੇਸ, ਇੱਕ ਚੋਣ' ਦੇ ਪ੍ਰਸਤਾਵ ਦਾ ਸਮਰਥਨ ਕਰਦਿਆਂ ਕਿਹਾ ਕਿ ਇਹ ਦੇਸ ਦੇ ਹਿੱਤ 'ਚ ਹੈ। ਸੂਤਰਾਂ ਮੁਤਾਬਕ ਕਾਂਗਰਸ ਦੇ ਇਕ ਮੈਂਬਰ ਨੇ ਕਿਹਾ ਕਿ ਇਹ ਵਿਚਾਰ ਸੰਵਿਧਾਨ ਦੇ ਮੂਲ ਢਾਂਚੇ ਦੇ ਖ਼ਿਲਾਫ ਹੈ, ਜਦਕਿ ਤ੍ਰਿਣਮੂਲ ਕਾਂਗਰਸ ਦੇ ਇਕ ਸੰਸਦ ਮੈਂਬਰ ਨੇ ਕਿਹਾ ਕਿ ਇਹ ਲੋਕਾਂ ਦੇ ਲੋਕਤੰਤਰੀ ਅਧਿਕਾਰਾਂ ਨੂੰ ਨਕਾਰਦਾ ਹੈ। ਭਾਜਪਾ ਦੇ



ਸੰਸਦ ਮੈਂਬਰ ਪੀਪੀ ਚੌਧਰੀ ਦੀ ਪ੍ਰਧਾਨਗੀ ਵਾਲੀ 39 ਮੈਂਬਰੀ ਸੰਯੁਕਤ ਸੰਸਦੀ ਕਮੇਟੀ 'ਚ ਕਾਂਗਰਸ ਤੋਂ ਪ੍ਰਿਯੰਕਾ ਗਾਂਧੀ ਵਾਡਰਾ, ਜਨਤਾ ਦਲ (ਯੂ) ਤੋਂ ਸੰਜੇ ਝਾਅ, ਸ਼ਿਵ ਸੈਨਾ ਤੋਂ ਸ਼੍ਰੀਕਾਂਤ ਸ਼ਿੰਦੇ, ਆਮ ਆਦਮੀ ਪਾਰਟੀ (ਆਪ) ਤੋਂ ਸੰਜੇ ਸਿੰਘ ਅਤੇ ਤ੍ਰਿਣਮੂਲ ਕਾਂਗਰਸ ਤੋਂ ਕਲਿਆਣ ਬੈਨਰਜੀ ਸਮੇਤ ਸਾਰੇ ਪ੍ਰਮੁੱਖ ਦਲਾਂ ਦੇ ਮੈਂਬਰ ਸ਼ਾਮਲ ਹੋਏ। ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੇ ਕਰਵਾਉਣ ਦੇ ਪ੍ਰਬੰਧ ਵਾਲੇ 'ਸੰਵਿਧਾਨ (129ਵਾਂ ਸੋਧ) ਬਿੱਲ, 2024' ਅਤੇ ਉਸ ਨਾਲ ਜੁੜੇ 'ਸੰਘ ਰਾਜ ਖੇਤਰ ਕਾਨੂੰਨ (ਸੋਧ) ਬਿੱਲ, 2024' 'ਤੇ ਵਿਚਾਰ ਲਈ ਸੰਸਦ ਦੀ 39 ਮੈਂਬਰੀ ਸੰਯੁਕਤ ਕਮੇਟੀ ਦਾ ਗਠਨ ਕੀਤਾ ਗਿਆ ਹੈ। ਕਮੇਟੀ ਦੇ 39 ਮੈਂਬਰਾਂ 'ਚ ਭਾਜਪਾ ਦੇ 16, ਕਾਂਗਰਸ ਦੇ 5, ਸਮਾਜਵਾਦੀ ਪਾਰਟੀ, ਤ੍ਰਿਣਮੂਲ ਕਾਂਗਰਸ ਅਤੇ ਦਰਮੁਕ ਦੇ 2-2, ਸ਼ਿਵ ਸੈਨਾ (ਉਬਾਠਾ), ਰਾਕਾਂਪਾ (ਐੱਸਪੀ), ਮਾਕਪਾ, ਆਮ ਆਦਮੀ ਪਾਰਟੀ, ਬੀਜੂ ਜਨਤਾ ਦਲ (ਬੀਜਦ) ਅਤੇ ਵਾਈਐੱਸਆਰ ਕਾਂਗਰਸ ਪਾਰਟੀ ਦੇ ਇਕ-ਇਕ ਮੈਂਬਰ ਸ਼ਾਮਲ ਹਨ। ਕਮੇਟੀ 'ਚ ਰਾਜਗ ਦੇ ਕੁੱਲ 22 ਮੈਂਬਰ ਹਨ, ਜਦੋਂ ਕਿ ਵਿਰੋਧੀ ਗਠਜੋੜ 'ਇੰਡੀਆ ਨੈਸ਼ਨਲ ਡੈਵਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਦੇ 10 ਮੈਂਬਰ ਹਨ। ਬੀਜਦ ਅਤੇ ਵਾਈਐੱਸਆਰ ਕਾਂਗਰਸ ਪਾਰਟੀ ਸੱਤਾਧਾਰੀ ਜਾਂ ਵਿਰੋਧੀ ਗਠਜੋੜ ਦੇ ਮੈਂਬਰ ਨਹੀਂ ਹਨ। ਕਮੇਟੀ ਨੂੰ ਬਜਟ ਸੈਸ਼ਨ ਦੇ ਅੰਤਿਮ ਹਫਤੇ ਦੇ ਪਹਿਲੇ ਦਿਨ ਤੱਕ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ। ਇਨ੍ਹਾਂ ਬਿੱਲਾਂ ਨੂੰ ਪਿਛਲੇ ਸਾਲ 17 ਦਸੰਬਰ ਨੂੰ ਲੋਕ ਸਭਾ 'ਚ ਪੇਸ਼ ਕੀਤਾ ਗਿਆ ਸੀ।

# ਅਰਜਨਟੀਨਾ ਤੋਂ ਪੰਜ ਲਿਥੀਅਮ ਬਲਾਕ ਹਾਸਲ ਕਰਨ ਦੀ ਯੋਜਨਾ ਬਣਾ ਰਿਹਾ 'ਭਾਰਤ'

ਨਵੀਂ ਦਿੱਲੀ 8 ਜਨਵਰੀ। ਸਰਕਾਰ ਮਿਨਰਲ ਵਿਦੇਸ ਇੰਡੀਆ ਲਿਮਟਿਡ (ਕਾਬਿਲ) ਦੁਆਰਾ ਖੋਜ ਲਈ ਅਰਜਨਟੀਨਾ ਦੇ ਕੈਟਾਮਾਰਕਾ ਸੂਬੇ ਵਿੱਚ



ਪਛਾਣੇ ਗਏ ਪੰਜ ਲਿਥੀਅਮ ਬਲਾਕਾਂ ਲਈ ਅਰਜਨਟੀਨਾ ਦੀ ਸਰਕਾਰ ਨਾਲ ਇੱਕ ਖੋਜ ਅਤੇ ਵਿਕਾਸ ਸਮਝੌਤਾ ਕਰਨ ਦੀ ਯੋਜਨਾ ਬਣਾ ਰਹੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕੇਂਦਰ ਇਨ੍ਹਾਂ ਖਾਣਾਂ ਦੀ ਖੋਜ ਅਤੇ ਵਿਕਾਸ ਲਈ ਪੰਜ ਸਾਲਾਂ ਦੌਰਾਨ ਲਗਭਗ 200 ਕਰੋੜ ਰੁਪਏ ਦਾ ਨਿਵੇਸ ਕਰਨ ਦੀ ਤਿਆਰੀ ਵਿੱਚ ਹੈ। ਆਸਟ੍ਰੇਲੀਆ ਤੋਂ ਬਾਅਦ ਮਹੱਤਵਪੂਰਨ ਖਣਿਜਾਂ ਦੀ ਖਰੀਦ ਲਈ ਵਿਦੇਸੀ ਭਾਈਵਾਲੀ 'ਤੇ ਦਸਤਖਤ ਕਰਨ ਦੀ ਭਾਰਤ ਦੀ ਇਹ ਦੂਜੀ ਕੋਸ਼ਿਸ਼ ਹੈ। ਭਾਰਤ ਨੇ 2022 ਵਿੱਚ ਦੋ ਲਿਥੀਅਮ ਅਤੇ ਤਿੰਨ ਕੋਬਾਲਟ ਸਮੇਤ ਪੰਜ ਬਲਾਕਾਂ ਦੀ ਖੋਜ ਕਰਨ ਲਈ ਆਸਟਰੇਲੀਆ ਦੇ ਕ੍ਰਿਟੀਕਲ ਮਿਨਰਲ ਫੈਸਿਲੀਟੇਸਨ ਆਫਿਸ (ਸੀਐੱਮਐੱਫਓ) ਨਾਲ ਇੱਕ ਸਮਝੌਤਾ ਕੀਤਾ ਸੀ। ਨਵੇਂ ਸਮਝੌਤੇ 'ਤੇ ਭਾਰਤ ਦੀ ਸੰਯੁਕਤ ਉੱਦਮ ਕੰਪਨੀ ਕਾਬਿਲ ਅਤੇ ਕੈਟਾਮਾਰਕਾ ਮਿਨੇਰਾ ਵਾਈ ਐਨਰਗੇਟਿਕਾ ਸੋਸੀਡੇਡ ਡੇਲ ਐਸਟਾਡੋ (ਸੀਐੱਮਵਾਈਐੱਨ) ਦੁਆਰਾ ਹਸਤਾਖਰ ਕੀਤੇ ਜਾਣਗੇ। ਦੱਸ ਦੇਈਏ ਕਿ ਕਾਬਿਲ ਇੱਕ ਕੰਪਨੀ ਹੈ, ਜੋ ਭਾਰਤ ਨੂੰ ਸਪਲਾਈ ਕਰਨ ਲਈ ਵਿਦੇਸਾਂ ਵਿੱਚ ਰਣਨੀਤਕ ਖਣਿਜਾਂ ਦੀ ਪਛਾਣ, ਪ੍ਰਾਪਤੀ, ਵਿਕਾਸ, ਪ੍ਰੋਸੈਸਿੰਗ ਅਤੇ ਵਪਾਰਕ ਸੋਸਣ 'ਤੇ ਕੇਂਦਰਿਤ ਹੈ। ਅਰਜਨਟੀਨਾ ਦੇ ਕੈਟਾਮਾਰਕਾ ਸੂਬੇ ਵਿੱਚ ਇੱਕ ਸਰਕਾਰੀ ਮਾਲਕੀ ਵਾਲੀ ਮਾਈਨਿੰਗ ਅਤੇ ਊਰਜਾ ਕੰਪਨੀ ਹੈ। ਸੰਯੁਕਤ ਰਾਸਟਰ ਭੂ-ਵਿਗਿਆਨਕ ਸਰਵੇਖਣ () ਲਿਥੀਅਮ ਸਟੈਟਿਸਟਿਕਸ ਐਂਡ ਇਨਫਰਮੇਸਨ 2023 ਦੀ ਰਿਪੋਰਟ ਅਨੁਸਾਰ ਦੁਨੀਆ ਦੇ 9.8 ਕਰੋੜ ਟਨ ਲਿਥੀਅਮ ਭੰਡਾਰ ਦਾ 21 ਫੀਸਦੀ ਹਿੱਸਾ ਅਰਜਨਟੀਨਾ ਕੋਲ ਮੌਜੂਦ ਹੈ। ਇਸ ਲਿਹਾਜ ਨਾਲ ਉਹ ਬੋਲੀਵੀਆ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਇਹ ਭੰਡਾਰ ਮੁੱਖ ਤੌਰ 'ਤੇ ਕੈਟਾਮਾਰਕਾ, ਸਾਲਟਾ ਅਤੇ ਜੁਜੂਏ ਪ੍ਰਾਂਤਾਂ ਵਿੱਚ ਨਮਕ ਫਲੈਟਾਂ ਵਿੱਚ ਕੇਂਦਰਿਤ ਹਨ। ਇਹ ਸੂਬੇ ਲਿਥੀਅਮ ਤਿਕੋਣ ਦਾ ਹਿੱਸਾ ਹਨ। ਸਰਕਾਰੀ ਅਨੁਮਾਨ ਦੇ ਅਨੁਸਾਰ ਜੰਮੂ-ਕਸ਼ਮੀਰ ਬਲਾਕ ਵਿੱਚ ਕਰੀਬ 59 ਲੱਖ ਟਨ ਲਿਥੀਅਮ ਭੰਡਾਰ ਮੌਜੂਦ ਹੈ। ਨੀਲਾਮੀ ਦਸਤਾਵੇਜਾਂ ਵਿੱਚ ਛੱਤੀਸਗੜ੍ਹ ਬਲਾਕਾਂ ਲਈ ਖਣਿਜ ਦੀ ਮਾਤਰਾ ਦਾ ਜ਼ਿਕਰ ਨਹੀਂ ਹੈ। ਭਾਰਤ ਫਿਲਹਾਲ ਆਪਣੀ ਲਿਥੀਅਮ ਮੰਗ ਨੂੰ ਪੂਰੀ ਤਰ੍ਹਾਂ ਆਯਾਤ ਦੇ ਜਰੀਏ ਪੂਰਾ ਕਰਦਾ ਹੈ। ਵਣਜ ਅਤੇ ਉਦਯੋਗ ਮੰਤਰਾਲੇ ਦੇ ਅੰਕੜਿਆ ਅਨੁਸਾਰ ਵਿੱਤੀ ਸਾਲ 2013 ਵਿੱਚ ਭਾਰਤ ਦਾ ਲਿਥੀਅਮ ਆਯਾਤ ਕਰੀਬ 3 ਅਰਬ ਡਾਲਰ ਯਾਨੀ ਕਰੀਬ 24900 ਕਰੋੜ ਰੁਪਏ ਸੀ। ਇਹ ਸਾਲ 2022 ਦੇ ਮੁਕਾਬਲੇ ਕਰੀਬ 58 ਫੀਸਦੀ ਜ਼ਿਆਦਾ ਹੈ।

## ਸ਼ਹੀਦੀ ਜੋੜ ਮੇਲ 'ਚ ਮੱਥਾ ਟੇਕਣ ਜਾ ਰਹੀ ਸੰਗਤ ਨਾਲ ਵਾਪਰਿਆ ਹਾਦਸਾ

ਬਾਰਨ/ਪਟਿਆਲਾ 8 ਜਨਵਰੀ। ਸੰਘਣੀ ਧੁੰਦ ਨੇ ਆਮ ਜਨ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਪਟਿਆਲਾ 'ਚ ਧੁੰਦ ਕਾਰਨ ਕਈ ਸੜਕੀ ਹਾਦਸੇ ਵਾਪਰੇ। ਦੇਰ ਰਾਤ ਸਰਹਿੰਦ ਪਟਿਆਲਾ ਰੋਡ ਪਿੰਡ ਬਾਰਨ ਨੇੜੇ ਸ਼ਰਧਾਲੂਆਂ ਨਾਲ ਭਰੀ ਟਰੈਕਟਰ-ਟਰਾਲੀ 'ਤੇ ਟਰੱਕ ਪਲਟ ਗਿਆ ਜਿਸ ਕਾਰਨ ਟਰੈਕਟਰ-ਟਰਾਲੀ ਬੁਰੀ ਤਰ੍ਹਾਂ ਨੁਕਸਾਨੀ ਗਈ। ਇਹ ਹਾਦਸਾ ਧੁੰਦ ਕਾਰਨ ਵਾਪਰਿਆ ਦੱਸਿਆ ਜਾ ਰਿਹਾ ਹੈ। ਚੰਗੀ ਗੱਲ ਇਹ ਰਹੀ ਕਿ ਟਰੈਕਟਰ-ਟਰਾਲੀ 'ਤੇ ਸਵਾਰ ਲੋਕਾਂ ਨੂੰ ਜ਼ਿਆਦਾ ਸੱਟਾਂ ਨਹੀਂ ਲੱਗੀਆਂ ਅਤੇ ਬਚਾਅ ਹੋ ਗਿਆ। ਹਾਦਸੇ ਵਾਲੀ ਥਾਂ 'ਤੇ ਤੁਰੰਤ ਪੁਲਸ ਪਾਰਟੀ ਪਹੁੰਚ ਗਈ। ਇਸੇ ਤਰ੍ਹਾਂ ਅੱਜ ਪਈ ਸੰਘਣੀ ਧੁੰਦ 'ਚ ਸ਼ਹਿਰ ਦੇ ਦੱਖਣੀ ਬਾਈਪਾਸ 'ਤੇ ਡਕਾਲਾ ਚੌਕ ਕੋਲ ਸੜਕ ਦੀ ਮੁਰੰਮਤ ਲਈ ਮਿੱਟੀ ਦਾ ਢੇਰ ਬਣਾ ਕੇ ਡਾਈਵਰਟ ਕੀਤੀ ਗਈ ਟ੍ਰੈਫਿਕ ਕਾਰਨ ਇਕ ਦਰਜਨ ਗੱਡੀਆਂ ਬੁਰੀ ਤਰ੍ਹਾਂ ਹਾਦਸਾਗ੍ਰਸਤ ਹੋ ਗਈਆਂ, ਜਿਸ 'ਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਅੱਜ ਵਿਜੀਬਿਲਟੀ 5 ਤੋਂ 7 ਫੁੱਟ ਤੱਕ ਹੋਣ ਕਾਰਨ ਵਾਹਨ ਚਾਲਕਾਂ ਨੂੰ ਰੋਡ ਡਾਈਵਰਟ ਕਰਨ ਲਈ ਲਗਾਏ ਗਏ ਮਿੱਟੀ ਦਾ ਢੇਰ ਦਾ ਪਤਾ ਨਹੀਂ ਲੱਗ ਸਕਿਆ ਅਤੇ ਗੱਡੀਆਂ ਸਿੱਧੀਆਂ ਢੇਰ ਨੂੰ ਪਾਰ ਕਰ ਕੇ ਹਾਦਸੇ ਦਾ ਸ਼ਿਕਾਰ ਹੋ ਗਈਆਂ।

## ਕੜਾਕੇ ਦੀ ਠੰਡ ਕਾਰਨ ਕੰਮਕਾਜ ਹੋਏ ਠੱਪ

ਸ਼ੇਰਪੁਰ 8 ਜਨਵਰੀ। ਨਵੇਂ ਸਾਲ ਦੇ ਆਗਾਜ਼ ਨਾਲ ਹੀ ਠੰਢ ਨੇ ਜੋਰ ਫੜ ਲਿਆ ਹੈ। ਇਸੇ ਦੌਰਾਨ ਠੰਢ ਨੇ ਰੋਜ਼ਮਰਾ ਦੀ ਜ਼ਿੰਦਗੀ ਨੂੰ ਬਰੇਕ ਲਾ ਦਿੱਤੀ ਹੈ। ਨਿੱਤ ਦਿਨ ਕੰਮ ਧੰਦਾ ਕਰਕੇ ਦੋ ਡੰਗ ਦੀ ਰੋਟੀ ਦਾ ਵਸੀਲਾ ਕਰਨ ਵਾਲੇ ਲੋਕਾਂ ਲਈ ਇਹ ਠੰਢ ਵੱਡੀ ਮੁਸੀਬਤ ਬਣਨ ਲੱਗੀ ਹੈ। ਠੰਡ ਕਾਰਨ ਕੰਮਕਾਜ ਠੱਪ ਹੋ ਕੇ ਰਹਿ ਗਏ ਹਨ, ਜਿਸ ਕਾਰਨ ਦਿਹਾੜੀਦਾਰ ਮਜ਼ਦੂਰਾਂ ਲਈ ਨਵੀਂ ਬਿਪਤਾ ਪੈਦਾ ਹੋ ਗਈ ਹੈ। ਉਹ ਸਾਰਾ-ਸਾਰਾ ਦਿਨ ਕੰਮ ਦੀ ਭਾਲ 'ਚ ਸ਼ਹਿਰ ਦੇ ਵੱਖ-ਵੱਖ ਟਿਕਾਣਿਆਂ 'ਤੇ ਠੰਢ ਦੀ ਮਾਰ ਝਲਦਿਆਂ ਵਾਪਸ ਘਰਾਂ ਨੂੰ ਪਰਤ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਦੇ ਚੁੱਲ੍ਹੇ ਠੰਢੇ ਹੋ ਰਹੇ ਹਨ। ਉੱਧਰ, ਬਾਜ਼ਾਰਾਂ 'ਚ ਰੌਣਕਾਂ ਗਾਇਬ ਹੋ ਗਈਆਂ ਹਨ ਜਿਸ ਕਾਰਨ ਦੁਕਾਨਦਾਰਾਂ ਦਾ ਕੰਮਕਾਜ ਵੀ ਪ੍ਰਭਾਵਿਤ ਹੋ ਰਿਹਾ ਹੈ।



ਸਬਜ਼ੀ ਤੇ ਫਲਾਂ ਦੀਆਂ ਦੁਕਾਨਾਂ ਤੇ ਰੇਹੜੀਆਂ 'ਤੇ ਆਮ ਨਾਲੋਂ ਗਾਹਕਾਂ ਦੀ ਗਿਣਤੀ ਘੱਟ ਗਈ ਹੈ। ਮੌਸਮ ਮਾਹਿਰਾਂ ਦਾ ਅਨੁਮਾਨ ਹੈ ਕਿ ਆਗਾਮੀ 3-4 ਦਿਨਾਂ 'ਚ ਮੌਸਮ ਖੁਸ਼ਕ ਰਹੇਗਾ ਪਰ ਠੰਢ ਬਰਕਰਾਰ ਰਹੇਗੀ। ਇਨ੍ਹਾਂ ਦਿਨਾਂ 'ਚ ਵੱਧ ਤੋਂ ਵੱਧ ਤਾਪਮਾਨ 14 ਤੋਂ 18 ਅਤੇ ਘੱਟੋ-ਘੱਟ 6 ਤੋਂ 9 ਡਿਗਰੀ ਸੈਲਸੀਅਸ ਦੇ ਵਿਚਕਾਰ ਰਹੇਗਾ। ਹਵਾ 'ਚ ਨਮੀ ਦੀ ਮਾਤਰਾ 83 ਤੋਂ 85 ਫੀਸਦੀ ਰਹਿਣ ਦੇ ਆਸਾਰ ਹਨ ਜਦਕਿ ਹਵਾ ਦੀ ਰਫਤਾਰ 5 ਤੋਂ 11 ਕਿਲੋਮੀਟਰ ਪ੍ਰਤੀ ਘੰਟਾ ਰਹਿਣ ਦਾ ਅਨੁਮਾਨ ਹੈ।

## ਚੰਡੀਗੜ੍ਹ ਦੇ ਨਾਮੀ ਸਕੂਲ ਦੀ ਮਾਨਤਾ ਰੱਦ ! ਨਵੇਂ ਦਾਖਲਿਆਂ 'ਤੇ ਲਾਈ ਗਈ ਰੋਕ

ਚੰਡੀਗੜ੍ਹ 8 ਜਨਵਰੀ। ਇੱਥੇ ਸੈਕਟਰ-38 ਸਥਿਤ ਵਿਵੇਕ ਹਾਈ ਸਕੂਲ ਦੀ ਮਾਨਤਾ 2024-25 ਵਿੱਦਿਅਕ ਸੈਸ਼ਨ ਦੌਰਾਨ ਰੱਦ ਕੀਤੀ ਜਾ ਸਕਦੀ ਹੈ। ਜੇਕਰ ਸਕੂਲ ਆਰ. ਟੀ. ਈ. 2009 ਤਹਿਤ ਇਕੋਨਾਮੀਕਲੀ ਵੀਕਰ ਸੈਕਸ਼ਨ (ਈ. ਡਬਲਿਊ. ਐੱਸ.) ਅਤੇ ਡਿਸਐਡਵਾਂਟੇਜ ਗਰੁੱਪ (ਡੀ. ਜੀ.) ਵਰਗ ਦੇ ਬੱਚਿਆਂ ਨੂੰ ਦਾਖਲਾ ਨਹੀਂ ਦਿੰਦਾ ਤਾਂ ਚੰਡੀਗੜ੍ਹ ਸਿੱਖਿਆ ਵਿਭਾਗ ਵਲੋਂ ਉਸ ਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ। ਡਾਇਰੈਕਟਰ ਸਕੂਲ ਸਿੱਖਿਆ ਹਰਸੁਹਿੰਦਰ ਪਾਲ ਸਿੰਘ ਬਰਾੜ ਵਲੋਂ ਜਾਰੀ ਹੁਕਮਾਂ 'ਚ ਕਿਹਾ ਗਿਆ ਹੈ ਕਿ ਵਿਭਾਗ ਵਲੋਂ 1 ਅਪ੍ਰੈਲ, 2024 ਤੋਂ ਸੀ. ਬੀ. ਐੱਸ. ਈ. ਮਾਨਤਾ ਲਈ ਆਪਣੀ ਸਿਫਾਰਿਸ਼ ਵਾਪਸ ਲੈ ਲਵੇਗਾ। ਸਿੱਖਿਆ ਵਿਭਾਗ ਵਲੋਂ ਜਾਰੀ ਹੁਕਮਾਂ 'ਚ ਕਿਹਾ ਗਿਆ ਹੈ ਕਿ ਸਕੂਲ 'ਚ ਮੌਜੂਦਾ ਸਮੇਂ 'ਚ ਪੜ੍ਹ ਰਹੇ ਬੱਚਿਆਂ ਦੇ ਭਵਿੱਖ ਨੂੰ ਧਿਆਨ 'ਚ ਰੱਖਦਿਆਂ ਸੈਸ਼ਨ 2023-24 'ਚ ਹੋਣ ਵਾਲੀ ਬੋਰਡ ਪ੍ਰੀਖਿਆ 'ਚ ਬੈਠਣ ਅਤੇ ਸੈਸ਼ਨ ਪੂਰਾ ਕਰਨ ਦੀ ਇਜਾਜਤ ਦਿੱਤੀ ਜਾਵੇਗੀ। ਅਕਾਦਮਿਕ ਸੈਸ਼ਨ 2024-25 'ਚ ਮਾਪਿਆਂ ਦੀ ਇਜਾਜਤ ਨਾਲ ਬੱਚਿਆਂ ਨੂੰ ਸ਼ਹਿਰ ਦੇ ਸਰਕਾਰੀ ਸਕੂਲਾਂ 'ਚ ਸ਼ਿਫਟ ਕੀਤਾ ਜਾਵੇਗਾ। ਸਕੂਲ ਪ੍ਰਬੰਧਕਾਂ ਨੂੰ ਕਿਹਾ ਗਿਆ ਹੈ ਕਿ ਸਕੂਲ ਨੂੰ 6 ਦਸੰਬਰ, 2023 ਨੂੰ ਵਿੱਦਿਅਕ ਸੈਸ਼ਨ 2024-25 'ਚ ਦਾਖਲੇ ਲਈ ਦਿੱਤੀ ਗਈ ਇਜਾਜਤ ਵੀ ਵਾਪਸ ਲੈ ਲਈ ਜਾਂਦੀ ਹੈ ਅਤੇ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਜੇਕਰ ਸਕੂਲ ਨੇ ਕੋਈ ਦਾਖਲਾ ਫਾਰਮ ਜਾਂ ਫ਼ੀਸ ਲਈ ਹੈ ਤਾਂ ਤੁਰੰਤ ਵਾਪਸ ਕੀਤੀ ਜਾਵੇ। ਸਕੂਲ 2024-25 'ਚ ਈ. ਡਬਲਿਊ. ਐੱਸ./ ਡੀ. ਜੀ. ਸ਼੍ਰੇਣੀ 'ਚ ਆਰ. ਟੀ. ਈ. ਐਕਟ 2009 ਅਤੇ 1996 ਲੈਂਡ ਅਲਾਟਮੈਂਟ ਸਕੀਮ ਤਹਿਤ ਐਂਟਰੀ ਲੈਵਲ ਕਲਾਸ ਪ੍ਰੀ-ਪ੍ਰਾਇਮਰੀ 1 'ਚ ਦਾਖਲਾ ਦੇਣ ਲਈ ਤਿਆਰ ਹੋ ਜਾਂਦਾ ਹੈ। ਚੰਡੀਗੜ੍ਹ ਸਿੱਖਿਆ ਵਿਭਾਗ ਵਲੋਂ 9 ਜਨਵਰੀ ਸ਼ਾਮ 5 ਵਜੇ ਤੱਕ ਈ. ਡਬਲਿਊ. ਐੱਸ./ਡੀ. ਜੀ. ਸੈਂਟ੍ਰਲਾਈਜ਼ਡ ਆਨਲਾਈਨ ਦਾਖਲਾ ਪੋਰਟਲ 2024-25 'ਤੇ ਆਨ-ਬੋਰਡ ਆ ਜਾਣ ਦੀ ਅੰਡਰਟੇਕਿੰਗ ਦਿੰਦਾ ਹੈ ਤਾਂ ਇਸ ਹੁਕਮ ਨੂੰ ਰੱਦ ਮੰਨ ਲਿਆ ਜਾਵੇਗਾ। ਸਿੱਖਿਆ ਵਿਭਾਗ ਵਲੋਂ ਆਰ. ਟੀ. ਈ. ਐਕਟ 2009 ਤਹਿਤ ਰੈਕੋਗਨੇਸ਼ਨ ਲਈ ਸਕੂਲ ਦੀ ਮਾਨਤਾ 'ਤੇ ਮੁੜ ਵਿਚਾਰ ਕੀਤਾ ਜਾਵੇਗਾ। ਇਸ ਬਾਰੇ ਸਕੂਲ ਦੇ ਨਿਰਦੇਸ਼ਕ ਐੱਚ. ਐੱਸ. ਮਮਿਕ ਦਾ ਕਹਿਣਾ ਹੈ ਕਿ ਮਾਮਲਾ ਪਹਿਲਾਂ ਤੋਂ ਹੀ ਅਦਾਲਤ 'ਚ ਵਿਚਾਰ ਅਧੀਨ ਹੈ। ਚੰਡੀਗੜ੍ਹ ਸਿੱਖਿਆ ਵਿਭਾਗ ਈ. ਡਬਲਿਊ. ਐੱਸ. ਅਤੇ ਡੀ. ਜੀ. ਕੈਟਾਗਰੀ ਦੀ ਫ਼ੀਸ ਸਮੇਂ ਸਿਰ ਦੇਣ 'ਤੇ ਅਸੀਂ ਦਾਖਲਾ ਦੇਣ ਲਈ ਤਿਆਰ ਹਾਂ।

## ਭਾਰਤ ਦੀ ਹਿੱਸੇਦਾਰੀ ਵਧਾਉਣ ਲਈ ਤਿਆਰ ਕੀਤੀ ਜਾਵੇਗੀ ਗਲੋਬਲ ਵੈਲਿਊ ਚੇਨ ਰਣਨੀਤੀ

ਬਿਜਨਸ ਡੈਸਕ 8 ਜਨਵਰੀ। ਨੀਤੀ ਆਯੋਗ ਗਲੋਬਲ ਵੈਲਯੂ ਸਪਲਾਈ (ਜੀਵੀਸੀ) ਵਿੱਚ ਭਾਰਤ ਦੀ ਮੌਜੂਦਗੀ ਸਥਾਪਤ ਕਰਨ ਅਤੇ ਗਲੋਬਲ ਨਿਰਮਾਣ ਵਿੱਚ ਹਿੱਸੇਦਾਰੀ ਵਧਾਉਣ ਲਈ ਇੱਕ ਰਣਨੀਤੀ ਤਿਆਰ ਕਰ ਰਿਹਾ ਹੈ। ਇਸ ਲਈ ਉਸ ਨੇ ਦੋ ਤਰਜੀਹੀ ਖੇਤਰਾਂ, ਵਾਹਨਾਂ ਅਤੇ ਇਲੈਕਟ੍ਰੋਨਿਕਸ ਦੀ



ਪਛਾਣ ਕੀਤੀ ਹੈ, ਜੋ ਇਸ ਅਨੁਸਾਰ ਨਾ ਸਿਰਫ ਪ੍ਰਭਾਵੀ ਖੇਤਰ ਹਨ, ਸਗੋਂ ਭਾਰਤ ਵੀ ਇਨ੍ਹਾਂ ਵਿੱਚ ਡੂੰਘੀ ਪਕੜ ਬਣਾ ਸਕਦਾ ਹੈ। ਅੰਤਰਰਾਸਟਰੀ ਉਤਪਾਦਨ ਭਾਈਵਾਲੀ ਹੈ, ਜਿਸ ਵਿੱਚ ਕਿਸੇ ਉਤਪਾਦ ਦੇ ਵਿਚਾਰ ਨੂੰ ਲੈ ਕੇ ਅੰਤਮ ਉਤਪਾਦਨ ਤੱਕ ਦੀਆਂ ਗਤੀਵਿਧੀਆਂ ਨੂੰ ਕਈ ਕੰਪਨੀਆਂ ਵਿੱਚ ਵੰਡਿਆ ਜਾਂਦਾ ਹੈ ਅਤੇ ਕਈ ਦੇਸਾਂ ਵਿੱਚ ਕਾਮਗਾਰ ਇਨ੍ਹਾਂ ਨੂੰ ਅਜਾਮ ਦਿੰਦੇ ਹਨ (ਜਿਵੇਂ . ਦੇ ਬਣਦੇ ਹਨ। ਆਰਗੇਨਾਈਜੇਸਨ ਫਾਰ ਇਕਨਾਮਿਕ ਕੋ-ਆਪ੍ਰੇਸਨ ਐਂਡ ਡਿਵੈਲਪਮੈਂਟ (ਓਈਸੀਡੀ) ਦੇ ਅਨੁਸਾਰ 70 ਫੀਸਦੀ ਗਲੋਬਲ ਵਪਾਰ ਜੀਵੀਸੀ ਦੁਆਰਾ ਜੁੜਿਆ ਹੋਇਆ ਹੈ। ਜੀਵੀਸੀ ਕਾਰਨ ਦੇਸਾਂ ਅਤੇ ਉਨ੍ਹਾਂ ਦੀਆਂ ਕੰਪਨੀਆਂ ਨੂੰ ਆਪਣੇ ਫਾਇਦਿਆਂ ਦੀ ਵਰਤੋਂ ਕਰਨ ਅਤੇ ਮੁੱਲ ਲੜੀ ਦੇ ਖਾਸ ਖੇਤਰਾਂ ਵਿੱਚ ਮੁਹਾਰਤ ਹਾਸਲ ਕਰਨ ਦੀ ਇਜਾਜਤ ਦਿੰਦੇ ਹਨ ਪਰ ਏਸੀਅਨ ਵਿਕਾਸ ਬੈਂਕ (ਏਡੀਬੀ) ਅਨੁਸਾਰ, ਗਲੋਬਲ ਜੀਵੀਸੀ ਨਿਰਯਾਤ ਵਿੱਚ ਭਾਰਤ ਦੀ ਹਿੱਸੇਦਾਰੀ ਸਿਰਫ 1.5 ਫੀਸਦੀ ਹੈ। ਕੁਝ ਦਿਨ ਪਹਿਲਾਂ ਹਿੱਸੇਦਾਰਾਂ (ਕੰਪਨੀਆਂ, ਸੀਆਈਆਈ ਅਤੇ ਹੋਰ ਉਦਯੋਗ ਸੰਸਥਾਵਾਂ ਅਤੇ ਰਾਜ ਸਰਕਾਰਾਂ) ਨਾਲ ਹੋਈ ਇੱਕ ਵਰਕਸਾਪ ਲਈ ਤਿਆਰ ਇੱਕ ਸੰਕਲਪ ਨੋਟ ਵਿੱਚ ਨੀਤੀ ਆਯੋਗ ਨੇ ਵਾਹਨਾਂ ਦੀ ਗਲੋਬਲ ਵੈਲਿਊ ਚੇਨ ਵਿੱਚ ਭਾਰਤ ਦੀ ਹਿੱਸੇਦਾਰੀ ਨੂੰ ਵਧਾਉਣ ਲਈ ਚਾਰ ਪੁਆਇੰਟ ਵਾਲੀ ਰਣਨੀਤੀ ਤਿਆਰ ਕੀਤੀ ਹੈ। ਆਯੋਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਾਹਨ ਕੰਪੋਨੈਂਟਸ ਦੀ ਗਲੋਬਲ ਵੈਲਿਊ ਚੇਨ ਲਗਭਗ 700 ਅਰਬ ਡਾਲਰ ਦੀ ਹੈ, ਜਿਸ ਵਿੱਚ 20 ਅਰਬ ਡਾਲਰ ਨਾਲ ਭਾਰਤ ਦੀ ਹਿੱਸੇਦਾਰੀ ਕਰੀਬ 3 ਫੀਸਦੀ ਹੈ। 650 ਅਰਬ ਡਾਲਰ ਦੀ ਪੈਟਰੋਲ-ਡੀਜਲ ਇੰਜਣ ਵਿੱਚ ਵੀ ਭਾਰਤ ਦਾ ਕਰੀਬ 3 ਫੀਸਦੀ ਹਿੱਸਾ ਹੈ, ਜਿਸ ਵਿੱਚ ਜ਼ਿਆਦਾਤਰ ਡ੍ਰਾਈਵ ਟ੍ਰਾਂਸਮਿਸਨ ਅਤੇ ਸਟੀਅਰਿੰਗ ਇੰਜਣ ਦੇ ਹਿੱਸੇ ਨਿਰਯਾਤ ਕੀਤੇ ਜਾਂਦੇ ਹਨ। ਪਰ ਇਲੈਕਟ੍ਰਿਕ ਵਾਹਨਾਂ ਲਈ ਸੈੱਲਾਂ ਨੂੰ ਹਟਾਉਣ ਤੋਂ ਬਾਅਦ ਬਾਕੀ ਵਿਸਵ ਮੁੱਲ ਲੜੀ ਵਿੱਚ ਭਾਰਤ ਦਾ ਹਿੱਸਾ 1 ਫੀਸਦੀ ਤੋਂ ਘੱਟ ਹੈ। ਇਹ ਵੀ ਈ-ਮੋਟਰਾਂ ਦੇ ਨਿਰਯਾਤ ਤੱਕ ਸੀਮਿਤ ਹੈ। ਹਾਲਾਂਕਿ, ਟੀਅਰ 1 ਸਪਲਾਇਰਾਂ ਅਤੇ ਆਟੋਮੇਕਰਜ ਦੇ ਗਲੋਬਲ ਪੂਰਤੀ ਕੇਂਦਰਾਂ ਦੀ ਅਸੰਗਠਿਤ ਭਾਈਵਾਲੀ ਵਾਹਨ ਦੀ ਕੀਮਤ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਰਣਨੀਤੀ ਸਮਝਾਉਂਦੇ ਹੋਏ ਸੰਕਲਪ ਨੋਟ ਕਹਿੰਦਾ ਹੈ ਕਿ ਸਭ ਤੋਂ ਪਹਿਲਾਂ, ਸਾਰੀਆਂ ਪਾਰਟੀਆਂ ਨੂੰ ਸਹੀ ਸ੍ਰੇਣੀਆਂ ਅਤੇ ਉਪ-ਸ੍ਰੇਣੀਆਂ ਵਿੱਚ ਯੋਗਦਾਨ ਨੂੰ ਦੁੱਗਣਾ ਕਰਨ ਲਈ ਮਿਲ ਕੇ ਕੰਮ ਕਰਨ ਦੀ ਜਰੂਰਤ ਹੈ ਜਿੱਥੇ ਆਕਰਸਕ ਮੌਕੇ ਹਨ ਅਤੇ ਭਾਰਤ ਨੂੰ 'ਕੁਦਰਤੀ ਅਗਵਾਈ' ਮਿਲ ਸਕਦੀ ਹੈ। ਫਿਰ ਲਾਗਤਾਂ 'ਤੇ ਮੁਕਾਬਲਾ ਕਰਨ ਅਤੇ ਉੱਭਰ ਰਹੇ ਮੌਕਿਆਂ ਦਾ ਫਾਇਦਾ ਉਠਾਉਣ ਲਈ ਉਦਯੋਗ ਅਤੇ ਅਕਾਦਮਿਕ ਵਿਚਕਾਰ ਸਾਂਝੇਦਾਰੀ ਹੋਵੇਗੀ।

## ਨਵੇਂ ਸਾਲ 'ਤੇ ਪਤਨੀ ਕਤਲ ਕਰਨ ਮਗਰੋਂ ਸਾੜ'ਤੀ ਲਾਸ਼, ਫਿਰ ਥਾਣੇ ਪੁੱਜ ਲਾਪਤਾ ਹੋਣ ਦੀ ਦਰਜ ਕਰਵਾ ਦਿੱਤੀ ਰਿਪੋਰਟ

ਗਵਾਲੀਅਰ 8 ਜਨਵਰੀ। ਮੱਧ ਪ੍ਰਦੇਸ ਦੇ ਗਵਾਲੀਅਰ ਵਿਚ ਇਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਥਾਟੀਪੁਰ ਥਾਣਾ ਖੇਤਰ ਦੇ ਨਿਊ ਸੁਰੇਸ ਨਗਰ 'ਚ ਇਕ ਪਤੀ ਨੇ ਆਪਣੀ ਪਤਨੀ ਦਾ ਕਤਲ ਕਰ ਕੇ ਨਾ ਸਿਰਫ ਉਸ ਦੀ ਲਾਸ ਨੂੰ ਸਾੜ ਦਿੱਤਾ, ਸਗੋਂ ਅਸਥੀਆਂ ਵੀ ਚੰਬਲ ਨਦੀ 'ਚ ਪ੍ਰਵਾਹ ਕਰ ਦਿੱਤੀਆਂ। ਇਸ ਤੋਂ ਬਾਅਦ ਦੋਸੀ ਪਤੀ ਖੁਦ ਥਾਣੇ ਪਹੁੰਚਿਆ ਅਤੇ ਪਤਨੀ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕਰਵਾਈ। ਦਰਅਸਲ, ਬੀਤੀ 31 ਦਸੰਬਰ ਦੀ ਰਾਤ ਨੂੰ ਪਤੀ ਦੀਨੂ ਟੈਗੋਰ ਅਤੇ ਪਤਨੀ ਚੰਚਲ ਵਿਚਾਲੇ ਝਗੜਾ ਹੋ ਗਿਆ ਸੀ, ਜਿਸ ਤੋਂ ਬਾਅਦ ਦੀਨੂ ਨੇ ਗੁੱਸੇ 'ਚ ਆ ਕੇ ਪਤਨੀ ਦਾ ਕਤਲ ਕਰ ਦਿੱਤਾ ਸੀ। ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਉਸ ਨੇ ਲਾਸ ਨੂੰ ਸੁੱਟਣ ਦੀ ਸਾਜ਼ਿਸ਼ ਰਚੀ। ਦੀਨੂ ਨੇ ਐਂਬੂਲੈਂਸ ਕਿਰਾਏ 'ਤੇ ਲੈ ਕੇ ਆਪਣੀ ਪਤਨੀ ਦੀ ਲਾਸ ਨੂੰ ਮੋਰੇਨਾ ਲੈ ਜਾ ਕੇ ਸਾੜ ਦਿੱਤਾ। ਲਾਸ ਨੂੰ ਸਾੜਨ ਤੋਂ ਬਾਅਦ ਉਸ ਨੇ ਚੰਬਲ ਨਦੀ ਵਿਚ ਉਸ ਦੀਆਂ ਅਸਥੀਆਂ ਵੀ ਜਲ ਪ੍ਰਵਾਹ ਕਰ ਦਿੱਤੀਆਂ। ਇਸ ਦੌਰਾਨ ਦੀਨੂ ਨੇ ਆਪਣੇ ਰਿਸਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਨੂੰ ਝੂਠ ਬੋਲਿਆ ਅਤੇ ਦੱਸਿਆ ਕਿ ਉਸ ਦੀ ਪਤਨੀ ਕਿਤੇ ਲਾਪਤਾ ਹੋ ਗਈ ਹੈ। ਉਸ ਨੇ ਥਾਣਾ ਠੱਠੀਪੁਰ ਜਾ ਕੇ ਆਪਣੀ ਪਤਨੀ ਦੀ ਗੁੰਮਸੁਦਗੀ ਦੀ ਰਿਪੋਰਟ ਵੀ ਦਰਜ ਕਰਵਾਈ ਤਾਂ ਜੋ ਪੁਲਸ ਨੂੰ ਗੁੰਮਰਾਹ ਕੀਤਾ ਜਾ ਸਕੇ। ਹਾਲਾਂਕਿ ਇਸ ਪੂਰੇ ਮਾਮਲੇ 'ਤੇ ਰਿਸਤੇਦਾਰਾਂ ਨੂੰ ਸੱਕ ਹੋ ਗਿਆ ਅਤੇ ਉਨ੍ਹਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਦੋਸੀ ਪਤੀ ਨੂੰ ਹਿਰਾਸਤ 'ਚ ਲੈ ਲਿਆ।

## ਦਿਨ-ਚੜ੍ਹਦਿਆਂ ਹੀ ਦੋਹਰੇ ਕਤਲ ਨਾਲ ਕੰਬਿਆ ਪੰਜਾਬ

ਜਲੰਧਰ 8 ਜਨਵਰੀ। ਪੰਜਾਬ ਵਿਚ ਵੱਡੀ ਵਾਰਦਾਤ ਹੋਣ ਦੀ ਖਬਰ ਸਾਹਮਣੇ ਆਈ ਹੈ। ਜਲੰਧਰ ਵਿਚ ਦੋ ਨੌਜਵਾਨਾਂ ਨੂੰ ਗੋਲੀਆਂ ਨਾਲ ਮਾਰ ਕਤਲ ਕਰ ਦਿੱਤਾ ਗਿਆ। ਸੂਤਰਾਂ ਮੁਤਾਬਕ ਉਕਤ ਦੋਵੇਂ ਮ੍ਰਿਤਕ ਇਕ ਦੋਸਤ ਦੇ ਘਰ ਸੌਂ ਰਹੇ ਸਨ। ਇਸ ਦੌਰਾਨ ਦੋਸ਼ੀ ਆਇਆ ਅਤੇ ਸੌਂਦੇ ਹੋਏ ਨੌਜਵਾਨਾਂ ਨੂੰ ਗੋਲੀਆਂ ਮਾਰ ਦਿੱਤੀਆਂ। ਇਸ ਦੇ ਬਾਅਦ ਦੋਸ਼ੀ ਫਰਾਰ ਹੈ। ਰਾਮਾ ਮੰਡੀ ਥਾਣੇ ਦੀ ਪੁਲਸ ਜਾਂਚ ਲਈ ਘਟਨਾ ਸਥਾਨ 'ਤੇ ਪਹੁੰਚੀ ਹੋਈ ਹੈ। ਐੱਫ. ਸੀ. ਐੱਲ. ਟੀਮ ਵੀ ਮੌਕੇ 'ਤੇ ਆ ਕੇ ਘਟਨਾ ਨਾਲ ਜੁੜੇ ਸਬੂਤ ਇਕੱਠੇ ਕਰ ਰਹੀ ਹੈ। ਮ੍ਰਿਤਕਾਂ ਦੀ ਪਛਾਣ ਮੋਤਾ ਸਿੰਘ ਨਗਰ ਦੇ ਰਹਿਣ ਵਾਲੇ ਸ਼ਿਵ ਅਤੇ ਬਸਤੀ ਸ਼ੇਖ ਵਿਚ ਰਹਿਣ ਵਾਲੇ ਵਿਨੈ ਤਿਵਾਰੀ ਦੇ ਰੂਪ ਵਿਚ ਹੋਈ ਹੈ।

## 2 ਕਰੋੜ ਦਾ ਕਰਜ਼ਾ ਦਿਵਾਉਣ ਬਹਾਨੇ ਮਾਰੀ 1.31 ਲੱਖ ਦੀ ਠੱਗੀ, 4 ਖਿਲਾਫ ਪਰਚਾ ਦਰਜ

ਤਰਨਤਾਰਨ 8 ਜਨਵਰੀ। ਫੈਕਟਰੀ ਲਾਉਣ ਸਬੰਧੀ 2 ਕਰੋੜ ਰੁਪਏ ਦਾ ਲੋਨ ਪਾਸ ਕਰਵਾਉਣ ਦਾ ਝਾਂਸਾ ਦਿੰਦੇ ਹੋਏ ਇਕ ਔਰਤ ਨਾਲ 1 ਲੱਖ 31 ਹਜਾਰ 600 ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਂਚ ਕਰਨ ਉਪਰੰਤ ਥਾਣਾ ਸਾਈਬਰ ਕ੍ਰਾਈਮ ਦੀ ਪੁਲਸ ਵੱਲੋਂ 4 ਵਿਅਕਤੀਆਂ ਨੂੰ ਨਾਮਜਦ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸਤਵਿੰਦਰ ਕੌਰ ਪਤਨੀ ਬਲਦੇਵ ਸਿੰਘ ਵਾਸੀ ਇੰਡਸਟੀਰੀਅਲ ਫੋਕਲ ਪੁਆਇੰਟ ਤਰਨਤਾਰਨ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਵੱਲੋਂ ਫੋਕਲ ਪੁਆਇੰਟ ਵਿਖੇ ਐੱਲ. ਈ. ਡੀ. ਬੱਲਬ, ਟਿਊਬ ਲਾਈਟ ਅਤੇ ਸਟਰੀਟ ਲਾਈਟ ਆਦਿ ਬਣਾਉਣ ਦਾ ਯੂਨਿਟ ਲਾਉਣ ਸਬੰਧੀ ਤਿਆਰੀ ਕੀਤੀ ਜਾ ਰਹੀ ਸੀ। ਇਸ ਸਬੰਧੀ ਉਸ ਨੂੰ 2 ਕਰੋੜ ਰੁਪਏ ਦੇ ਕਰਜੇ ਦੀ ਲੋੜ ਸੀ। ਉਸ ਵੱਲੋਂ ਬਿਹਾਰ ਵੈੱਬਸਾਈਟ 'ਤੇ ਵੇਖਿਆ ਗਿਆ ਕਿ ਉਸ ਨੂੰ 5 ਕਰੋੜ ਰੁਪਏ ਤੱਕ ਦਾ ਕਰਜ਼ਾ ਘੱਟ ਦਰਾਂ 'ਤੇ ਮਿਲ ਰਿਹਾ ਹੈ, ਜਿਸ ਕਾਰਨ ਉਸ ਵੱਲੋਂ ਡਾ. ਜਤਿੰਦਰ




ਪਾਸਵਾਨ ਪੁੱਤਰ ਰਾਧੇ ਪਾਸਵਾਨ ਵਾਸੀ ਘੋਸ਼ਪੁਰ ਬਿਹਾਰ, ਰਜਨੀਸ਼ ਕੁਮਾਰ ਡਾਇਰੈਕਟਰ ਵਾਸੀ ਪਟਨਾ ਬਿਹਾਰ, ਸੁਸ਼ੀਲਾ ਹੈਮ ਰੋਮ ਡਾਇਰੈਕਟਰ ਵਾਸੀ ਪਟਨਾ ਬਿਹਾਰ ਅਤੇ ਮੁਹੰਮਦ ਰਾਜੀ ਮਾਲਮ ਅਸਿਸਟੈਂਟ ਜਨਰਲ ਮੈਨੇਜਰ ਵਾਸੀ ਪਟਨਾ ਬਿਹਾਰ ਨਾਲ ਸੰਪਰਕ ਕਰਦੇ ਹੋਏ 2 ਕਰੋੜ ਰੁਪਏ ਦੇ ਕਰਜ਼ੇ ਸਬੰਧੀ ਗੱਲਬਾਤ ਕੀਤੀ ਗਈ। ਇਸ ਦੌਰਾਨ ਉਕਤ ਮੁਲਜਮਾਂ ਵੱਲੋਂ ਉਸ ਨੂੰ ਪੂਰਾ ਵਿਸ਼ਵਾਸ ਦਿਵਾਇਆ ਗਿਆ ਕਿ ਤੁਹਾਨੂੰ 2 ਕਰੋੜ ਰੁਪਏ ਦਾ ਕਰਜ਼ਾ ਘੱਟ ਵਿਆਜ ਦਰਾਂ ਉੱਪਰ ਮਨਜ਼ੂਰ ਕਰਵਾ ਦਿੱਤਾ ਜਾਵੇਗਾ ਕਿਉਂਕਿ ਇਹ ਸੰਸਥਾ ਦਲਿਤ ਲੋਕਾਂ ਦੀ ਭਲਾਈ ਲਈ ਬਣਾਈ ਗਈ ਹੈ। ਇਸ ਦਿੱਤੇ ਗਏ ਝਾਂਸੇ ਦੌਰਾਨ ਉਸ ਵੱਲੋਂ 1 ਲੱਖ 31 ਹਜਾਰ 600 ਰੁਪਏ ਦੀ ਫੀਸ ਵਜੋਂ ਸਟੇਟ ਬੈਂਕ ਆਫ ਇੰਡੀਆ ਦੇ ਚੈੱਕ ਰਾਹੀਂ ਉਨ੍ਹਾਂ ਦੇ ਦਫਤਰ ਵਿਖੇ ਭੇਜ ਦਿੱਤੇ ਗਏ, ਜਿਸ ਤੋਂ ਬਾਅਦ ਉਸ ਦਾ ਕਰਜ਼ਾ ਮਨਜ਼ੂਰ ਨਹੀਂ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਾਈਬਰ ਕ੍ਰਾਈਮ ਤਰਨਤਾਰਨ ਦੇ ਮੁਖੀ ਇੰਸਪੈਕਟਰ ਉਪਕਾਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਨ ਉਪਰੰਤ ਉਕਤ ਚਾਰਾਂ ਮੁਲਜ਼ਮਾਂ ਖਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ।

## ਕੈਨੇਡਾ ਤੋਂ ਪਰਤ ਰਹੇ ਪੁੱਤ ਨੂੰ ਚਾਈਂ-ਚਾਈਂ ਉਡੀਕ ਰਿਹਾ ਸੀ ਪਰਿਵਾਰ

ਬਟਾਲਾ/ਡੇਰਾ ਬਾਬਾ ਨਾਨਕ 8 ਜਨਵਰੀ। ਡੇਰਾ ਬਾਬਾ ਨਾਨਕ ਦੇ ਨਜਦੀਕੀ ਪਿੰਡ ਮਸਰਾਲਾ ਵਿਖੇ ਉਸ ਸਮੇਂ ਮਾਤਮ ਛਾ ਗਿਆ, ਜਦ ਪਿੰਡ ਦੇ 24 ਸਾਲਾ ਨੌਜਵਾਨ ਦੀ ਕੈਨੇਡਾ 'ਚ ਦਿਮਾਗ ਦੀ ਨਾੜੀ ਫੱਟਣ ਨਾਲ ਮੌਤ ਹੋ ਗਈ। ਇਸ ਸਬੰਧੀ ਮ੍ਰਿਤਕ ਅਮਰਪਾਲ ਸਿੰਘ ਦੇ ਪਿਤਾ ਨਿਸ਼ਾਨ ਸਿੰਘ ਵਾਸੀ ਮਸਰਾਲਾ ਨੇ ਦੱਸਿਆ ਕਿ ਉਸ ਦਾ ਬੇਟਾ ਅਮਰਪਾਲ ਸਿੰਘ ਕੈਨੇਡਾ ਦੇ ਸ਼ਹਿਰ ਬਰੈਂਪਟਨ ਸਟੱਡੀ ਵੀਜੇ 'ਤੇ ਸੰਨ 2019 'ਚ ਗਿਆ ਸੀ ਅਤੇ ਕੁਝ ਮਹੀਨੇ ਪਹਿਲਾ ਸਤੰਬਰ 2023 'ਚ ਆਪਣੇ ਪਰਿਵਾਰ ਨੂੰ ਮਿਲਣ ਪਿੰਡ ਮਸਰਾਲਾ ਆਇਆ ਸੀ, ਕੁਝ ਸਮਾਂ ਰਹਿਣ ਤੋਂ ਬਾਅਦ ਵਾਪਸ ਕੈਨੇਡਾ ਚਲਾ ਗਿਆ ਸੀ। ਉਨ੍ਹਾਂ ਦੱਸਿਆ ਕਿ ਉਸ ਨੇ ਦੁਬਾਰਾ ਭਾਰਤ ਆਉਣ ਲਈ 26 ਦਸੰਬਰ ਦੀ ਟਿਕਟ ਬੁੱਕ ਕਰਵਾਈ ਪਰ ਬੀਤੇ ਦਿਨ 26 ਦਸੰਬਰ ਨੂੰ ਕਰੀਬ 1 ਵਜੇ ਦੁਪਹਿਰ ਘਰ 'ਚ ਹੀ ਅਚਾਨਕ ਉਸ ਨੂੰ ਦਿਮਾਗ ਦੀ ਨਾੜੀ ਫੱਟ ਗਈ ਤੇ ਉਸ ਦੇ ਕੰਨਾਂ 'ਚੋਂ ਖੂਨ ਨਿਕਲਣਾ ਸ਼ੁਰੂ ਹੋ ਗਿਆ। ਉਸ ਦੇ ਦੋਸਤਾ ਨੇ ਤੁਰੰਤ ਉਸ ਨੂੰ ਮੈਡੀਕਲ ਸਹੂਲਤ ਦੇਣ ਲਈ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ

## ਅੰਮ੍ਰਿਤਸਰ ਦੀ ਆਰਥਿਕ ਅਪਰਾਧ ਸਾਖਾ 'ਚ ਤਾਇਨਾਤ ਥਾਣੇਦਾਰ ਗ੍ਰਿਫਤਾਰ

ਚੰਡੀਗੜ੍ਹ 8 ਜਨਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਜਾਰੀ ਆਪਣੀ ਅਣਥੱਕ ਲੜਾਈ ਦੌਰਾਨ ਸੋਮਵਾਰ ਨੂੰ ਪੁਲਸ ਕਮਿਸਨਰੇਟ ਦਫਤਰ ਅੰਮ੍ਰਿਤਸਰ ਦੀ ਆਰਥਿਕ ਅਪਰਾਧ ਸਾਖਾ ਵਿਖੇ ਤਾਇਨਾਤ ਸਬ ਇੰਸਪੈਕਟਰ (ਐੱਸ.ਆਈ) ਕੁਲਵੰਤ ਸਿੰਘ (ਨੰਬਰ 700/ਅੰਮ੍ਰਿਤਸਰ ਸਿਟੀ) ਨੂੰ 50,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮ ਐੱਸਆਈ ਨੂੰ ਸੂਰਜ ਮਹਿਤਾ ਵਾਸੀ ਗੋਪਾਲ ਦਾਸ ਰੋਡ, ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੇ ਦੱਸਿਆ ਹੈ ਕਿ ਉਕਤ ਪੁਲਸ ਮੁਲਾਜਮ ਹਾਈਕੋਰਟ ਤੋਂ ਉਸਦੇ ਪਿਤਾ ਦੀ ਗ੍ਰਿਫਤਾਰੀ 'ਤੇ ਅੰਤਰਿਮ ਸਟੇਅ ਮਿਲਣ ਤੋਂ ਬਾਅਦ ਪੁਲਸ ਜਾਂਚ ਵਿਚ ਸਾਮਲ ਹੋਣ ਅਤੇ ਇਸ ਮੁਕੱਦਮੇ ਵਿਚ ਨਿਯਮਤ ਜਮਾਨਤ ਲੈਣ ਵਿਚ ਮੱਦਦ ਕਰਨ ਬਦਲੇ



50,000 ਰੁਪਏ ਦੀ ਰਿਸਵਤ ਮੰਗ ਰਿਹਾ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਦੱਸਿਆ ਕਿ ਉਕਤ ਥਾਣੇਦਾਰ ਉਸਦੇ ਪਿਤਾ ਵਲੋਂ ਉਨ੍ਹਾਂ ਦੀ ਸਾਂਝੀ ਫਰਮ ਵਿਚ ਭਾਈਵਾਲਾਂ ਵਿਰੁੱਧ ਦਰਜ ਕੀਤੇ ਇਕ ਵੱਖਰੇ ਕੇਸ ਵਿਚ ਮਦਦ ਦੇਣ ਦੇ ਨਾਮ ਹੇਠ ਪਹਿਲਾਂ ਇਕ ਲੱਖ ਰੁਪਏ ਦੀ ਰਿਸਵਤ ਲੈ ਚੁੱਕਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਅੰਮ੍ਰਿਤਸਰ ਰੇਂਜ ਤੋਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਐੱਸ. ਆਈ. ਕੁਲਵੰਤ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਸ਼ਿਕਾਇਤਕਰਤਾ ਤੋਂ 50,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

## ਛਾਪੇਮਾਰੀ ਦੀ ਸੂਚਨਾ ਮਿਲਣ 'ਤੇ ਜਲੰਧਰ, ਲੁਧਿਆਣਾ 'ਚ ਮਾਲ ਉਤਾਰ ਰਿਹਾ ਟੈਕਸ ਮਾਫੀਆ

ਅੰਮ੍ਰਿਤਸਰ 8 ਜਨਵਰੀ। ਸਾਲਾਂ ਤੋਂ ਟੈਕਸ ਚੋਰੀ, ਪਾਬੰਦੀਸੁਦਾ ਨਸ਼ੀਲੀਆਂ ਦਵਾਈਆਂ ਦੀ ਸਮੱਗਲਿੰਗ ਕਰਨ ਅਤੇ ਪਾਬੰਦੀਸੁਦਾ ਤੰਬਾਕੂ ਲਿਆਉਣ ਵਿਚ ਸਰਗਰਮ ਰੇਲਵੇ ਸਟੇਸ਼ਨ ਦਾ ਟੈਕਸ ਮਾਫੀਆ ਇੰਨਾ ਸ਼ਾਤਿਰ ਹੈ ਕਿ ਜਦੋਂ ਵੀ ਟੈਕਸ ਮਾਫੀਆ ਨੂੰ ਕਿਸੇ ਵਿਭਾਗ ਦੀ ਛਾਪੇਮਾਰੀ ਜਾਂ ਚੈਕਿੰਗ ਦੀ ਸੂਚਨਾ ਮਿਲਦੀ ਹੈ ਤਾਂ ਦਿੱਲੀ ਤੋਂ ਅੰਮ੍ਰਿਤਸਰ ਉਤਾਰਨ ਵਾਲੇ ਬਿਨਾਂ ਬਿੱਲ ਮਾਲ ਨੂੰ ਅੰਮ੍ਰਿਤਸਰ ਸਟੇਸ਼ਨ 'ਤੇ ਉਤਾਰਨ ਦੀ ਬਜਾਏ ਜਲੰਧਰ, ਲੁਧਿਆਣਾ ਵਰਗੇ ਸਟੇਸ਼ਨਾਂ 'ਤੇ ਉਤਾਰ ਦਿੱਤਾ ਜਾਂਦਾ ਹੈ, ਇਨ੍ਹਾਂ ਹੀ ਨਹੀਂ, ਕਈ ਵਾਰ ਮਾਨਾਂਵਾਲਾ ਵਰਗੇ ਛੋਟੇ ਸਟੇਸ਼ਨਾਂ ਜਾ ਫਿਰ ਦੋ ਨੰਬਰੀ ਮਾਲ ਨੂੰ ਸ਼ਿਵਾਲਾ ਫਾਟਕ ਜਿੱਥੇ ਟ੍ਰੇਨ ਕਾਫੀ ਘੱਟ ਰਫਤਾਰ ਨਾਲ ਚੱਲਦੀ ਹੈ ਜਾ ਫਿਰ ਰੋਕ ਹੀ ਦਿੱਤੀ ਜਾਂਦੀ ਹੈ, ਉਥੇ ਵੀ ਉਤਾਰ ਦਿੱਤਾ ਜਾਂਦਾ ਹੈ। ਟੈਕਸ ਮਾਫੀਆ ਦੇ ਕਰਿੰਦੇ ਇੰਨੇ ਸ਼ਾਤਿਰ ਹੈ ਕਿ ਇੰਨ੍ਹਾਂ ਛੋਟੇ ਸਟੇਸ਼ਨਾਂ 'ਤੇ ਪਹਿਲਾਂ ਹੀ ਪੁੱਜ ਜਾਂਦੇ ਹਨ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕਈ ਵਾਰ ਜਦੋਂ ਰੇਲ ਗੱਡੀ ਅੰਮ੍ਰਿਤਸਰ ਪਹੁੰਚਦੀ ਹੈ ਅਤੇ ਕੋਈ ਵੀ ਵਿਭਾਗ ਚੈਕਿੰਗ ਕਰਨ ਲਈ ਆਉਂਦਾ ਹੈ ਤਾਂ ਜਿਸ ਬੋਗੀ ਵਿਚ ਬਿਨਾਂ ਬਿੱਲ ਦੇ ਸਾਮਾਨ ਪਿਆ ਹੁੰਦਾ ਹੈ, ਉਸ ਨੂੰ ਵੀ ਖੋਲ੍ਹਿਆ ਨਹੀਂ ਜਾਂਦਾ ਅਤੇ ਉਸ ਬੋਗੀ ਨੂੰ ਧੋਣ ਲਈ ਰੇਲਵੇ ਵਾਸ਼ਿੰਗ ਯਾਰਡ ਵਿਚ ਭੇਜਿਆ ਜਾਂਦਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਈ ਵਾਰ ਮਾਲ ਫੜੇ ਜਾਣ ਦੇ ਡਰ ਕਾਰਨ ਬਿਨਾਂ ਬਿੱਲ ਵਾਲੀ ਬੋਗੀ ਨੂੰ ਕਈ-ਕਈ ਦਿਨ ਖੋਲ੍ਹਿਆ ਨਹੀਂ ਜਾਂਦਾ ਅਤੇ ਬੋਗੀ ਵਾਪਸ ਦਿੱਲੀ ਵਰਗੇ ਸਟੇਸਨਾਂ 'ਤੇ ਪਹੁੰਚ ਜਾਂਦੀ ਹੈ ਅਤੇ ਜਦੋਂ ਸਥਿਤੀ ਥੋੜ੍ਹੀ ਠੰਡੀ ਹੁੰਦੀ ਹੈ ਤਾਂ ਬੋਗੀ ਫਿਰ ਤੋਂ ਅੰਮ੍ਰਿਤਸਰ ਵੱਲ ਰਵਾਨਾ ਕਰ ਦਿੱਤੀ ਜਾਂਦੀ ਹੈ। ਟੈਕਸ ਮਾਫੀਆ ਦੀ ਗੱਲ ਕਰੀਏ ਤਾਂ ਇਹ ਮਾਫੀਆ ਸਿਰਫ ਅੰਮ੍ਰਿਤਸਰ ਹੀ ਨਹੀਂ ਸਗੋਂ ਹੋਰ ਵੱਡੇ ਜ਼ਿਲ੍ਹਿਆਂ ਵਿਚ ਵੀ ਸਰਗਰਮ ਹੈ ਅਤੇ ਲੰਬੇ ਸਮੇਂ ਤੋਂ ਟੈਕਸ ਚੋਰੀ ਨੂੰ ਰੋਕਣ ਵਾਲੇ ਸੀ. ਜੀ. ਐੱਸ. ਟੀ ਵਿਭਾਗ ਅਤੇ ਸਟੇਟ ਜੀ. ਐੱਸ. ਟੀ. ਵਰਗੇ ਵਿਭਾਗਾਂ ਲਈ ਸਿਰਦਰਦੀ ਬਣਿਆ ਹੋਇਆ ਹੈ ਪਰ ਇਹ ਖੇਡ-ਖੇਡ ਰਹੇ ਹਨ। ਜਦੋਂ ਤੋਂ ਟੈਕਸ ਮਾਫੀਆ ਦੇ ਕੁਝ ਮੈਂਬਰਾਂ ਨੇ ਵਧੇਰੇ ਮੁਨਾਫਾ ਕਮਾਉਣ ਲਈ ਟ੍ਰਾਮਾਡੋਲ ਅਤੇ ਐਡਲਾਕ ਵਰਗੀਆਂ ਨਸ਼ੀਲੀਆਂ ਦਵਾਈਆ ਦੀ ਜਦੋਂ ਤੋਂ ਬੁਕਿੰਗ ਸ਼ੁਰੂ ਕੀਤੀ ਹੈ, ਉਦੋਂ ਤੋਂ ਇਨ੍ਹਾਂ ਦੀ ਚਾਂਦੀ ਹੋਈ ਪਈ ਹੈ ਅਤੇ ਕਈ ਮਾਫੀਆ ਮੈਂਬਰਾਂ ਨੇ ਤਾ ਕਾਲੇ ਧਨ ਨਾਲ ਪੌਸ ਖੇਤਰਾਂ ਵਿਚ ਹੋਟਲ ਤੱਕ ਬਣਾ ਲਏ ਹਨ। ਨਸ਼ੀਲੀਆਂ ਦਵਾਈਆਂ ਦੀ ਸਮੱਗਲਿੰਗ ਦੀ ਗੱਲ ਕਰੀਏ ਤਾਂ ਇਸ ਦਾ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਇਕ ਟੈਕਸ ਮਾਫੀਆ ਦੇ ਗੋਦਾਮ ਵਿੱਚੋਂ ਸੀ. ਆਈ. ਏ. ਸਟਾਫ ਦੀ ਟੀਮ ਨੇ ਕੋਵਿਡ ਦੌਰਾਨ ਲੱਖਾਂ ਦੀ ਗਿਣਤੀ ਵਿਚ ਟਰਾਮਾਡੋਲ ਵਰਗੀਆਂ ਪਾਬੰਦੀਸੁਦਾ ਗੋਲੀਆਂ ਫੜੀਆ ਸਨ, ਹਾਲਾਂਕਿ ਉਸ ਸਮੇਂ ਮਾਮਲੇ ਨੂੰ ਠੰਡੇ ਬਸਤੇ ਵਿਚ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਪਰ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਟੈਕਸ ਮਾਫੀਆ ਨਸ਼ੀਲੀਆਂ ਦਵਾਈਆਂ ਦੀ ਸਮੱਗਲਿੰਗ ਵੀ ਕਰ ਰਿਹਾ ਹੈ। ਨਸ਼ਿਆਂ ਦੀ ਆਮਦ ਅਤੇ ਵਿਕਰੀ ਨੂੰ ਰੋਕਣ ਲਈ ਕੇਂਦਰ ਸਰਕਾਰ ਦੀਆਂ ਕੁਝ ਵੱਡੀਆਂ ਏਜੰਸੀਆਂ ਅਤੇ ਸਿਟੀ ਪੁਲਸ, ਜਿਸ ਵਿਚ ਮੁੱਖ ਤੌਰ 'ਤੇ ਆਪਣੀ ਈਮਾਨਦਾਰੀ ਅਕਸ ਲਈ ਜਾਣੇ ਜਾਂਦੇ ਪੁਲਸ ਕਮਿਸਨਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਉਨ੍ਹਾਂ ਦੀ ਟੀਮ ਵਲੋਂ ਇਸ ਸਮੇਂ ਟੈਕਸ ਮਾਫੀਆ ਦੀਆਂ ਗਤੀਵਿਧੀਆਂ 'ਤੇ ਤਿੱਖੀ ਨਜਰ ਰੱਖ ਰਹੀ ਹੈ ਅਤੇ ਟੈਕਸ ਮਾਫੀਆ ਨੂੰ ਨੱਥ ਪਾਉਣ ਲਈ ਠੋਸ ਕਾਰਵਾਈ ਵੀ ਸੰਭਵ ਨਜਰ ਆ ਰਹੀ ਹੈ, ਜਿਸ ਤੋਂ ਬਚਣਾ ਟੈਕਸ ਮਾਫੀਆ ਲਈ ਆਸਾਨ ਨਹੀਂ ਹੋਵੇਗਾ, ਕਿਉਂਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨਸੇ ਵੇਚਣ ਅਤੇ ਸਮੱਗਲਿੰਗ ਕਰਨ ਵਾਲਿਆਂ ਖਿਲਾਫ ਸਿੱਧੀ ਕਾਰਵਾਈ ਕਰ ਰਹੀ ਹੈ ਅਤੇ ਆਪ੍ਰੇਸ਼ਨ ਕਲੀਨ ਵੀ ਚਲਾਇਆ ਜਾ ਰਿਹਾ ਹੈ। ਟੈਕਸ ਮਾਫੀਆ ਦੋ ਨੰਬਰੀ ਸਾਮਾਨ ਲਿਆਉਣ ਵਾਲੇ ਲੋਕਾਂ ਵੱਲੋਂ ਜਦੋਂ ਨੱਗ ਦੀ ਬੁਕਿੰਗ ਕਰਦਾ ਹੈ ਤਾਂ ਉਸ 'ਤੇ ਸੇਲਫ ਦੀ ਬਿਲਟੀ ਬਣਾਈ ਜਾਂਦੀ ਹੈ। ਸਭ ਤੋਂ ਹੈਰਾਨੀਜਨਕ ਪਹਿਲੂ ਇਹ ਹੈ ਕਿ ਨੱਗ 'ਤੇ ਪ੍ਰਾਪਤ ਕਰਨ ਵਾਲੀ ਪਾਰਟੀ ਦਾ ਨਾਂ ਅਤੇ ਪਤਾ ਵੀ ਨਹੀਂ ਲਿਖਿਆ ਜਾਂਦਾ ਹੈ, ਜਦੋਂ ਵੀ ਕੋਈ ਵਿਭਾਗ ਬਿਨਾਂ ਬਿੱਲ ਦੇ ਸਾਮਾਨ ਨੂੰ ਜਬਤ ਕਰਦਾ ਹੈ ਤਾਂ ਸਬੰਧਤ ਵਿਭਾਗ ਨੂੰ ਇਹ ਨਹੀਂ ਪਤਾ ਹੁੰਦਾ ਕਿ ਜਬਤ ਕੀਤਾ ਸਾਮਾਨ ਕਿਸ ਪਾਰਟੀ ਦਾ ਹੈ ਅਤੇ ਕਿਸਨੇ ਭੇਜਿਆ ਹੈ। ਇਸੇ ਚੱਕਰ ਵਿਚ ਟੈਕਸ ਮਾਫੀਆ ਇਕ ਨੱਗ ਲਈ 700 ਤੋਂ 2000 ਰੁਪਏ ਤੱਕ ਵਸੂਲਦਾ ਹੈ ਭਾਵੇ ਉਸ ਨੱਗ ਵਿਚ ਕੋਈ ਨਸ਼ੀਲੀ ਦਵਾਈ ਹੋਵੇ ਜਾਂ ਕੋਈ ਖਤਰਨਾਕ ਵਸਤੂ ਰੱਖੀ ਗਈ ਹੋਵੇ। ਦਿੱਲੀ ਤੋਂ ਆਉਣ ਵਾਲੀਆਂ ਟ੍ਰੇਨਾਂ ਵਿਚ ਨਾ ਸਿਰਫ ਭਾਰੀ ਟੈਕਸ ਵਾਲਾ ਸਾਮਾਨ ਲਿਆਂਦਾ ਜਾ ਰਿਹਾ ਹੈ, ਸਗੋਂ ਪਾਬੰਦੀਸੁਦਾ ਤੰਬਾਕੂ ਵੀ ਲਿਆਂਦਾ ਜਾ ਰਿਹਾ ਹੈ ਅਤੇ ਲੋਕਾਂ ਦੀ ਸਿਹਤ ਨਾਲ ਵੀ ਖਿਲਵਾੜ ਕੀਤਾ ਜਾ ਰਿਹਾ ਹੈ। ਸਿਹਤ ਵਿਭਾਗ ਵੱਲੋਂ ਹਰ ਰੋਜ ਪਾਬੰਦੀਸੁਦਾ ਤੰਬਾਕੂ ਦੇ ਚਲਾਨ ਕੀਤੇ ਜਾ ਰਹੇ ਹਨ ਪਰ ਇਸ ਦੀ ਆਮਦ ਨੂੰ ਰੋਕਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ। ਘਟੀਆ ਕੁਆਲਿਟੀ ਦੇ ਇਸ ਪਾਬੰਦੀਸੁਦਾ ਤੰਬਾਕੂ ਵਿੱਚ ਸਿਰਫ ਖਾਲੀ ਲਿਫਾਫ਼ਿਆਂ ਵਿੱਚ ਤੰਬਾਕੂ ਭਰਿਆ ਜਾਂਦਾ ਹੈ ਅਤੇ ਇਹ ਵੀ ਨਹੀਂ ਲਿਖਿਆ ਹੁੰਦਾ ਹੈ ਕਿ ਤੰਬਾਕੂ ਦਾ ਸੇਵਨ ਸਿਹਤ ਲਈ ਹਾਨੀਕਾਰਕ ਹੈ।

## 10ਵੀਂ ਦੀ ਵਿਦਿਆਰਥਣ ਕੋਲੋਂ ਫੋਨ ਖੋਹ ਕੇ ਫਰਾਰ ਹੋਇਆ ਝਪਟਮਾਰ, ਕੁੜੀ ਦੇ ਪਿਓ ਨੇ ਫੜ ਕੇ ਕੀਤਾ ਪੁਲਸ ਹਵਾਲੇ

ਚੰਡੀਗੜ੍ਹ 8 ਜਨਵਰੀ। ਬਾਜਾਰ ਵਿਚ ਜਾ ਰਹੀ 10ਵੀਂ ਜਮਾਤ ਦੀ ਵਿਦਿਆਰਥਣ ਤੋਂ ਇਕ ਝਪਟਮਾਰ ਫੋਨ ਖੋਹ ਕੇ ਫਰਾਰ ਹੋ ਗਿਆ। ਪਿੱਛੇ ਆ ਰਹੇ ਪਿਤਾ ਨੇ ਕੁਝ ਦੂਰ ਜਾ ਕੇ ਝਪਟਮਾਰ ਨੂੰ ਫੜ ਕੇ ਮਨੀਮਾਜਰਾ ਥਾਣਾ ਪੁਲਸ ਦੇ ਹਵਾਲੇ ਕਰ ਦਿੱਤਾ। ਮੁਲਜਮ ਦੀ ਪਛਾਣ ਨਿਊ ਇੰਦਰਾ ਕਾਲੋਨੀ ਦੇ ਰਹਿਣ ਵਾਲੇ ਫੈਜਲ ਵਜੋਂ ਹੋਈ ਹੈ। ਤ੍ਰਿਲੋਕ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਮਨੀਮਾਜਰਾ ਪੁਲਸ ਨੇ ਮੁਲਜਮ ਖਿਲਾਫ ਕੇਸ ਦਰਜ ਕਰ ਕੇ ਉਸ ਨੂੰ ਅਦਾਲਤ ਵਿਚ ਪੇਸ ਕੀਤਾ। ਅਦਾਲਤ ਨੇ ਮੁਲਜਮ ਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ। ਵਿਦਿਆਰਥਣ ਹਿਮਾਨੀ ਪਿਤਾ ਤ੍ਰਿਲੋਕ ਸਿੰਘ ਨਾਲ ਸਾਮਾਨ ਖਰੀਦਣ ਲਈ ਬਾਜਾਰ ਜਾ ਰਹੀ ਸੀ। ਫੌਜੀ ਢਾਬੇ ਨੇੜੇ ਇਕ ਨੌਜਵਾਨ ਆਇਆ ਅਤੇ ਹਿਮਾਨੀ ਦੇ ਹੱਥੋਂ ਫੋਨ ਖੋਹ ਕੇ ਭੱਜਣ ਲੱਗਾ। ਪਿਤਾ ਤ੍ਰਿਲੋਕ ਨੇ ਮੋਬਾਇਲ ਫੋਨ ਖੋਹ ਕੇ ਭੱਜੇ ਝਪਟਮਾਰ ਨੂੰ ਦੇਖ ਲਿਆ ਅਤੇ ਪਿੱਛਾ ਕਰ ਕੇ ਕੁਝ ਦੂਰੀ 'ਤੇ ਹੀ ਉਸ ਨੂੰ ਫੜ ਲਿਆ। ਪੁਲਸ ਨੇ ਮੁਲਜਮ ਕੋਲੋਂ ਫੋਨ ਬਰਾਮਦ ਕਰ ਕੇ ਵਿਦਿਆਰਥਣ ਨੂੰ ਸੌਂਪ ਦਿੱਤਾ। ਮਨੀਮਾਜਰਾ ਥਾਣਾ ਪੁਲਸ ਨੇ ਦੱਸਿਆ ਕਿ ਮੁਲਜਮ ਫੈਜਲ ਨਸੇ ਦਾ ਆਦੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਿਹਤਮੰਦ ਪੁਲਿਸ ਤਾਂ ਸੁਰੱਖਿਅਤ ਸਮਾਜ ਦੇ ਮੱਦੇਨਜ਼ਰ ਪਟਿਆਲਾ ਰੇਂਜ ਦੇ ਸਾਰੇ ਜ਼ਿਲ੍ਹਿਆਂ 'ਚ ਲਗਾਏ ਜਾਣਗੇ ਮੁਫ਼ਤ ਕੈਂਸਰ ਜਾਂਚ ਤੇ ਜਾਗਰੂਕਤਾ ਕੈਂਪ : ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ

## ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਵੱਲੋਂ ਪਟਿਆਲਾ ਪੁਲਿਸ ਲਾਇਨ ਵਿਖੇ ਲਾਏ ਕੈਂਪ 'ਚ 696 ਪੁਲਿਸ ਕਰਮਚਾਰੀਆਂ ਤੇ ਪਰਿਵਾਰਕ ਮੈਂਬਰਾਂ ਦੇ ਟੈਸਟ

**ਪਟਿਆਲਾ, 8 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਰੇਂਜ ਦੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਕਿਹਾ ਹੈ ਕਿ ਸਿਹਤਮੰਦ ਪੁਲਿਸ ਤਾਂ ਸੁਰੱਖਿਅਤ ਸਮਾਜ ਦੇ ਮੱਦੇਨਜ਼ਰ ਪੰਜਾਬ ਪੁਲਿਸ ਵੱਲੋਂ ਜਨਤਕ ਤੰਦਰੁਸਤੀ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਪਟਿਆਲਾ ਰੇਂਜ ਦੇ ਸਾਰੇ ਜ਼ਿਲ੍ਹਿਆਂ ਸੰਗਰੂਰ, ਬਰਨਾਲਾ ਤੇ ਮਾਲੇਰਕੋਟਲਾ ਵਿਖੇ ਵੀ ਕੁਲਵੰਤ ਸਿੰਘ ਧਾਲੀਵਾਲ ਯੂਕੇ ਦੀ ਅਗਵਾਈ ਹੇਠਲੀ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਵੱਲੋਂ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਏ ਜਾਣਗੇ।



ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਪੁਲਿਸ ਲਾਇਨ, ਪਟਿਆਲਾ ਵਿਖੇ ਕੁਲਵੰਤ ਸਿੰਘ ਧਾਲੀਵਾਲ ਯੂਕੇ ਦੀ ਅਗਵਾਈ ਹੇਠ 'ਜਾਗਰੂਕਤਾ ਹੀ ਸ਼ਕਤੀਕਰਨ ਹੈ' ਤਹਿਤ ਸਮੂਹ ਪੁਲਿਸ ਕਰਮਚਾਰੀਆਂ/ਅਧਿਕਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਵੱਲੋਂ ਲਗਾਏ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਦਾ ਉਦਘਾਟਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਐਸ.ਪੀ. ਪਟਿਆਲਾ ਡਾ. ਨਾਨਕ ਸਿੰਘ ਵੀ ਮੌਜੂਦ ਸਨ। ਉਨ੍ਹਾਂ ਨੇ ਕਿਹਾ ਕਿ ਇਸ ਕੈਂਪ ਦੀ ਮਹੱਤਤਾ ਸਬੰਧੀ ਜਾਣੂੰ ਕਰਵਾਇਆ ਅਤੇ ਦਿਨੋਂ-ਦਿਨ ਵੱਧ ਰਹੀ ਇਸ ਕੈਂਸਰ ਦੀ ਬਿਮਾਰੀ ਲਈ ਟੈਸਟ ਕਰਵਾਉਣ ਦੀ ਅਹਿਮੀਅਤ ਸਬੰਧੀ ਵੀ ਜਾਗਰੂਕ ਕੀਤਾ।

ਮਨਦੀਪ ਸਿੰਘ ਸਿੱਧੂ ਨੇ ਵਰਲਡ ਕੈਂਸਰ ਕੇਅਰ ਸੁਸਾਇਟੀ ਦੇ ਮੁਖੀ ਕੁਲਵੰਤ ਸਿੰਘ ਧਾਲੀਵਾਲ ਯੂਕੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਅੱਜ ਇਸ ਕੈਂਪ ਲਈ ਵਿਸ਼ੇਸ਼ ਤੌਰ 'ਤੇ ਯੂ.ਕੇ. ਤੋਂ ਪਹੁੰਚੇ ਹਨ ਅਤੇ ਨਿਰਸਵਾਰਥ ਸੇਵਾਵਾਂ ਨਿਭਾਅ ਰਹੇ ਹਨ ਜੋ ਕਿ ਸਮਾਜ ਭਲਾਈ ਲਈ ਬਹੁਤ ਵਧੀਆ ਉਪਰਾਲਾ ਹੈ।

ਡੀ.ਆਈ.ਜੀ. ਸਿੱਧੂ ਨੇ ਕਿਹਾ ਕਿ ਪੰਜਾਬ ਪੁਲਿਸ ਜਿੱਥੇ ਆਪਣੇ ਮੁਲਾਜ਼ਮਾਂ ਦੀ ਸਿਹਤ ਸੰਭਾਲ ਪ੍ਰਤੀ ਵਚਨਬੱਧ ਹੈ ਉੱਥੇ ਹੀ ਆਮ ਲੋਕਾਂ ਦੀ ਭਲਾਈ ਲਈ ਵੀ ਯਤਨਸ਼ੀਲ ਹੈ। ਇਸ ਲਈ ਜਿਹੜੇ ਮੁਲਾਜ਼ਮ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਅੱਜ ਟੈਸਟਾਂ ਤੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਦੀ ਸਹੂਲਤ ਲਈ ਰੇਂਜ ਦੇ ਬਾਕੀ ਜ਼ਿਲ੍ਹਿਆਂ ਵਿੱਚ ਅਜਿਹੇ ਕੈਂਪ ਲਗਾਏ ਜਾਣਗੇ।

ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਅੱਜ ਦੇ ਇਸ ਕੈਂਪ ਦੌਰਾਨ ਜਿੱਥੇ ਕੈਂਸਰ ਜਾਂਚ ਦੇ ਨਾਲ-ਨਾਲ ਸ਼ੂਗਰ, ਬਲੱਡ ਪ੍ਰੈਸ਼ਰ, ਅੱਖਾਂ ਦੀ ਜਾਂਚ ਅਤੇ ਹੋਰ ਜਨਰਲ ਸਿਹਤ ਜਾਂਚ ਦੇ ਟੈਸਟ ਮੁਫ਼ਤ ਕੀਤੇ ਗਏ ਹਨ। ਇਸ ਮੌਕੇ ਡੀ.ਆਈ.ਜੀ. ਸਿੱਧੂ ਤੇ ਐਸ.ਐਸ.ਪੀ ਡਾ. ਨਾਨਕ ਸਿੰਘ ਨੇ ਕੁਲਵੰਤ ਸਿੰਘ ਧਾਲੀਵਾਲ ਨੂੰ ਪੰਜਾਬ ਪੁਲਿਸ ਵੱਲੋਂ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਅਤੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ।

ਯੂ.ਕੇ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਕੁਲਵੰਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਜੀਵਨਸ਼ੈਲੀ ਵਿੱਚ ਹੋਏ ਬਦਲਾਅ ਕਾਰਨ ਇਹ ਨਾ-ਮੁਰਾਦ ਬਿਮਾਰੀ ਦਿਨ-ਪ੍ਰਤੀ-ਦਿਨ ਆਪਣੇ ਪੈਰ ਪਸਾਰ ਰਹੀ ਹੈ। ਹਰ ਇੱਕ ਉਮਰ ਦੇ ਵਿਅਕਤੀ ਇਸ ਨਾ-ਮੁਰਾਦ ਬਿਮਾਰੀ ਦਾ ਸਿ.ਕਾਰ ਹੋ ਰਹੇ ਹਨ। ਜਿਸ ਕਰਕੇ ਸਾਲ ਵਿੱਚ ਦੋ ਵਾਰ ਆਪਣੇ ਸਰੀਰ ਦੀ ਮੈਡੀਕਲ ਜਾਂਚ ਕਰਵਾਉਣੀ ਜਰੂਰੀ ਹੈ ਤਾਂ ਜੋ ਪਹਿਲੀ ਸਟੇਜ ਤੇ ਹੀ ਕੈਂਸਰ ਜਾਂ ਕਿਸੇ ਹੋਰ ਬਿਮਾਰੀ ਦਾ ਪਤਾ ਲੱਗ ਸਕੇ ਅਤੇ ਇਸਦੀ ਰੋਕਥਾਮ ਸਬੰਧੀ ਯੋਗ ਇਲਾਜ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਉਹ ਇਨ੍ਹਾਂ ਟੈਸਟਾਂ ਨੂੰ ਕਰਨ ਲਈ ਉਹ ਵਿਸ਼ੇਸ਼ ਤੌਰ 'ਤੇ ਆਪਣੀ ਮਾਹਿਰ ਡਾਕਟਰਾਂ ਦੀ ਟੀਮ ਅਤੇ 09 ਮੈਡੀਕਲ ਵੈਨਾਂ ਸਮੇਤ ਪੁਲਿਸ ਲਾਇਨ, ਪਟਿਆਲਾ ਵਿਖੇ ਪੁੱਜੇ ਹਨ।

ਇਸ ਕੈਂਪ ਦੌਰਾਨ ਕੁੱਲ 696 ਪੁਲਿਸ ਕਰਮਚਾਰੀਆਂ ਦੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਟੈਸਟ ਕੀਤੇ ਗਏ ਜਿਨ੍ਹਾਂ ਵਿੱਚ 295 ਪੁਰਸ਼ ਅਤੇ 301 ਔਰਤਾਂ ਸ਼ਾਮਲ ਸਨ। 58 ਔਰਤਾਂ ਦੇ ਮੈਮੋਗ੍ਰਾਫ਼ੀ, 92 ਔਰਤਾਂ ਦੇ ਆਈ ਸਕੈਨ, 183 ਪੁਰਸ਼ਾਂ ਦੇ ਪੀ.ਐਸ.ਏ. ਟੈਸਟ ਅਤੇ 514 ਵਿਅਕਤੀਆਂ ਦੇ ਬੀ.ਐਮ.ਡੀ. ਟੈਸਟ ਕੀਤੇ ਗਏ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੋ ਦਿਨਾਂ ਓਰੀਐਂਨਟੇਸ਼ਨ ਸਿਖਲਾਈ ਪ੍ਰੋਗਰਾਮ ਕਰਵਾਇਆ



**ਪਟਿਆਲਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ -ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੁਪਿੰਦਰਜੀਤ ਚਾਹਲ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਵੱਲੋਂ ਬੱਚਿਆਂ ਲਈ ਵਿਸ਼ੇਸ਼ ਕਾਨੂੰਨੀ ਸੇਵਾਵਾਂ ਯੂਨਿਟ (ਐਲ.ਐਸ.ਯੂ.ਸੀ.) ਅਤੇ ਮਾਨਸਿਕ ਬਿਮਾਰੀ ਵਾਲੇ ਵਿਅਕਤੀਆਂ ਅਤੇ ਬੌਧਿਕ ਅਪੰਗਤਾਵਾਂ ਵਾਲੇ ਵਿਅਕਤੀਆਂ ਲਈ ਵਿਸ਼ੇਸ਼ ਕਾਨੂੰਨੀ ਸੇਵਾਵਾਂ ਯੂਨਿਟ ਲਈ ਦੋ ਦਿਨਾਂ ਓਰੀਐਂਟੇਸ਼ਨ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਸਿਖਲਾਈ ਪ੍ਰੋਗਰਾਮਾਂ ਦੌਰਾਨ ਵਿਸ਼ੇਸ਼ ਕਾਨੂੰਨੀ ਸੇਵਾਵਾਂ ਯੂਨਿਟ ਫ਼ਾਰ ਚਿਲਡਰਨ (ਐਲ.ਐਸ.ਯੂ.ਸੀ.) ਅਤੇ ਮਾਨਸਿਕ ਬਿਮਾਰੀ ਵਾਲੇ ਵਿਅਕਤੀਆਂ ਅਤੇ ਦਿਮਾਗੀ ਅਪੰਗਤਾਵਾਂ ਵਾਲੇ ਵਿਅਕਤੀਆਂ ਲਈ ਵਿਸ਼ੇਸ਼ ਕਾਨੂੰਨੀ ਸੇਵਾਵਾਂ ਯੂਨਿਟ 'ਮਨੋਨਿਆ' (ਐਲ.ਐਸ.ਯੂ.ਐਮ.) ਦੇ ਸਾਰੇ ਮੈਂਬਰਾਂ ਨੂੰ ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਮੈਡਮ ਦੀਪਤੀ ਗੋਇਲ ਨੇ ਨਾਲਸਾ (ਬੱਚਿਆਂ ਲਈ ਬਾਲ ਅਨੁਕੂਲ ਕਾਨੂੰਨੀ ਸੇਵਾਵਾਂ) ਸਕੀਮ, 2024 ਅਤੇ ਨਾਲਸਾ (ਮਾਨਸਿਕ ਬਿਮਾਰੀ ਵਾਲੇ ਵਿਅਕਤੀਆਂ ਅਤੇ ਬੌਧਿਕ ਅਪੰਗਤਾਵਾਂ ਵਾਲੇ ਵਿਅਕਤੀਆਂ ਨੂੰ ਕਾਨੂੰਨੀ ਸੇਵਾਵਾਂ) ਸਕੀਮ, 2024 ਬਾਰੇ ਜਾਗਰੂਕ ਕੀਤਾ।

ਇਸ ਤੋਂ ਇਲਾਵਾ ਉਨ੍ਹਾਂ ਨੂੰ ਰਿਸੋਰਸ ਪਰਸਨ ਗਗਨਦੀਪ ਸਿੰਘ, ਚੀਫ਼ ਐਲਏਡੀਸੀ, ਸਰਬਦੀਪ ਸਿੰਘ ਸੰਧੂ, ਸਹਾਇਕ ਐਲਏਡੀਸੀ ਪਟਿਆਲਾ, ਹਰਲੀਨ ਕੌਰ, ਪੈਨਲ ਐਡਵੋਕੇਟ, ਸਰਬਜੀਤ ਕੌਰ ਐਲਏਡੀਸੀ, ਸ਼ਾਇਨਾ ਕਪੂਰ ਡੀਸੀਪੀਓ, ਪਟਿਆਲਾ, ਮਨਮੀਤ ਕੌਰ ਪੈਨਲ ਐਡਵੋਕੇਟ, ਰੁਬਿਕ ਸੂਦ, ਪੈਨਲ ਐਡਵੋਕੇਟ ਦੁਆਰਾ ਇਨ੍ਹਾਂ ਸਕੀਮਾਂ, ਵੱਖ-ਵੱਖ ਕਾਨੂੰਨਾਂ ਅਤੇ ਸਕੀਮਾਂ ਨੂੰ ਲਾਗੂ ਕਰਨ ਲਈ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਗਰੂਕ ਕੀਤਾ।

ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਮੈਡਮ ਦੀਪਤੀ ਗੋਇਲ ਨੇ ਦੱਸਿਆ ਕਿ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ (ਨਾਲਸਾ) ਨੇ ਦੋ ਮਹੱਤਵਪੂਰਨ ਸਕੀਮਾਂ ਨੂੰ ਅੱਪਡੇਟ ਕੀਤਾ ਹੈ। ਇਹ ਸਕੀਮਾਂ ਮਾਨਸਿਕ ਤੌਰ 'ਤੇ ਬਿਮਾਰ ਅਤੇ ਮਾਨਸਿਕ ਤੌਰ 'ਤੇ ਅਪਾਹਜ ਵਿਅਕਤੀਆਂ ਲਈ ਕਾਨੂੰਨੀ ਸੇਵਾਵਾਂ ਦੀ ਨਾਲਸਾ ਸਕੀਮ, 2015 ਅਤੇ ਬੱਚਿਆਂ ਲਈ ਕਾਨੂੰਨੀ ਸੇਵਾਵਾਂ ਦੀ ਨਾਲਸਾ ਸਕੀਮ ਦੇ ਸੋਧੇ ਹੋਏ ਸੰਸਕਰਣ ਹਨ। ਇਨ੍ਹਾਂ ਸਕੀਮਾਂ ਦਾ ਉਦੇਸ਼ ਅਪਾਹਜ ਵਿਅਕਤੀਆਂ ਦੇ ਅਧਿਕਾਰ ਅਤੇ ਮਾਨਸਿਕ ਸਿਹਤ ਸੰਭਾਲ ਐਕਟ ਦੇ ਤਹਿਤ ਕਾਨੂੰਨ ਅਨੁਸਾਰ ਦੇ ਅਨੁਸਾਰ ਵਧੇਰੇ ਪ੍ਰਭਾਵਸ਼ਾਲੀ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨਾ ਹੈ ਅਤੇ ਮੁੱਢਲਾ ਟੀਚਾ ਮਾਨਸਿਕ ਬਿਮਾਰੀ ਅਤੇ ਬੌਧਿਕ ਅਪੰਗਤਾਵਾਂ ਵਾਲੇ ਵਿਅਕਤੀਆਂ ਲਈ ਕਾਨੂੰਨੀ ਸੇਵਾਵਾਂ ਤੱਕ ਪਹੁੰਚ ਨੂੰ ਯਕੀਨੀ ਬਣਾਉਣਾ ਹੈ।

ਇਸ ਤੋਂ ਇਲਾਵਾ, ਮੈਡਮ ਦੀਪਤੀ ਗੋਇਲ ਨੇ ਮੁਫ਼ਤ ਕਾਨੂੰਨੀ ਸੇਵਾਵਾਂ, ਨਾਲਸਾ ਹੈਲਪ ਲਾਈਨ ਨੰਬਰ 15100, ਜੋ ਕਾਨੂੰਨੀ ਸਹਾਇਤਾ ਤੱਕ ਆਸਾਨੀ ਨਾਲ ਪਹੁੰਚ ਪ੍ਰਦਾਨ ਕਰਦਾ ਹੈ, ਦੀ ਉਪਲਬਧਤਾ 'ਤੇ ਚਾਨਣਾ ਪਾਇਆ ਅਤੇ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਅਤੇ ਲੋਕ ਅਦਾਲਤਾਂ ਦੇ ਲਾਭਾਂ 'ਤੇ ਜ਼ੋਰ ਦਿੱਤਾ ਅਤੇ 8 ਮਾਰਚ, 2025 ਨੂੰ ਲੱਗਣ ਵਾਲੀ ਰਾਸ਼ਟਰੀ ਲੋਕ ਅਦਾਲਤ ਬਾਰੇ ਦੱਸਿਆ।

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਨਗਰ ਕੀਰਤਨ ਸਜਾਇਆ



**ਬਠਿੰਡਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਂਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਅੱਜ ਗੋਨਿਆਣਾ ਮੰਡੀ ਦੀ ਸਮੂੰਹ ਸਾਧ ਸੰਗਤ ਦੇ ਸਹਿਯੋਗ ਨਾਲ ਸਵੇਰ 10:30 ਵੱਜੇ ਗੁਰੂਦਵਾਰਾ ਸੰਤ ਭਾਈ ਸੁਹੇਲ ਸਿੰਘ ਜੀ ਤੋ ਨਗਰ ਕੀਰਤਨ ਬੈਂਡ ਵਾਜਿਆਂ ਦੇ ਨਾਲ ਰਵਾਨਾ ਹੋਇਆ ਜੋ ਕੇ ਨਵੀ ਬਸਤੀ ਦੀਆਂ ਗਲੀਆਂ ਵਿਚੋਂ ਹੁੰਦਾ ਹੋਇਆ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿੱਖੇ ਪਹੁੰਚਿਆ ਜਿੱਥੇ ਨਗਰ ਕੀਰਤਨ ਦੀ ਸੰਗਤ ਨੂੰ ਚਾਹ ਅਤੇ ਭੁਜੀਆਂ ਬਦਾਨੇ ਦਾ ਲੰਗਰ ਛਕਾਇਆ ਗਿਆ ਇਸ ਉਪਰੰਤ ਸੰਤ ਜਗਜੀਤ ਸਿੰਘ ਸੇਵਾ ਪੰਥੀ ਅਤੇ ਸੇਵਾਦਾਰ ਹਰਭਜਨ ਸਿੰਘ ਵੱਲੋ ਪੰਜ ਪਿਆਰਿਆਂ ਨੂੰ ਸਿਰੋਪਾਓ ਪਾਕੇ ਓਹਨਾਂ ਦਾ ਸਨਮਾਨ ਕੀਤਾ ਗਿਆ, ਇਸ ਤੋ ਅੱਗੇ ਨਗਰ ਕੀਰਤਨ ਮਹਿੰਦਰ ਸਿੰਘ ਦੇ ਮੋੜ ਤੋ ਹੂੰਦਾ ਹੋਇਆ ਮਾਲ ਰੋਡ ਤੇ ਪਹੁੰਚਿਆ ਜਿੱਥੇ ਥਾਂ ਥਾਂ ਤੇ ਨਗਰ ਕੀਰਤਨ ਦੀ ਸੰਗਤ ਦੀ ਸੇਵਾ ਚਾਹ ਪਕੌੜਿਆਂ ਨਾਲ ਕੀਤੀ ਗਈ, ਬੱਸ ਸਟੈਂਡ ਵਿੱਖੇ ਉੱਥੇ ਦੇ ਦੁਕਾਨਦਾਰਾਂ ਵਲੋ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਦੀ ਸੰਗਤ ਨੂੰ ਕੜੀ ਚਾਵਲ ਦਾ ਲੰਗਰ ਛਕਾਇਆ ਗਿਆ, ਪ੍ਰਧਾਨ ਗੌਬਿੰਦ ਰਾਮ ਦੀ ਗਲੀ ਵਿੱਖੇ ਨਗਰ ਕੀਰਤਨ ਦੀ ਸੰਗਤ ਨੂੰ ਬਰੈੱਡ ਪਕੌੜਿਆਂ ਨਾਲ ਚਾਹ ਛਕਾਈ ਗਈ, ਇਸ ਤੋ ਇਲਾਵਾ ਥਾਂ ਥਾਂ ਤੇ ਸੰਗਤ ਨੂੰ ਚਾਹ ਪਕੌੜਿਆਂ ਅਤੇ ਵੱਖ ਵੱਖ ਤਰਾਂ ਦੇ ਲੰਗਰ ਲਗਾ ਕੇ ਨਗਰ ਕੀਰਤਨ ਦੀ ਸੰਗਤ ਦੀ ਸੇਵਾ ਕੀਤੀ ਗਈ ਅਤੇ ਥਾਂ ਥਾਂ ਤੇ ਪੰਜ ਪਿਆਰਿਆਂ ਨੂੰ ਦੁੱਧ ਅਤੇ ਮਿਸ਼ਠਾਂਣ ਪਦਾਰਥਾਂ ਦਾ ਲੰਗਰ ਲਗਾਕੇ ਓਹਨਾਂ ਦੀ ਸੇਵਾ ਕੀਤੀ ਗਈ, ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਮਹਾਂਰਾਜ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤ ਦੀ ਸੇਵਾ ਕਰਕੇ ਗੁਰੂ ਮਹਾਂਰਾਜ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਨਗਰ ਕੀਰਤਨ ਦੌਰਾਨ ਸੰਗਤਾਂ ਵਲੋ ਸਾਰੇ ਰਸਤੇ ਵਿੱਚ ਗੁਰੂ ਜਸ ਗਾ ਕੇ ਸਾਰਿਆਂ ਨੂੰ ਨਿਹਾਲ ਕੀਤਾ, ਅਖ਼ੀਰ ਵਿੱਚ ਨਗਰ ਕੀਰਤਨ ਸੰਤ ਭਾਈ ਸੁਹੇਲ ਸਿੰਘ ਜੀ ਦੇ ਗੁਰੂਦਵਾਰਾ ਸਾਹਿਬ ਵਿੱਖੇ ਪਹੁੰਚਿਆ ਅਤੇ ਜੇਕਾਰਿਆਂ ਦੀ ਗੂੰਜ਼ ਨਾਲ ਸੰਗਤਾਂ ਗੁਰੂਘਰ ਵਿੱਖੇ ਨਤਮਸਤਕ ਹੋਈਆਂ।

# ਸ਼ਰਾਬ ਪੀ ਕੇ ਹੁੱਲੜਬਾਜ਼ੀ ਕਰਨ ਦੇ ਦੋਸ਼ ਹੇਠ ਤਿੰਨ ਖ਼ਿਲਾਫ਼ ਕੇਸ ਦਰਜ

**ਜ਼ੀਰਕਪੁਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੀਰਕਪੁਰ ਪੁਲਿਸ ਨੇ ਸ਼ਰਾਬ ਪੀ ਕੇ ਹੁੱਲੜਬਾਜ਼ੀ ਅਤੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ 'ਚ ਤਿੰਨ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮਾਮਲੇ ਸੰਬਧੀ ਜਾਣਕਾਰੀ ਦਿੰਦੇ ਹੋਏ ਥਾਣੇਦਾਰ ਨਰਿੰਦਰ ਕੁਮਾਰ ਨੇ ਦੱਸਿਆ ਕਿ ਬੀਤੇ ਦਿਨੀ ਉਹ ਸ਼ਰਾਰਤੀ ਅਨਸਰਾਂ ਦੇ ਸੰਬਧ ਵਿੱਚ ਗਸ਼ਤ ਸਬੰਧੀ ਪੁਲਿਸ ਪਾਰਟੀ ਸਮੇਤ ਅੰਬਾਲਾ ਰੋਡ ਤੇ ਮੈਟਰੋ ਮਾਲ ਦੇ ਸਾਹਮਣੇ ਮੌਜੂਦ ਸੀ। ਇਸ ਦੌਰਾਨ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਮੋਹਿਤ ਪੁੱਤਰ ਸਤਪਾਲ ਸਿੰਘ ਵਾਸੀ ਮਕਾਨ ਨੰਬਰ 48 ਸਿਗਮਾ ਸਿਟੀ ਲੋਹਗੜ, ਵਜਿੰਦਰ ਕੁਮਾਰ ਪੁੱਤਰ ਸਤਪਾਲ ਸਿੰਘ ਵਾਸੀ ਮਕਾਨ ਨੰਬਰ 48 ਸਿਗਮਾ ਸਿਟੀ ਲੋਹਗੜ ਅਰਜਣ ਪੁੱਤਰ ਕ੍ਰਿਸ਼ਨ ਸਿੰਘ ਵਾਸੀ ਵਾਰਡ ਨੰਬਰ 8 ਕਲੈਤ ਜਿਲਾ ਕੈਥਲ ਹਰਿਆਣਾ ਵੀ ਆਈ ਪੀ ਰੋਡ ਤੇ ਆਪਣੀ ਚਿੱਟੇ ਰੰਗ ਦੀ ਐਕਸ.ਯੂ.ਵੀ ਗੱਡੀ ਵਿੱਚ ਬੈਠੇ ਹਨ ਜੋ ਕਦੇ ਬਾਹਰ ਨਿਕਲਕੇ ਭੰਗੜਾ ਪਾਉਣ ਲੱਗ ਪੈਂਦੇ ਹਨ ਜਿਨਾ ਦੀ ਸਰਾਬ ਪੀਤੀ ਹੋਈ ਹੈ ਉਚੀ-ਉਚੀ ਅਵਾਜ ਵਿੱਚ ਹੱਲਾ ਗੁੱਲਾ ਕਰ ਰਹੇ ਹਨ ਅਤੇ ਰਾਹ ਜਾ ਰਹੀਆ ਲੜਕੀਆ ਨਾਲ ਛੇੜ ਖਾਨੀ ਕਰ ਰਹੇ ਹਨ। ਜੇਕਰ ਹੁਣੇ ਹੀ ਮੌਕੇ ਤੇ ਰੇਡ ਕੀਤੀ ਜਾਵੇ ਤਾ ਸਰਾਬੀ ਹਾਲਤ ਵਿੱਚ ਕਾਬੂ ਕੀਤੇ ਜਾ ਸਕਦੇ ਹਨ।



ਉਨ੍ਹਾਂ ਦੱਸਿਆ ਕਿ ਮੌਕੇ ਤੇ ਪਹੁੰਚ ਉਕਤ ਨੌਜਵਾਨਾਂ ਨੂੰ ਹੁੱਲੜਬਾਜ਼ੀ ਕਰਦਿਆਂ ਕਾਬੂ ਕਰ ਉਨ੍ਹਾਂ ਖ਼ਿਲਾਫ਼ ਬੀ.ਐਨ.ਐਸ ਦੀ ਧਾਰਾ 74 ਅਤੇ 355 ਤਹਿਤ ਮਾਮਲਾ ਦਰਜ ਕੀਤਾ ਗਿਆ।

# ਪੰਜਾਬ ਸਰਕਾਰ ਨਸ਼ਿਆਂ ਨੂੰ ਠੱਲ੍ਹਣ ਲਈ ਬਣਾਏਗੀ ਨਵੀਂ ਨੀਤੀ

## ➢ ਮੁੱਖ ਸਕੱਤਰ ਦੀ ਅਗਵਾਈ ਹੇਠ ਕਮੇਟੀ ਦਾ ਗਠਨ ➢ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ ਨੂੰ ਲਾਇਆ ਨੋਡਲ ਅ.ਫਸਰ

**ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਹੁਣ ਸੂਬੇ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਠੱਲ੍ਹਣ ਲਈ ਨਵੀਂ ਨੀਤੀ ਲਿਆਏਗੀ, ਜਿਸ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਵਿਰੋਧੀ ਧਿਰਾਂ ਵੱਲੋਂ ਨਸ਼ਿਆਂ ਦੇ ਪ੍ਰਕੋਪ ਦੇ ਮੱਦੇਨਜ਼ਰ ਸੱਤਾਧਾਰੀ ਧਿਰ ਨੂੰ ਲਗਾਤਾਰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾ ਰਿਹਾ ਹੈ। ਨਵੀਂ ਨੀਤੀ ਦਾ ਇੱਕੋ ਮਕਸਦ ਨਸ਼ਿਆਂ ਦੀ ਰੋਕਥਾਮ, ਨਸ਼ਾ ਛੁਡਾਉਣਾ ਅਤੇ ਨਸ਼ੇੜੀਆਂ ਦਾ ਮੁੜ ਵਸੇਬਾ ਕਰਾਉਣ ਦਾ ਪ੍ਰਬੰਧ ਕਰਨਾ ਅਤੇ ਪ੍ਰੋਗਰਾਮ ਉਲੀਕਣਾ ਹੈ। ਸੂਬਾ ਸਰਕਾਰ ਆਉਂਦੇ ਦੋ-ਤਿੰਨ ਮਹੀਨਿਆਂ ਵਿੱਚ ਨਵੀਂ ਨੀਤੀ ਨੂੰ ਲਾਗੂ ਕਰਨ ਦੇ ਰੌਂਅ ਵਿੱਚ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਨਵੀਂ ਨੀਤੀ ਨੂੰ ਤਿਆਰ ਕਰਨ ਵਾਸਤੇ



ਨਿਰਦੇਸ਼ ਜਾਰੀ ਕਰ ਦਿੱਤੇ ਹਨ। ਸੂਬੇ ਦੇ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਪ੍ਰੋਗਰਾਮ ਦੀ ਨਿਗਰਾਨੀ ਤੇ ਤਾਲਮੇਲ ਲਈ ਮੁੱਖ ਸਕੱਤਰ ਕੇਏਪੀ ਸਿਨਹਾ ਦੀ ਅਗਵਾਈ ਹੇਠ ਇੱਕ ਸਟੇਟ ਸਟੀਅਰਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਦਾ ਨੋਡਲ ਅਫ਼ਸਰ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ ਨੂੰ ਲਾਇਆ ਗਿਆ ਹੈ। ਇਸ ਨੀਤੀ ਦਾ ਕੇਂਦਰ ਬਿੰਦੂ ਨਾਬਾਲਗ ਰਹਿਣਗੇ, ਜਿਨ੍ਹਾਂ ਵਿੱਚ ਪਿਛਲੇ ਸਮੇਂ ਦੌਰਾਨ ਨਸ਼ੇ ਦਾ ਰੁਝਾਨ ਵੱਧ ਦੇਖਣ ਨੂੰ ਮਿਲ ਰਿਹਾ ਹੈ। ਨਵੀਂ ਨੀਤੀ ਦੀ ਮੁੱਢਲੀ ਰੂਪਰੇਖਾ ਅਨੁਸਾਰ ਵਿੱਦਿਅਕ ਅਦਾਰਿਆਂ ਵਿੱਚ ਨਸ਼ਿਆਂ ਦਾ ਰੁਝਾਨ ਰੋਕਣ ਵੱਲ ਸੇਧਿਤ ਹੋਣ ਵਾਲੇ ਪਾਠਕ੍ਰਮ ਬਣਾਏ ਜਾਣੇ ਹਨ ਅਤੇ ਅਗਲੇ ਵਿੱਦਿਅਕ ਸੈਸ਼ਨ ਤੋਂ ਇਸ ਨੂੰ ਪਾਠਕ੍ਰਮ 'ਚ ਸ਼ਾਮਲ ਕੀਤਾ ਜਾਵੇਗਾ। ਇਸੇ ਤਰ੍ਹਾਂ ਔਰਤਾਂ ਲਈ ਨਸ਼ਾ ਛੁਡਾਊ ਅਤੇ ਮੁੜਵਸੇਬਾ ਕਲੀਨਿਕ ਲੁਧਿਆਣਾ ਵਿੱਚ ਸਥਾਪਿਤ ਕੀਤਾ ਜਾ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ ਨਸ਼ਿਆਂ ਦੇ ਮੁੱਦੇ 'ਤੇ ਆਲੋਚਨਾ ਝੱਲਣੀ ਪਈ ਸੀ। ਪਿਛਲੇ ਵਰ੍ਹੇ ਨਸ਼ਾ ਤਸਕਰਾਂ ਖ਼ਿਲਾਫ਼ ਮੁਹਿੰਮ ਚਲਾਈ ਗਈ ਸੀ ਅਤੇ ਹੁਣ ਨਸ਼ਿਆਂ ਦੀ ਰੋਕਥਾਮ ਤੇ ਮੁੜਵਸੇਬੇ 'ਤੇ ਧਿਆਨ ਦਿੱਤਾ ਜਾਣਾ ਹੈ। ਸਕੂਲ ਸਿੱਖਿਆ ਵਿਭਾਗ ਅਤੇ ਉਚੇਰੀ ਸਿੱਖਿਆ ਵਿਭਾਗ ਵੱਲੋਂ ਮਾਸਟਰ ਟਰੇਨਰਜ਼ ਤਿਆਰ ਕੀਤੇ ਜਾਣਗੇ ਜੋ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਸੁਚੇਤ ਕਰਨ ਵਾਸਤੇ ਡਰ ਵੀ ਪੈਦਾ ਕਰਨਗੇ। ਪੰਜਾਬ ਪੁਲੀਸ ਦੇ ਕਮਿਊਨਿਟੀ ਪੁਲੀਸ ਵਿੰਗ ਵੱਲੋਂ ਵੀ ਇਸ ਪਾਸੇ ਸਹਿਯੋਗ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਪੰਜਾਬ ਵਿੱਚ ਪਹਿਲਾਂ ਹੀ 303 ਨਸ਼ਾ ਛੁਡਾਊ ਅਤੇ ਮੁੜਵਸੇਬਾ ਕੇਂਦਰ ਹਨ, ਜਿਨ੍ਹਾਂ ਵਿੱਚ ਪ੍ਰਾਈਵੇਟ ਕੇਂਦਰ ਵੀ ਸ਼ਾਮਲ ਹਨ। ਇਸੇ ਤਰ੍ਹਾਂ ਸੂਬਾ ਸਰਕਾਰ ਓਟ ਕਲੀਨਿਕ ਵੀ ਚਲਾ ਰਹੀ ਹੈ। ਓਟ ਕਲੀਨਿਕਾਂ ਦੇ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਇਲਾਜ ਕਰਵਾਉਣ ਵਾਲੇ ਸਭ ਤੋਂ ਵੱਧ ਮਰੀਜ਼ 18 ਤੋਂ 25 ਸਾਲ ਦੀ ਉਮਰ ਦੇ ਹਨ।

**ਅਮਿਤ ਬਾਂਸਲ ਦੇ ਤਾਰ ਅਹਿਮ ਹਸਤੀਆਂ ਨਾਲ ਜੁੜੇ**

ਪੰਜਾਬ ਵਿੱਚ 22 ਨਸ਼ਾ ਛੁਡਾਊ ਕੇਂਦਰ ਚਲਾ ਰਹੇ ਅਮਿਤ ਬਾਂਸਲ ਦੇ ਤਾਰ ਹੁਣ ਅਹਿਮ ਹਸਤੀਆਂ ਨਾਲ ਜੁੜਦੇ ਨਜ਼ਰ ਆ ਰਹੇ ਹਨ। ਇਨ੍ਹਾਂ 'ਚ ਇੱਕ ਸੱਤਾਧਾਰੀ ਧਿਰ ਦਾ ਆਗੂ ਅਤੇ ਇੱਕ ਹੋਰ ਅਹਿਮ ਸ਼ਖ਼ਸੀਅਤ ਸ਼ਾਮਲ ਹੈ। ਵਿਜੀਲੈਂਸ ਨੇ ਅਮਿਤ ਬਾਂਸਲ ਖ਼ਿਲਾਫ਼ 31 ਦਸੰਬਰ ਨੂੰ ਥਾਣਾ ਵਿਜੀਲੈਂਸ ਬਿਊਰੋ ਮੁਹਾਲੀ ਵਿੱਚ ਕੇਸ ਦਰਜ ਕੀਤਾ ਸੀ ਅਤੇ ਬਾਂਸਲ 8 ਜਨਵਰੀ ਤੱਕ ਪੁਲੀਸ ਹਿਰਾਸਤ ਵਿੱਚ ਹੈ। ਅਮਿਤ ਬਾਂਸਲ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੁਡਾਊ ਗੋਲੀਆਂ ਦੀ ਦੁਰਵਰਤੋਂ ਕੀਤੀ ਜਾਂਦੀ ਸੀ ਅਤੇ ਬਾਜ਼ਾਰ ਵਿੱਚ ਵੀ ਵੇਚ ਦਿੱਤਾ ਜਾਂਦਾ ਸੀ।

# ਅੰਮ੍ਰਿਤਸਰ ਨਗਰ ਨਿਗਮ 'ਚ ਆਮ ਆਦਮੀ ਪਾਰਟੀ ਹੋਈ ਮਜ਼ਬੂਤ, 4 ਆਜ਼ਾਦ ਕੌਂਸਲਰ ਪਾਰਟੀ 'ਚ ਸ਼ਾਮਲ

## 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨੇ ਪਾਰਟੀ 'ਚ ਕਰਾਇਆ ਸ਼ਾਮਿਲ, ਕੀਤਾ ਸਵਾਗਤ



**ਅੰਮ੍ਰਿਤਸਰ/ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਨਗਰ ਨਿਗਮ 'ਚ ਆਮ ਆਦਮੀ ਪਾਰਟੀ (ਆਪ) ਨੂੰ ਵੱਡੀ ਮਜ਼ਬੂਤੀ ਮਿਲੀ ਹੈ। ਐਤਵਾਰ ਨੂੰ ਇੱਥੋਂ ਚਾਰ ਆਜ਼ਾਦ ਕੌਂਸਲਰ 'ਆਪ' ਵਿੱਚ ਸ਼ਾਮਲ ਹੋ ਗਏ। ਚਾਰੋਂ ਕੌਂਸਲਰ 'ਆਪ' ਦੇ ਸੀਨੀਅਰ ਆਗੂਆਂ ਦੀ ਹਾਜ਼ਰੀ ਵਿੱਚ ਪਾਰਟੀ ਵਿੱਚ ਸ਼ਾਮਲ ਹੋਏ।

ਵਾਰਡ ਨੰਬਰ 32 ਤੋਂ ਆਜ਼ਾਦ ਕੌਂਸਲਰ ਜਗਮੀਤ ਸਿੰਘ ਘੁੱਲੀ, ਵਾਰਡ ਨੰਬਰ 85 ਤੋਂ ਕੌਂਸਲਰ ਨਤਾਸ਼ਾ ਗਿੱਲ, ਵਾਰਡ ਨੰਬਰ 70 ਤੋਂ ਸਵਰਗੀ ਕਸ਼ਮੀਰੀ ਲਾਲ ਭਗਤ ਦੇ ਪੁੱਤਰ ਕੌਂਸਲਰ ਵਿਜੇ ਕੁਮਾਰ ਭਗਤ ਅਤੇ ਵਾਰਡ ਨੰਬਰ 4 ਤੋਂ ਕੌਂਸਲਰ ਮਨਦੀਪ ਸਿੰਘ ਔਜਲਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।

ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨੇ ਪਾਰਟੀ ਦੇ ਵਰਕਿੰਗ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਇੰਦਰਬੀਰ ਸਿੰਘ ਨਿੱਝਰ ਅਤੇ ਪਾਰਟੀ ਦੇ ਸੀਨੀਅਰ ਆਗੂ ਦੀਪਕ ਬਾਲੀ ਅਤੇ ਡਾ. ਸੰਨੀ ਆਹਲੂਵਾਲੀਆ ਦੀ ਹਾਜ਼ਰੀ ਵਿਚ ਸਾਰੇ ਕੌਂਸਲਰਾਂ ਨੂੰ ਰਸਮੀ ਤੌਰ 'ਤੇ ਪਾਰਟੀ ਵਿਚ ਸ਼ਾਮਲ ਕੀਤਾ ਅਤੇ ਉਨ੍ਹਾਂ ਦਾ ਆਪ ਪਰਿਵਾਰ ਵਿੱਚ ਸਵਾਗਤ ਕੀਤਾ।

ਸਮੂਹ ਕੌਂਸਲਰਾਂ ਨੇ ਕਿਹਾ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਅਤੇ ਪੰਜਾਬ ਵਿੱਚ 'ਆਪ' ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ 'ਆਪ' ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਪਾਰਟੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪਾਰਟੀ ਵਿੱਚ ਹਰ ਇੱਕ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ (ਦਿਹਾਤੀ) ਬਲਜਿੰਦਰ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਮੁਨੀਸ਼ ਅਗਰਵਾਲ, ਕੌਂਸਲਰ ਜਤਿੰਦਰ ਸਿੰਘ ਮੋਤੀ ਭਾਟੀਆ, ਅਜੀਤ ਸਿੰਘ ਬਿੱਟੂ ਅਤੇ ਅਮੀਰ ਸਿੰਘ ਘੁੱਲੀ ਵੀ ਹਾਜ਼ਰ ਸਨ।

# ਪ੍ਰਦੀਪ ਚੌਹਾਨ ਦਾ ਕਾਵਿ ਸੰਗ੍ਰਹਿ ਸ਼ਿਕਾਇਤ ਕਰਾਂ ਜਾਂ ਸਵਾਲ ਕਰਾਂ ਰਿਲੀਜ਼



**ਪਾਤੜਾਂ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਾਹਿਤ ਸਭਾ ਪਾਤੜਾਂ ਦੀ ਸਾਹਿਤਕ ਇਕੱਤਰਤਾ ਸਭਾ ਦੇ ਪ੍ਰਧਾਨ ਤਰਸੇਮ ਖਾਸਪੁਰੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਉਭਰਦੇ ਕਵੀ ਪ੍ਰਦੀਪ ਸਿੰਘ ਚੌਹਾਨ ਦਾ ਕਾਵਿ ਸੰਗ੍ਰਹਿ 'ਸ਼ਿਕਾਇਤ ਕਰਾਂ ਜਾਂ ਸਵਾਲ ਕਰਾਂ' ਰਿਲੀਜ਼ ਕੀਤਾ ਗਿਆ। ਇਸ ਮੌਕੇ ਬਾਜ਼ ਸਿੰਘ ਮਹਿਲੀਆ, ਗੁਰਨਾਮ ਸਿੰਘ ਚੌਹਾਨ, ਗੁਰਚਰਨ ਸਿੰਘ ਧੰਜੂ, ਜਤਿਨ ਬੱਤਰਾ, ਹਰਪਾਲ ਸਨੇਹੀ ਘੱਗਾ, ਰਾਮਫਲ ਰਾਜਲਹੇੜੀ, ਅਨੀਤਾ ਅਰੋੜ, ਸੁਭਾਸ਼ ਘੱਗਾ, ਲਾਲ ਸਿੰਘ ਚੋਪੜਾ, ਪਰਮਿੰਦਰ ਮੋਦਗਿੱਲ, ਜਤਿੰਦਰ ਭਾਰਦਵਾਜ, ਪ੍ਰਦੀਪ ਸਿੰਘ ਚੌਹਾਨ, ਪ੍ਰੇਮ ਸਿੰਘ ਮੌਲਵੀ ਵਾਲਾ ਅਤੇ ਡਿੰਪਲ ਮੂਨਕ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕਰਕੇ ਚੰਗਾ ਰੰਗ ਬੰਨ੍ਹਿਆ।

ਪੜ੍ਹੀਆਂ ਗਈਆਂ ਰਚਨਾਵਾਂ ਤੇ ਉਸਾਰੂ ਬਹਿਸ ਹੋਈ। ਮੰਚ ਦਾ ਸੰਚਾਲਨ ਉਭਰਦੀ ਸ਼ਾਇਰਾਂ ਸੁਮਨ ਦੀਦ ਨੇ ਬਾਖੂਬੀ ਨਿਭਾਇਆ।

## ਅਧਿਕਾਰੀ ਰੋਜ਼ਾਨਾ ਕਰ ਰਹੇ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ, ਲੈ ਰਹੇ ਨੇ ਸਿਹਤ ਸਬੰਧੀ ਜਾਣਕਾਰੀ : ਡਿਪਟੀ ਕਮਿਸ਼ਨਰ

# ਡਿਪਟੀ ਕਮਿਸ਼ਨਰ ਸਮੇਤ ਏ.ਡੀ.ਸੀਜ਼ ਤੇ ਐਸ.ਡੀ.ਐਮ ਲਗਾਤਾਰ ਧਰਨੇ ਵਾਲੇ ਸਥਾਨਾਂ 'ਤੇ ਮੌਜੂਦ

**ਪਟਿਆਲਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਲਗਾਤਾਰ ਮੁਲਾਕਾਤ ਕਰ ਰਿਹਾ ਹੈ ਤੇ ਰੋਜ਼ਾਨਾ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਉੱਚ ਪੱਧਰੀ ਮੈਡੀਕਲ ਟੀਮ ਦੇ ਨਾਲ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਸਬੰਧੀ ਜਾਣਕਾਰੀ ਲੈ ਰਹੇ ਹਨ ਤੇ ਜ਼ਰੂਰੀ ਮੈਡੀਕਲ ਟੈਸਟ ਵੀ ਕੀਤੇ ਜਾ ਰਹੇ ਹਨ।



ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਰਦਿਆਂ ਕਿਹਾ ਕਿ ਰੋਜ਼ਾਨਾ ਸਿਵਲ ਪ੍ਰਸ਼ਾਸਨ ਦੇ ਏ.ਡੀ.ਸੀ. ਪੱਧਰ ਦੇ ਅਧਿਕਾਰੀ ਢਾਬੀ ਗੁੱਜਰਾਂ ਜਾ ਰਹੇ ਹਨ ਤੇ ਉਹ ਖੁਦ ਵੀ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਮਿਲ ਰਹੇ ਹਨ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਐਸ.ਡੀ.ਐਮ ਪਾਤੜਾਂ ਅਸ਼ੋਕ ਕੁਮਾਰ ਅਤੇ ਉਨ੍ਹਾਂ ਦੀ ਟੀਮ 24 ਘੰਟੇ ਢਾਬੀ ਗੁੱਜਰਾਂ ਵਿਖੇ ਤਾਇਨਾਤ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਮੈਡੀਕਲ ਟੀਮਾਂ ਧਰਨੇ ਵਾਲੀ ਥਾਂ 'ਤੇ 24 ਘੰਟੇ ਡਿਊਟੀ 'ਤੇ ਹਨ ਅਤੇ ਦੋ ਐਡਵਾਂਸਡ ਲਾਈਫ ਸਪੋਰਟ (ਏ.ਐਲ.ਐਸ.) ਐਂਬੂਲੈਂਸਾਂ 24 ਘੰਟੇ 7 ਦਿਨ (ਹਰ ਵੇਲੇ) ਵੀ ਮੌਜੂਦ ਹਨ। ਇਸ ਤੋਂ ਇਲਾਵਾ ਧਰਨੇ ਦੇ ਨੇੜੇ ਹੀ ਸਾਰੀਆਂ ਐਮਰਜੈਂਸੀ ਦਵਾਈਆਂ ਅਤੇ ਉਪਕਰਨਾਂ ਨਾਲ ਲੈਸ ਇੱਕ ਆਰਜ਼ੀ ਹਸਪਤਾਲ ਵੀ ਸਥਾਪਤ ਕੀਤਾ ਗਿਆ ਹੈ, ਜਿੱਥੇ ਕਿ ਮਾਹਿਰ ਡਾਕਟਰਾਂ ਦੀ ਟੀਮ 24 ਘੰਟੇ ਤਾਇਨਾਤ ਕੀਤੀ ਗਈ ਹੈ।

ਅੱਜ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਅਨੁਪ੍ਰਿਤਾ ਜੌਹਲ ਤੇ ਐਸ.ਡੀ.ਐਮ ਪਾਤੜਾਂ ਅਸ਼ੋਕ ਕੁਮਾਰ ਨੇ ਧਰਨੇ ਵਾਲੇ ਸਥਾਨ 'ਤੇ ਭੁੱਖ ਹੜਤਾਲ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ ਕੀਤੀ ਅਤੇ ਸਿਹਤ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ।

# ਸਾਬਕਾ ਮੰਤਰੀ ਅਜਾਇਬ ਸਿੰਘ ਮੁਖਮੇਲਪੁਰ ਦੀ ਮ੍ਰਿਤਕ ਦੇਹ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ

## ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਡਿਪਟੀ ਕਮਿਸ਼ਨਰ ਨੇ ਰੀਥ ਰੱਖਕੇ ਦਿੱਤੀ ਸ਼ਰਧਾਂਜਲੀ

**ਸਨੌਰ/ਪਟਿਆਲਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਮੰਤਰੀ ਅਜਾਇਬ ਸਿੰਘ ਮੁਖਮੇਲਪੁਰ (75 ਸਾਲ) ਜਿਨ੍ਹਾਂ ਦਾ ਬੀਤੇ ਦਿਨ ਕੁਝ ਸਮਾਂ ਬਿਮਾਰ ਰਹਿਣ ਬਾਅਦ ਦਿਹਾਂਤ ਹੋ ਗਿਆ ਸੀ, ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਮੁਖਮੇਲਪੁਰ ਵਿਖੇ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ।ਇਸ ਮੌਕੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ, ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਮ੍ਰਿਤਕ ਦੇਹ 'ਤੇ ਫੁੱਲਾਂ ਦੀ ਰੀਥ ਰੱਖਕੇ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਪਟਿਆਲਾ ਪੁਲਿਸ ਦੀ ਟੁਕੜੀ ਨੇ ਹਥਿਆਰ ਉਲਟੇ ਕਰਕੇ ਅਤੇ ਫਾਇਰ ਕਰਕੇ ਸਾਬਕਾ ਮੰਤਰੀ ਨੂੰ ਸ਼ੋਕ ਸਲਾਮੀ ਦਿੱਤੀ।

ਇਸ ਦੌਰਾਨ ਅਜਾਇਬ ਸਿੰਘ ਮੁਖਮੇਲਪੁਰ ਦੀ ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਅਜੇਪ੍ਰੀਤ ਸਿੰਘ ਮੁਖਮੇਲਪੁਰ ਨੇ ਦਿਖਾਈ।ਜਿਕਰਯੋਗ ਹੈ ਕਿ ਅਜਾਇਬ ਸਿੰਘ 1997 ਵਿੱਚ ਹਲਕਾ ਘਨੌਰ ਤੋਂ ਵਿਧਾਇਕ ਚੁਣੇ ਗਏ ਸਨ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਬਣੇ।ਉਹ ਅਪਣੀ ਧਰਮ ਪਤਨੀ ਬੀਬੀ ਹਰਪ੍ਰੀਤ ਕੌਰ ਸਾਬਕਾ ਵਿਧਾਇਕ, ਪੁੱਤਰ ਅਜੇਪ੍ਰੀਤ ਸਿੰਘ, ਪੁੱਤਰੀਆਂ ਤੇ ਜਵਾਈਆਂ ਹਰਨੀਤ ਕੌਰ ਤੇ ਹਰਿੰਦਰਪਾਲ ਸਿੰਘ ਟੌਹੜਾ, ਪਰਨੀਤ ਕੌਰ ਤੇ ਸਿਮਰਨਜੋਤ ਸਿੰਘ ਢਿੱਲੋਂ ਸਮੇਤ ਹੋਰ ਪਰਿਵਾਰਕ ਮੈਂਬਰਾਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ।



ਪੰਜਾਬ ਦੇ ਸਾਬਕਾ ਮੰਤਰੀ ਅਜਾਇਬ ਸਿੰਘ ਮੁਖਮੇਲਪੁਰ ਦੀ ਮ੍ਰਿਤਕ ਦੇਹ ਦੇ ਅੰਤਿਮ ਸਸਕਾਰ ਮੌਕੇ ਪਿੰਡ ਮੁਖਮੇਲਪੁਰ ਵਿਖੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਮ੍ਰਿਤਕ ਦੇਹ 'ਤੇ ਫੁੱਲਾਂ ਦੀ ਰੀਥ ਰੱਖਕੇ ਸ਼ਰਧਾਂਜਲੀ ਭੇਂਟ ਕਰਦੇ ਹੋਏ।

ਮਰਹੂਮ ਸਾਬਕਾ ਮੰਤਰੀ ਅਜਾਇਬ ਸਿੰਘ ਮੁਖਮੇਲਪੁਰ ਦੇ ਅੰਤਿਮ ਸਸਕਾਰ ਮੌਕੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਉਨ੍ਹਾਂ ਦੇ ਸਪੁੱਤਰ ਹਰਜਸ਼ਨ ਸਿੰਘ ਪਠਾਣਮਾਜਰਾ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਅਜਾਇਬ ਸਿੰਘ ਜ਼ਮੀਨ ਨਾਲ ਜੁੜੇ ਹੋਏ ਆਗੂ ਸਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਲੋਕਾਂ ਦੀ ਸੇਵਾ ਲਈ ਸਮਰਪਿਤ ਕੀਤੀ।ਉਨ੍ਹਾਂ ਕਿਹਾ ਕਿ ਮਰਹੂਮ ਆਗੂ ਦੇ ਜਾਣ ਨਾਲ ਮੁਖਮੇਲਪੁਰ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ। ਪਠਾਣਮਾਜਰਾ ਨੇ ਕਿਹਾ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਉਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐਸ.ਡੀ.ਐਮ ਦੂਧਨਸਾਧਾਂ ਕਿਰਪਾਲਵੀਰ ਸਿੰਘ ਨੇ ਅਤੇ ਜ਼ਿਲ੍ਹਾ ਪੁਲਿਸ ਮੁਖੀ ਡਾ. ਨਾਨਕ ਸਿੰਘ ਦੀ ਤਰਫ਼ੋਂ ਐਸ.ਪੀ. ਰਜੇਸ਼ ਛਿੱਬੜ ਨੇ ਰੀਥਾਂ ਰੱਖੀਆਂ। ਅੰਤਿਮ ਸਸਕਾਰ ਮੌਕੇ ਅਰਦਾਸ ਗੁਰਦੁਆਰਾ ਸ੍ਰੀ ਦੁਖ ਨਿਵਾਰਨ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਪਰਨਾਮ ਸਿੰਘ ਨੇ ਕੀਤੀ।

ਇਸ ਮੌਕੇ ਗੁਰਦੁਆਰਾ ਬਹਾਦਰਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਅਵਤਾਰ ਸਿੰਘ, ਹਿੰਦੂ ਤਖਤ ਦੇ ਮਹੰਤ ਬ੍ਰਹਮਾਨੰਦ ਗਿਰੀ, ਸਾਬਕਾ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ, ਆਦੇਸ਼ਪ੍ਰਤਾਪ ਸਿੰਘ ਕੈਰੋਂ ਤੇ ਡਾ. ਦਲਜੀਤ ਸਿੰਘ ਚੀਮਾ, ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੁਲਦੀਪ ਕੌਰ ਟੌਹੜਾ, ਸੁਰਜੀਤ ਸਿੰਘ ਗੜ੍ਹੀ, ਜਰਨੈਲ ਸਿੰਘ ਕਰਤਾਰਪੁਰ ਸਮੇਤ ਵੱਡੀ ਗਿਣਤੀ ਸਿਆਸੀ, ਧਾਰਮਿਕ ਅਤੇ ਸਮਾਜਿਕ ਆਗੂਆਂ, ਮੌਜੂਦਾ ਤੇ ਸਾਬਕਾ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਪਰਿਵਾਰਕ ਮੈਂਬਰਾਂ ਸਮੇਤ ਇਲਾਕਾ ਨਿਵਾਸੀਆਂ ਨੇ ਵਿਛੜੇ ਆਗੂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ।

# ਪਰਦਾ ਰਹਿ ਗਿਆ

ਮਿਨੀ ਕਹਾਣੀ

• ਵਿਵੇਕ, ਕੋਟ ਈਸੇ ਖਾਂ



'ਅੱਛਾ ਇਹ ਕਾਰਡ ਤੇ ਮਿਠਾਈ ਦਾ ਡੱਬਾ ਕਿਸ਼ਨ ਘਰ ਦੇ ਆਵਾਂ'। ਆਪਣੇ ਮੁੰਡੇ ਦੇ ਵਿਆਹ ਦਾ ਕਾਰਡ ਤੇ ਇਕ ਡੱਬਾ ਲਿਫ਼ਾਫ਼ੇ ਵਿਚ ਪਾਉਂਦੇ ਹੋਏ ਰਾਜ ਨੇ ਆਪਣੀ ਘਰ ਵਾਲੀ ਨੂੰ ਕਿਹਾ।

'ਤਹਾਨੂੰ ਕੀ ਹੋ ਗਿਆ'।

'ਕਿਉਂ'।

'ਉਹਦੀ ਹਾਲਤ ਵੇਖੀ ਆ, ਮੈਂ ਪਹਿਲਾਂ ਵੀ ਕਿਹਾ ਹੈ ਕਿ ਉਸ ਨੂੰ ਬਰਾਤ ਨਾਲ ਨਹੀ ਲੈ ਕੇ ਜਾਣਾ। ਬਾਹਰ ਸਾਈਕਲ ਲੈ ਕੇ ਕਬਾੜ ਦੇ ਗੇੜੇ ਲਾਉਂਦਾ, ਜਿਹੋ-ਜਿਹਾ ਕੰਡਮ ਸਾਇਕਲ ਉਹੋ ਜਿਹੀ ਉਸ ਦੀ ਹਾਲਤ, ਬਰਾਤ ਨਾਲ ਲੈ ਜਾ ਕੇ ਬੇਇੱਜ਼ਤੀ ਕਰਾਉਣੀ ਆ। ਤੁਸੀ ਤੇ ਉਹ ਜਾ ਕੇ ਵਿਆਹ ਲਿਆਓ ਮੁੰਡੇ ਨੂੰ, ਮੈਂ ਨੀ ਜਾਣਾ ਨਾਲ। ਰਾਜ ਦੀ ਘਰਵਾਲੀ ਪੂਰੇ ਗੁੱਸੇ ਨਾਲ ਬੋਲ ਰਹੀ ਸੀ।

'ਤੂੰ ਕਿਹੋ ਜਿਹੀਆਂ ਗੱਲਾਂ ਕਰਦੀ ਏਂ'।

ਭਰਾ ਨੂੰ ਛੱਡ ਦਿਆਂ। ਲੋਕੀ ਕੀ ਕਹਿਣਗੇ? ਚਾਰ ਪੈਸਿਆਂ ਦਾ ਹੰਕਾਰ, ਇਹੋ ਗੱਲਾਂ ਹੋਣਗੀਆਂ। ਰਾਜ ਮੱਥੇ 'ਤੇ ਵੱਟ ਪਾ ਕਹਿਣ ਲੱਗਾ।

'ਚੰਗਾ ਜੇ ਉਸ ਨੂੰ ਨਾਲ ਲੈ ਕੇ ਜਾਣਾ ਹੈ ਤਾਂ ਆਪਣਾ ਪੁਰਾਣਾ ਸਫਾਰੀ ਸੂਟ ਉਸ ਨੂੰ ਦੇ ਦਿਉ। ਜਿਹੜਾ ਪਾ ਕੇ ਉਹ ਬਰਾਤ ਵਿਚ ਆ ਜਾਵੇ। ਘਰਵਾਲੀ ਨੇ ਸਕੀਮ ਦੱਸੀ।

'ਹਾਂ...ਹਾਂ... ਇਹ ਗੱਲ ਠੀਕ ਹੈ, ਤੂੰ ਜਾਹ ਮੇਰਾ ਪੁਰਾਣਾ ਸੂਟ ਕੱਢ ਲਿਆ। ਉਹ ਨਾਲ ਦੇ ਆਉਂਦਾ ਹਾਂ, ਇਹ ਡੱਬਾ ਰਹਿਣ ਦੇ, ਰਾਜ ਨੂੰ ਹੁਣ ਤਸੱਲੀ ਸੀ ਕਿ ਚੱਲੋ ਪਰਦਾ ਢੱਕਿਆ ਗਿਆ। ਉਹ ਸੂਟ ਤੇ ਕਾਰਡ ਲੈ ਕੇ ਭਰਾ ਦੇ ਘਰ ਵੱਲ ਤੁਰ ਪਿਆ।

ਮੋਬਾਈਲ : 94633-84051

# ਲੋਕ ਕਵੀ ਬਾਬਾ ਨਜ਼ਮੀ



ਅੰਮ੍ਰਿਤਪਾਲ ਸਿੰਘ ਸੰਧੂ ਬਾੜੀਆਂ

ਮੋਬਾਈਲ : 94649-29718

**ਕਿਸਮਤ ਨਜ਼ਮੀ ਦੀ ਨਜ਼ਰੇ ਕੋਈ ਸ਼ੈਅ ਨਹੀਂ। ਮੁਕੱਦਰ ਦਾ ਲੜ ਫੜੀ ਬੈਠੇ ਉਸ ਨੂੰ ਬੇਹਿੰਮਤੇ ਜਾਪਦੇ ਨੇ, ਉਹ ਤਾਂ ਪੱਥਰਾਂ ਨੂੰ ਚੀਰ ਕੇ ਫੁੱਟਣ ਦਾ ਬਲ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਇਹੋ ਪ੍ਰੇਰਨਾ ਕਿਤਿਓਂ ਵੀ ਪੈਦਾ ਹੋਏ ਨਿਰਾਸ਼ਾਵਾਦ ਨੂੰ ਆਸ਼ਾਵਾਦ ਦੇ ਰੂਪ ਵਿਚ ਬਦਲਦੀ ਹੈ...**

ਬਾਬਾ ਨਜ਼ਮੀ ਪਾਠਕ ਨਾਲ ਪਰਸਪਰ ਸਾਂਝ ਪਾ ਕੇ ਲਿਖਣ ਵਾਲਾ ਕਵੀ ਹੈ। ਉਸ ਦਾ ਸ਼ਬਦ ਸ਼ਬਦ ਪਾਠਕ ਦੇ ਮੇਚ ਦਾ ਹੋਣ ਕਰਕੇ ਜ਼ਿਹਨ ਵਿਚ ਅਸਾਨੀ ਨਾਲ ਉਤਰ ਜਾਂਦਾ ਹੈ। ਉਸ ਦੀ ਕਵਿਤਾ ਦੀ ਸੁੰਦਰਤਾ ਉਹੋ ਨਛੱਤਰਾਂ ਤੋਂ ਨਹੀਂ ਆਉਂਦੀ ਸਗੋਂ ਧਰਾਤਲ ਵਿੱਚੋਂ ਉਗਮੀਆਂ, ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ, ਉਲਝਣਾਂ, ਭਾਸ਼ਾਈ ਵਿਤਕਰਿਆਂ, ਮਾਨਸਿਕ ਦੁਵਿਧਾਵਾਂ ਵਿੱਚੋਂ ਪੈਦਾ ਹੁੰਦੀ ਹੈ। ਬੌਧਿਕ ਤੱਤ ਦਾ ਭਾਰ ਪਾ ਕੇ ਪਹਿਲਾਂ ਤੋਂ ਦੱਬੇ-ਘੁੱਟੇ ਪਾਠਕਾਂ ਦੀ ਸੋਹਜ ਤ੍ਰਿਪਤੀ ਵਿਚ ਰੁਕਾਵਟ ਬਣਨਾ ਸ਼ਾਇਦ ਉਸ ਨੂੰ ਗਵਾਰਾ ਨਹੀਂ। ਖ਼ਬਰੇ ਇਸੇ ਕਰਕੇ ਉਸ ਦੀ ਕਵਿਤਾ ਨੂੰ ਪਾਠਕਾਂ ਦਾ ਪਿਆਰ ਮਣਾਂ-ਮੂੰਹੀਂ ਮਿਲਦਾ ਹੈ। ਲੋਕ ਗੀਤਾਂ ਵਾਂਗ ਉਸ ਦੇ ਕਈ ਸ਼ੇਅਰ ਲੋਕ ਜ਼ੁਬਾਨ 'ਤੇ ਚੜ੍ਹੇ ਹੋਣ ਕਾਰਨ ਲੋਕ ਕਵੀ ਦਾ ਤਾਜ ਉਸ ਸਿਰ ਸਜਿਆ ਹੋਇਆ ਹੈ।

ਮਾਰਕਸ ਵਾਂਗ ਜਮਾਤੀ ਸੰਘਰਸ਼ ਬਾਬਾ ਨਜ਼ਮੀ ਦੇ ਕਾਵਿ ਅੰਦਰ ਮੁੱਖ ਵਿਸ਼ਾ ਹੈ। ਸ਼ੋਸ਼ਕ ਅਤੇ ਸ਼ੋਸ਼ਿਤ ਦੋ ਵਿਰੋਧੀ ਧਿਰਾਂ ਦਾ ਅਸਤਿੱਤਵ ਖਤਮ ਨਹੀਂ ਹੋਇਆ। ਮਾਲਕ, ਮਜ਼ਦੂਰ, ਅਮੀਰ ਤੇ ਗ਼ਰੀਬ ਵਿਚਕਾਰਲੀ ਵਿੱਥ ਦਿਨੋਂ ਦਿਨ ਵਧਦੀ ਜਾ ਰਹੀ ਹੈ।

ਸਮਾਜਿਕ ਅਤੇ ਆਰਥਿਕ ਜੀਵਨ ਵਿਚ ਵਿਤਕਰਾ ਵਧਣ ਕਾਰਨ ਮਨੁੱਖ ਸਰੀਰਕ ਤੇ ਮਾਨਸਿਕ ਤੌਰ 'ਤੇ ਖੋਖਲਾ ਹੋ ਰਿਹਾ ਹੈ। ਜਿਸ ਘਰ ਦਾਣੇ ਉਸ ਦੇ ਕਮਲੇ ਵੀ ਸਿਆਣੇ ਵਾਲੀ ਗੱਲ ਸਹੀ ਸਾਬਤ ਹੋ ਰਹੀ ਹੈ। ਅਮੀਰ ਦਾ ਕੋਝਾਪਨ ਉਸ ਦੀ ਦੌਲਤ ਲੁਕੋ ਰਹੀ ਹੈ।

*ਮੇਰੇ ਨਾਲੋਂ ਕੁਹਝਾ ਪੁੱਤਰ ਲੰਬੜਾਂ ਦਾ*
*ਧਰਤੀ ਉੱਤੇ ਫਿਰਦਾ ਏ ਮਗਰੂਰੀ ਨਾਲ..*

ਸਾਰੀ ਉਮਰ ਮਿਹਨਤ ਦੀ ਭੱਠੀ ਖੁਦ ਨੂੰ ਝੋਕ ਹੱਥਾਂ 'ਤੇ ਛਾਲਿਆਂ ਤੋਂ ਬਿਨਾ ਕੁਝ ਨਹੀਂ ਮਿਲਦਾ ਘਰੋਗੀ ਲੋੜਾਂ ਪੂਰੀਆਂ ਕਰਦੇ ਪੇਟ ਦੀ ਅੱਗ ਬੁਝਾਉਂਦੇ ਸਿਰ ਧੌਲਿਆਂ ਨਾਲ ਭਰ ਗਿਆ ਪਰ ਘਰ ਦੇ ਹਾਲਾਤ ਨਹੀਂ ਬਦਲੇ। ਜਵਾਨੀ ਵਿਚ ਬੁਢਾਪੇ ਨੇ ਦਸਤਕ ਦੇ ਦਿੱਤੇ ਪਰ ਖਾਣ ਨੂੰ ਸੁੱਕੇ ਟੁੱਕਰ ਛੰਨੇ ਵਿਚ ਜੁੜੇ।

*ਮੇਰੇ ਹੱਥੀਂ ਛਾਲੇ ਪਏ ਮਜ਼ਦੂਰੀ ਨਾਲ,*
*ਫਿਰ ਵੀ ਨਹੀਂਓਂ ਭਰਿਆ ਛੰਨਾ ਚੂਰੀ ਨਾਲ।*

ਉਸ ਦੇ ਕਾਵਿ ਅੰਦਰ ਨਿਮਨ ਵਰਗ ਦਾ ਦੁਖਾਂਤ ਤੰਗੀਆਂ ਤੁਰਸ਼ੀਆਂ ਦੇ ਰਾਹੀ ਝਲਕ ਦਾ ਹੈ। ਭਾਵੇਂ ਹਿੰਮਤ ਅੱਗ ਵਰਗੀ ਹੈ ਭਾਂਡੇ ਫਿਰ ਵੀ ਪਿੱਲੇ ਨੇ। ਗ਼ਰੀਬ ਬੰਦੇ ਦੀ ਜ਼ਿੰਦਗੀ ਵਿਚ ਹਰ ਦਿਨ ਦਾ ਮਨੋਰਥ ਮਸ਼ੀਨ ਵਾਂਗੂ ਗਤੀਸ਼ੀਲ ਰਹਿਣਾ ਹੈ ਅਤੇ ਹੱਡਾਂ ਨੂੰ ਪੁਰਜਿਆਂ ਵਾਂਗ ਰਗੜ ਕੇ ਸ਼ਾਮ ਦਾ ਚੁੱਲ੍ਹਾ ਬਾਲਣ ਜੋਗੇ ਪੈਸੇ ਇਕੱਠੇ ਕਰਨਾ ਹੈ। ਕੋਈ ਦਿਨ ਉਨ੍ਹਾਂ ਲਈ ਖ਼ਾਸ ਨਹੀਂ ਭਾਵੇਂ ਦਿਵਾਲੀ ਜਾਂ ਫਿਰ ਈਦ ਉਨ੍ਹਾਂ ਨੂੰ ਤਾਂ ਰੋਜ਼ੀ ਦਾ ਹੀ ਫ਼ਿਕਰ ਹੁੰਦਾ।

*ਉਨ੍ਹਾਂ ਦਾ ਵੀ ਤੂੰ ਹੀਉਂ ਰੱਬ ਏਂ*
*ਇਹਦਾ ਅੱਜ ਜਵਾਬ ਤੇ ਦੇ,*
*ਈਦਾਂ ਵਾਲੇ ਦਿਨ ਵੀ ਜਿਹੜੇ*
*ਕਰਨ ਦਿਹਾੜੀ ਜਾਂਦੇ ਨੇ..*

ਉਸ ਦੀ ਕਵਿਤਾ ਨਿਰਾਸ਼ਾਵਾਦੀ ਨਹੀ , ਕਿਸਮਤਵਾਦੀ ਵੀ ਨਹੀਂ ਜੇ ਕਿਧਰੇ ਮਾਸਾ ਕੁ ਨਿਰਾਸ਼ਾਵਾਦ ਝਲਕ ਦਾ ਹੈ ਤਾਂ ਉਹ ਕਿਸਮਤ ਜਾਂ ਮੁਕੱਦਰ ਦਾ ਲੜ ਫੜਨ ਨੂੰ ਨਹੀਂ ਕਹਿੰਦਾ ਸਗੋਂ ਮਾਰਕਸੀ ਪਾਸਾ ਪਲਟਣ ਦਾ ਗੁੱਝਾ ਭੇਤ ਵੀ ਉਸ ਦੇ ਕਾਵਿ ਅੰਦਰ ਛੁਪਿਆ ਹੈ। ਕਿਸਮਤ ਉਸ ਦੀ ਨਜ਼ਰੇ ਕੋਈ ਸ਼ੈਅ ਹੈ ਹੀ ਨਹੀਂ ਮੁਕੱਦਰ ਦਾ ਲੜ ਫੜੀ ਬੈਠੇ ਉਸ ਨੂੰ ਬੇਹਿੰਮਤੇ ਜਾਪਦੇ ਨੇ ਉਹ ਤਾਂ ਪੱਥਰਾਂ ਨੂੰ ਚੀਰ ਕੇ ਫੁੱਟਣ ਦਾ ਬਲ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਇਹੋ ਪ੍ਰੇਰਨਾ ਕਿਤਿਓਂ ਵੀ ਪੈਦਾ ਹੋਏ ਨਿਰਾਸ਼ਾਵਾਦ ਨੂੰ ਆਸ਼ਾਵਾਦ ਦੇ ਰੂਪ ਵਿਚ ਬਦਲਦੀ ਹੈ।

*ਬੇ ਹਿੰਮਤੇ ਨੇ ਜਿਹੜੇ ਬਹਿ ਕੇ*
*ਸ਼ਿਕਵਾ ਕਰਨ ਮੁਕੱਦਰਾਂ ਦਾ,*
*ਉੱਗਣ ਵਾਲੇ ਉੱਗ ਪੈਂਦੇ ਨੇ*
*ਸੀਨਾ ਪਾੜ ਕੇ ਪੱਥਰਾਂ ਦਾ।*
*-ਮੰਜ਼ਿਲ ਦੇ ਮੱਥੇ ਦੇ ਉੱਤੇ*
*ਤਖ਼ਤੀ ਲੱਗਦੀ ਉਨ੍ਹਾਂ ਦੀ,*
*ਜਿਹੜੇ ਘਰੋਂ ਬਣਾ ਕੇ ਟੁਰਦੇ*
*ਨਕਸ਼ਾ ਆਪਣੇ ਸਫ਼ਰਾਂ ਦਾ।*



ਕਿਸਮਤ ਨੂੰ ਪਿੱਟਣਾ ਕਿਸੇ ਮੁਸ਼ਕਿਲ ਦਾ ਹੱਲ ਨਹੀਂ ਸਭੇ ਮੁਸਾਫ਼ਿਰ ਇਕੋ ਪੈਂਡਾ ਤੈਅ ਕਰ ਇੱਕੋ ਮੰਜ਼ਿਲ 'ਤੇ ਪੁੱਜਦੇ ਹਨ, ਤਕਦੀਰਾਂ ਉਹੀ ਪਿੱਟਦੇ ਹਨ ਜੋ ਕੁਝ ਨਾ ਕਰਨ ਦਾ ਮਨ ਬਣਾਈ ਬੈਠੇ ਨੇ।

*ਰਸਤਾ ਪੈਂਡਾ ਵੇਲਾ ਇੱਕੋ*
*ਮੰਜ਼ਿਲ ਉੱਤੇ ਅਪੜਨ ਦਾ*
*ਪਿੱਟਣਗੇ ਤਕਦੀਰਾਂ ਬਹਿ ਕੇ*
*ਜ਼ਰਾ ਵੀ ਜਿਹੜੇ ਢਿੱਲੇ ਰਹੇ..*

ਬਾਬਾ ਨਜ਼ਮੀ ਸ਼ਬਦ ਜਾਲ ਵਿਚ ਉਲਝਾਉਂਦਾ ਨਹੀਂ ਅਤੇ ਨਾ ਹੀ ਘੁਮਾ ਫਿਰਾ ਕੇ ਗੱਲ ਕਹਿੰਦਾ ਹੈ ਲੋਕਾਂ ਦੇ ਦੁੱਖ ਦਰਦ ਨੂੰ ਹਕੂਮਤ ਤਕ ਕਾਸਦ ਬਣ ਕੇ ਬਿਨਾਂ ਪਰਦੇ ਸਿੱਧਾ ਅੱਪੜਦਾ ਕਰਦਾ ਹੈ। ਉਸ ਦੀ ਨਜ਼ਰੇ ਹਾਕਮ ਦੇ ਰਾਜ ਵਿਚ ਜੇ ਕਰ ਰੱਜਵਾਂ ਟੁੱਕ ਨਹੀ ਮਿਲਦਾ ਤਾਂ ਹਾਕਮ ਮਨੁੱਖ ਕਹਾਉਣ ਦੇ ਕਾਬਲ ਨਹੀ।

*ਜਿਸ ਧਰਤੀ 'ਤੇ ਰੱਜਵਾਂ ਟੁੱਕਰ*
*ਖਾਂਦੇ ਨਹੀਂ ਮਜ਼ਦੂਰ,*
*ਉਸ ਧਰਤੀ ਦੇ ਹਾਕਮ ਕੁੱਤੇ*
*ਉਸ ਦੇ ਹਾਕਮ ਸੂਰ..*

ਨਜ਼ਮੀ ਝੱਖੜਾਂ ਵਿਚ ਪੰਜਾਬੀ ਦਾ ਦੀਵਾ ਬਾਲਣ ਦਾ ਦਮ ਰੱਖਦਾ ਹੈ। ਪੰਜਾਬੀ ਨੂੰ ਅੱਗੇ ਲੈ ਕੇ ਜਾਣ ਵਾਲਿਆਂ ਤੇ ਮਾਣ ਕਰਦਾ ਹੈ ਪੰਜਾਬੀ ਦੇ ਹੱਕ ਵਿਚ ਹਿੱਕ ਠੋਕ ਕੇ ਨਾਅਰਾ ਹੀ ਨਹੀਂ ਲਾਉਂਦਾ ਸਗੋਂ ਸਭ ਤੋਂ ਅੱਗੇ ਪਰਚਮ ਚੁੱਕ ਕੇ ਤੁਰਨ ਲਈ ਤਿਆਰ ਵੀ ਰਹਿੰਦਾ ਹੈ। ਉਹ ਪੰਜਾਬੀ ਨਾ ਬੋਲਣ ਵਾਲਿਆਂ ਨੂੰ ਗ਼ੱਦਾਰ ਦਾ ਫ਼ਤਵਾ ਦਿੰਦਾ ਹੈ

*ਆਪਣੀ ਬੋਲੀ ਬੋਲਣ ਲੱਗੇ*
*ਜਿਨ੍ਹਾਂ ਦਾ ਸਾਹ ਘੁੱਟ ਦਾ ਹੈ*
*ਬਾਬਾ ਨਜ਼ਮੀ ਦੇ ਦੇ ਫ਼ਤਵਾ*
*ਉਹ ਗ਼ੱਦਾਰ ਪੰਜਾਬੀ ਨੇ..*

ਸਮਾਜਿਕ, ਰਾਜਨੀਤਿਕ ਪ੍ਰਦੂਸ਼ਣ ਦੇ ਨਾਲ ਨਾਲ ਧਾਰਮਿਕ ਪ੍ਰਦੂਸ਼ਣ ਵੀ ਵਧ ਰਿਹਾ ਹੈ। ਇੱਥੇ ਰਹਿਣ ਵਾਲੇ ਮਨੁੱਖਾਂ ਵਿਚ ਧਾਰਮਿਕ ਨਿਰਪੱਖਤਾ ਦੀ ਥਾਂ ਕੱਟੜਵਾਦ ਨੂੰ ਹੋਰ ਹਵਾ ਦੇਣ ਵਾਲਾ ਵਿਚਾਰ 'ਮੇਰਾ ਧਰਮ ਸਭ ਤੋਂ ਮਹਾਨ ਜਾਂ ਉੱਚਾ ਹੈ' ਮਨ ਵਿਚ ਘਰ ਕਰੀ ਬੈਠਾ ਹੈ। ਮੰਦਰ ਮਸਜਿਦ ਗਿਰਜੇ ਸ਼ਾਂਤੀ ਦਾ ਪ੍ਰਤੀਕ ਹਨ ਪਰ ਲੋਕਾਂ ਨੇ ਧਾਰਮਿਕ ਕਦਰਾਂ ਕੀਮਤਾਂ ਨੂੰ ਪਿਛਾਂਹ ਸੁੱਟ ਕੇ ਆਪ ਘੜੇ ਅਨੈਤਿਕ ਅਸੂਲਾਂ ਨੂੰ ਧਰਮ ਦਾ ਨਾਂ ਦੇ ਦਿੱਤਾ ਹੈ। ਜਿਸ ਨਾਲ ਦੋ ਧਿਰਾ ਦੇ ਟਕਰਾਅ ਦੀ ਸਥਿਤੀ ਬਣੀ ਰਹਿੰਦੀ ਹੈ ਪਰ ਬਾਬਾ ਨਜ਼ਮੀ ਨੇ ਮੰਦਿਰ ਮਸਜਿਦ ਦਾ ਸੁਨੇਹਾ ਸ਼ਾਂਤੀਪੂਰਨ ਢੰਗ ਨਾਲ ਦਿੱਤਾ ਹੈ ਅਤੇ ਬਾਹਰੀ ਤੌਰ 'ਤੇ ਆਪਸ ਵਿਚ ਲੜਨ ਤੋਂ ਰੋਕ ਕੇ ਅੰਦਰੂਨੀ ਤੌਰ ਤੇ ਅਸਲੀ ਧਰਮ ਨੂੰ ਸਮਝਣ ਲਈ ਆਪਣੀ ਧਾਰਮਿਕ ਵਿਚਾਰਧਾਰਾ ਦਿੱਤੀ ਹੈ। ਉਸ ਦੀ ਨਜ਼ਰ ਵਿਚ ਧਰਮ ਇਕਸਾਰ ਹੋਣ ਮੰਦਿਰ ਅੱਗੇ ਨਮਾਜ਼ ਲਈ ਹੱਥ ਚੁੱਕੇ ਜਾਣ ਅਤੇ ਮਸਜਿਦ ਅੱਗੇ ਸਿਰ ਝੁਕ ਜਾਵੇ

*ਮਸਜਿਦ ਮੇਰੀ ਤੂੰ ਕਿਉਂ ਢਾਵੇ*
*ਮੈਂ ਕਿਉ ਤੋੜਾਂ ਮੰਦਰ ਨੂੰ,*
*ਆ ਜਾ ਦੋਵੇਂ ਬਹਿ ਕੇ ਪੜ੍ਹੀਏ*
*ਇਕ ਦੂਜੇ ਦੇ ਅੰਦਰ ਨੂੰ।*
*ਸਦੀਆਂ ਵਾਂਗੂ ਅੱਜ ਵੀ ਕੁਝ ਨਈਂ*
*ਜਾਣਾ ਮਸਜਦ ਮੰਦਿਰ ਦਾ,*
*ਲਹੂ ਤੇ ਤੇਰਾ ਮੇਰਾ ਲੱਗਣਾ*
*ਇਕ ਦੂਜੇ ਦੇ ਖੰਜਰ ਨੂੰ।*

ਸਮਾਜਿਕ ਆਰਥਿਕ ਸਿਸਟਮ ਵਿਚ ਕ੍ਰਾਂਤੀ ਲਿਆਉਣ ਲਈ ਮਾਰਕਸ ਵਾਂਗ ਭਵਿੱਖ ਬਾਣੀ ਵੀ ਕਰਦਾ ਹੈ। ਉਸ ਨੂੰ ਲੱਗਦਾ ਹੈ ਲੋਕ ਆਪਣੀ ਨੀਂਦ ਵਿੱਚੋਂ ਜਾਗ ਕੇ, ਤਕੜੇ ਦੇ ਇਕ ਨਾ ਇਕ ਦਿਨ ਸਿੰਗ ਜ਼ਰੂਰ ਭੰਨਣਗੇ।

*ਦਿੱਤੀ ਢਿੱਲ ਤੇ ਤੇਰੇ ਅੰਬਰ ਸਾੜੇਗੀ*
*ਰੱਖੀ ਜਿਹੜੀ ਸੀਨੇ ਵਿੱਚ ਦਬਾ ਕੇ ਅੱਗ।*
*ਕਿਬਲਾ ਸਿੱਧਾ ਕਰ ਲਉ ਆਪਣਾ ਚੌਧਰੀਓ,*
*ਜਨਤਾ ਨਿੱਕਲ ਪਵੇ ਨਾ ਕਿਧਰੇ ਖਾ ਕੇ ਅੱਗ।*

ਬਾਬਾ ਨਜ਼ਮੀ ਯਥਾਰਥ ਪੇਸ਼ ਕਰਦਾ ਹੈ ਉਹ ਕਿਸੇ ਵੀ ਕੀਮਤ 'ਤੇ ਹਾਕਮ ਦੇ ਕਸੀਦੇ ਨਹੀਂ ਕਹਿਣਾ ਚਾਹੁੰਦਾ ਸਗੋਂ ਕਾਣੀ ਵੰਡ ਦਾ ਢੰਡੋਰਾ ਪਿੱਟਦਾ ਹੈ। ਬਾਬਾ ਨਜ਼ਮੀ ਸਿਰਫ਼ ਕਵਿਤਾ ਵਿਚ ਹੀ ਸਮਾਜਿਕ ਆਰਥਿਕ ਭਾਸ਼ਾਈ ਸਮੱਸਿਆਵਾਂ ਲਈ ਨਹੀਂ ਲੜਦਾ ਸਗੋਂ ਅਸਲ ਜ਼ਿੰਦਗੀ ਵਿਚ ਵੀ ਇਕ ਜੁਝਾਰੂ ਸ਼ਖ਼ਸੀਅਤ ਹੈ। •

# ਗੋਡਿਆਂ ਦੀ ਗਰੀਸ

ਮਿਨੀ ਕਹਾਣੀ

• ਸੁਖਵੀਰ ਘੁਮਾਣ ਦਿੜ੍ਹਬਾ

'ਕੀ ਗੱਲ, ਬਾਹਲਾ ਈ ਔਖਾ ਤੁਰਿਆ ਆਉਨੈਂ' ਤਾਏ ਬੁੜੇ ਨੇ ਆਪਣੇ ਤੋਂ ਅੱਧੀ ਉਮਰ ਦੇ ਨੰਬੜਦਾਰਾਂ ਦੇ ਮੀਤੇ ਨੂੰ ਸਾਹਮਣੇ ਔਖਾ ਜਿਹਾ ਤੁਰਿਆ ਆਉਂਦਾ ਦੇਖ ਕੇ ਪੁੱਛਿਆ।

'ਕੁਛ ਨੀ ਤਾਇਆ, ਬਸ ਗੋਡੇ ਜੇ ਦਰਦ ਕਰਦੇ ਨੇ' ਮੀਤੇ ਨੇ ਸੁਭਾਵਿਕ ਹੀ ਥੜੇ ਥੱਲੇ ਤਖ਼ਤਪੋਸ਼ 'ਤੇ ਬੈਠੇ ਤਾਏ ਭਾਨੇ ਨੂੰ ਕਿਹਾ।

'ਫਿਰ ਕਿਸੇ ਡਾਕਟਰ-ਡੁਕਟਰ ਨੂੰ ਦਿਖਾ ਕੇ, ਕੋਈ ਦਵਾਈ ਬੂਟੀ ਲੈ ਆਉਂਦਾ, ਐਂਏ ਤਾਂ ਤੁਰਨਾ ਵੀ ਔਖਾ ਐ ਭਾਈ' ਤਾਏ ਨੇ ਹਮਦਰਦੀ ਦਿਖਾਉਂਦੇ ਹੋਏ ਮੀਤੇ ਨੂੰ ਆਪਣੀ ਸਲਾਹ ਦਿੱਤੀ। 'ਗਿਆ ਸੀ ਤਾਇਆ ਸ਼ਹਿਰ ਡਾਕਟਰ ਨੂੰ ਦਿਖਾਉਣ, ਉਨ੍ਹੇਂ ਚੱਕ ਕੇ ਥੱਬਾ ਗੋਲੀਆਂ ਦਾ ਦੇ ਦਿੱਤਾ' ਮੀਤੇ ਨੇ ਤਾਏ ਨੂੰ ਆਪਣੀ ਹੱਡ ਬੀਤੀ ਸੁਣਾਉਂਦੇ ਹੋਏ ਕਿਹਾ।

'ਹੈਂ! ਥੱਬਾ ਗੋਲੀਆਂ ਦਾ, ਫਿਰ ਤਾਂ ਮਰਜ਼ ਜ਼ਿਆਦਾ ਹੋਣੀ ਭਤੀਜ' ਤਾਏ ਨੇ ਲੰਬੜਦਾਰਾਂ ਦੇ ਮੀਤੇ ਨੂੰ ਉੱਤਸੁਕਤਾ ਜਿਹੀ ਨਾਲ ਪੁੱਛਿਆ।

'ਨਹੀਂ ਤਾਇਆ, ਮਰਜ਼-ਮੁਰਜ਼ ਤਾਂ ਕੋਈ ਖ਼ਾਸ ਨੀ, ਡਾਕਟਰ ਕਹਿੰਦੈ ਕਿ ਤੇਰਾ ਤਾਂ ਗੋਡਿਆਂ ਦੀ ਗਰੀਸ ਮੁੱਕ ਗਈ'। ਮੀਤੇ ਨੇ ਤਾਏ ਨੂੰ ਡਾਕਟਰ ਦੀ ਕਹੀ ਗੱਲ ਸਮਝਾਉਂਦੇ ਹੋਏ ਕਿਹਾ।



ਮੀਤੇ ਦੇ ਮੂੰਹੋਂ ਗੋਡਿਆਂ ਦੀ ਗਰੀਸ ਮੁੱਕਣ ਦੀ ਗੱਲ ਸੁਣ ਕੇ ਤਾਏ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। 'ਹੱਦ ਹੋ ਗੀ ਬਈ, ਆਹ ਤਾਂ ਮੈਂ ਨਵਾਂ ਈ ਸੁਣਿਐ ਕਿ ਬੰਦਿਆਂ ਦੇ ਗੋਡਿਆਂ ਦੀ ਗਰੀਸ ਵੀ ਮੁੱਕ ਜਾਂਦੀ, ਲੈ ਦੱਸੋ, ਐਵੇਂ ਵੀ ਕਿਤੇ ਬੰਦਿਆਂ ਦੀ ਗਰੀਸ ਮੁੱਕਦੀ ਹੁੰਦੀ ਏ, ਮੇਰੀ ਤਾਂ ਇੰਨੀ ਉਮਰ ਹੋ ਗੀ, ਹੱਲਿਆਂ ਆਲੇ ਸਾਲ ਦਾ ਜਨਮ ਮੇਰਾ, ਮੇਰੀ ਤਾਂ ਮੁੱਕੀ ਨੀ ਇਹ ਗਰੀਸ ਗੁਰਸ, ਤੇਰੇ ਸਾਹਮਣੇ ਅੱਜ ਵੀ ਘੋੜੇ ਵਾਂਗੂ ਭੱਜਿਆ ਫਿਰਦੈਂ'। ਤਾਏ ਨੇ ਬੜੇ ਮਾਣ ਜਿਹੇ ਨਾਲ ਮੀਤੇ ਨੂੰ ਕਿਹਾ। 'ਤਾਇਆ ਤੇਰੀਆਂ ਤਾਂ ਪੁਰਾਣੀਆਂ ਖ਼ੁਰਾਕਾਂ ਖਾਧੀਆਂ ਹੋਈਆਂ ਨੇ ਤੇਰੀ ਕਿਵੇਂ ਮੁੱਕ ਗਰੀਸ'। ਮੀਤੇ ਨੇ ਤਾਏ ਨੂੰ ਮਸ਼ਖ਼ਰੀ ਜਿਹੀ ਨਾਲ ਉੱਤਰ ਦਿੱਤਾ।

'ਆਹੋ ਭਤੀਜ, ਇਹ ਤਾਂ ਗੱਲ ਤੇਰੀ ਜਮ੍ਹਾਂ ਸੋਲ੍ਹਾਂ ਆਨੇ ਪੱਕੀ ਐ, ਸਾਡੇ ਵੇਲੇ ਤਾਂ ਲੋਕ ਚੰਗੀਆਂ ਖ਼ੁਰਾਕਾਂ ਖਾਂਦੇ ਸੀ, ਤਾਰਾ ਚੜ੍ਹਦੇ ਨੂੰ ਮੱਖਣੀ ਨਾਲ ਭੰਨ ਦਿੰਦੇ ਸੀ ਦੋ-ਦੋ ਮਿੱਸੀਆ ਰੋਟੀਆ ਤੇ ਉੱਤੋਂ ਪੀ ਲੈਂਦੇ ਲੱਸੀ ਦਾ ਕੌਲਾ, ਫਿਰ ਘੁੰਮਦੇ ਰਹਿੰਦੇ ਸਾਰਾ ਦਿਨ ਊਰੀ ਵਾਂਗੂ, ਹੁਣ ਸਾਰਾ ਖਾਣ-ਪੀਣ ਈ ਰੇਹਾਂ-ਸਪਰੇਹਾਂ ਦਾ ਹੋ ਗਿਆ ਭਤੀਜ, ਰਿਹਾ ਨੀ ਖਾਣਿਆਂ 'ਚ ਤੱਤ ਕੋਈ ਪਰ ਸਾਡੇ ਵੇਲੇ ਤਾਂ ਲੋਕ ਰੱਜ ਕੇ ਖਾਂਦੇ ਸੀ ਤੇ ਕੰਮ ਵੀ ਰੱਜ ਕੇ ਕਰਦੇ ਸੀ।

ਅੱਗੇ ਤਾਂ ਲੋਕਾਂ ਕੋਲ ਸਿਰ ਖੁਰਕਣ ਦੀ ਵਿਹਲ ਈ ਨੀਂ ਤੀ, ਹੁਣ ਤਾਂ ਲੋਕ ਮਸ਼ੀਨਾਂ ਨੇ ਵਿਹਲੇ ਕਰਤੇ ਭਾਈ, ਨਾਲੇ ਹੁਣ ਨੀਂ ਕੰਮ ਦਾ ਡੱਕਾ ਤੋੜਦਾ ਕੋਈ, ਆਹ ਨਵੇਂ ਮੁੰਡੇ ਤਾਂ ਬੱਸ ਮੋਟਰਸਾਈਕਲਾਂ ਦੇ ਪਟਾਕੇ ਪਾਉਣ ਜੋਗੇ ਰਹਿ ਗਏ, ਸਾਰਾ ਦਿਨ ਹੁਰਰ-ਹੁਰਰ ਕਰਦੇ ਫਿਰਦੇ ਰਹਿੰਦੇ ਨੇ, ਮਜਾਲ ਐ ਕੋਈ ਦੋ ਕਦਮ ਤੁਰਕੇ ਵਗ ਜੇ, ਸਾਡੇ ਵੇਲੇ ਤਾਂ ਲੋਕ ਬਾਰਾਂ-ਬਾਰਾਂ ਕੋਹ ਪੈਦਲ ਤੁਰ ਕੇ ਜਾਇਆ ਕਰਦੇ ਸੀ, ਆਹ ਹੁਣ ਤਾਂ ਲੋਕ ਬਾਹਰ ਜੰਗਲ-ਪਾਣੀ ਵੀ ਮੋਟਰਸਾਇਕਲ 'ਤੇ ਜਾਂਦੇ ਨੇ। ਹੁਣ ਤੂੰ ਹੀ ਦੱਸ ਭਤੀਜ, ਬਈ ਜੇ ਗੋਡਿਆਂ ਦੀ ਗਰੀਸ ਨੀ ਮੁੱਕੂ ਤਾਂ ਹੋਰ ਕੀ ਮੁੱਕੂ' ਤਾਏ ਨੇ ਬਦਲੇ ਹੋਏ ਸਮੇਂ ਦੀ ਚਿੰਤਾ ਅਤੇ ਅੱਜ ਦੇ ਹਾਲਾਤ ਦਾ ਜ਼ਿਕਰ ਕਰਦੇ ਹੋਏ ਮੀਤੇ ਨੂੰ ਆਪਣੀ ਸਮਝਦਾਰੀ ਨਾਲ ਸਮਝਾਉਂਦੇ ਹੋਏ ਕਿਹਾ।

ਮੋਬਾਈਲ : 98155-90209

# ਵੱਖਰੀ ਤਾਸੀਰ ਤੇ ਤਾਮੀਰ ਦਾ ਮਾਲਕ ਨਿਰੰਜਨ ਸ਼ਰਮਾ ਸੇਖਾ



ਸੀ. ਮਾਰਕੰਡਾ

ਮੋਬਾਈਲ : 94172-72161

**ਨਿਰੰਜਨ ਸਾਦਾ ਜਿਹੇ ਕੁੜਤੇ ਪਜਾਮੇ ਤੇ ਜਟਕੇ ਜਿਹੇ ਫਿੱਕੇ ਰੰਗ ਦੇ ਥੰਨ੍ਹੇ ਸਾਫ਼ੇ ਨਾਲ ਫਬਦਾ ਵੀ ਹੈ। ਚੁੱਪ ਜਿਹਾ ਇਹ ਮਨੁੱਖ ਸਟੇਜਾਂ ਤੇ ਕਦੀ ਗੱਜਦਾ ਨਹੀਂ ਵੇਖਿਆ। ਸਾਹਿਤ ਦੇ ਪਿੜ ਵਿਚ ਸੂਰਜ ਦੀ ਤਰ੍ਹਾਂ ਮਘਦਾ ਹੈ। ਧੀਮੀ ਗਤੀ 'ਚ ਬੋਲਣ ਅਤੇ ਸਾਹਿਤ ਦੇ ਮਾਰਗ 'ਤੇ ਆਹਿਸਤਾ, ਅਹਿਸਤਾ ਤੁਰਨ ਵਾਲਾ ਨਿਰੰਜਨ ਆਪਣੀ ਵੱਖਰੀ ਤਾਸੀਰ ਅਤੇ ਤਾਮੀਰ ਦਾ ਮਾਲਕ ਹੈ...**

ਬਰਨਾਲਾ ਦੀ ਸਾਹਿਤਕ ਭੂਮੀ ਬੜੀ ਜ਼ਰਖੇਜ਼ ਹੈ। ਇਸ ਵਿਚ ਨਿੱਕਾ ਜਿਹਾ ਲੇਖਕ ਰੂਪੀ ਦਾਣਾ ਕਿਰਿਆ ਨਹੀਂ ਕਿ ਦਿਨਾਂ 'ਚ ਹੀ ਉਹ ਵਧਕੇ ਬੂਟੇ ਤੋਂ ਬਿਰਖ਼ ਬਣਿਆ ਨਹੀਂ। ਬਰਨਾਲਾ ਦੀ ਸਾਹਿਤਕ ਲਹਿਰ ਨੇ ਅਨੇਕਾਂ ਨਾਮਵਰ ਲੇਖਕ ਪੈਦਾ ਕੀਤੇ ਹਨ ਜਿਨ੍ਹਾਂ ਦੀ ਸ਼ੋਭਾ ਦੂਰ-ਦੂਰ ਤਕ ਖਿਲਰੀ ਹੋਈ ਹੈ। ਇਸ ਖਿੱਤੇ ਦੇ ਕਈ ਉੱਘੇ ਲੇਖਕ ਤਾਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣਾ ਨਾਂ ਚਮਕਾ ਚੁੱਕੇ ਹਨ। ਇੱਥੋਂ ਦੀ ਸਾਹਿਤਕ ਲਹਿਰ ਨੇ ਅਨੇਕਾਂ ਕਵੀ, ਕਥਾਕਾਰ ਅਤੇ ਨਾਵਲਕਾਰ ਪੈਦਾ ਕੀਤੇ ਹਨ। 'ਬਰਨਾਲਾ ਸਕੂਲ ਆਫ਼ ਪੋਇਟਰੀ' ਦੇ ਪੰਜਾਬੀ ਕਵਿਤਾ ਵਿਚ ਆਪਣੇ ਮਿਜ਼ਾਜ ਅਤੇ ਤੇਵਰ ਹਨ। ਜਿਵੇਂ ਆਮ ਤੌਰ 'ਤੇ ਕਿਸੇ-ਕਿਸੇ ਵਾਹਣ ਨੂੰ ਇਹ ਤੌਫ਼ੀਕ ਹਾਸਲ ਹੁੰਦੀ ਹੈ ਕਿ ਉਸ ਵਿਚ ਇੱਕੋ ਕਿਸਮ ਦੀ ਫ਼ਸਲ ਹੀ ਵਧੇਰੇ ਫਲਦੀ-ਫੁਲਦੀ ਹੈ।

ਇਸੇ ਤਰ੍ਹਾਂ ਦਾ ਸੁਭਾਅ ਬਰਨਾਲੇ ਦੀ ਸਾਹਿਤਕ ਭੂਮੀ ਦਾ ਹੈ। ਇੱਥੋਂ ਦੇ ਜ਼ਿਆਦਾਤਰ ਲੇਖਕ ਕਵਿਤਾ, ਗ਼ਜ਼ਲ, ਕਹਾਣੀ ਜਾਂ ਨਾਵਲਕਾਰੀ ਤੇ ਹੀ ਹੱਥ-ਅਜ਼ਮਾਈ ਕਰਦੇ ਆਏ ਹਨ। ਕਈ ਨਾਟਕ ਅਤੇ ਆਲੋਚਨਾਂ ਨੂੰ ਵੀ ਮੂੰਹ ਮਾਰ ਲੈਂਦੇ ਹਨ। ਜੇ ਇੰਨਾਂ ਦੀ ਗਿਣਤੀ ਕਰਨ ਲੱਗੀਏ ਤਾਂ ਦੋਹਾਂ ਹੱਥਾਂ ਦੀਆਂ ਉਂਗਲਾਂ ਦੇ ਪੋਟੇ ਵੀ ਥੁੜ ਜਾਣਗੇ ਪਰ ਬਰਨਾਲਵੀ ਕਲਮੀ ਕਾਮਿਆਂ 'ਚ ਇਕੋ-ਇਕ ਅਦਬੀ ਸੂਰਮਾ ਨਿਰੰਜਨ ਸ਼ਰਮਾ ਸੇਖਾ ਹੀ ਹੈ ਜਿਸ ਨੇ ਵਿਅੰਗ ਅਤੇ ਹਾਸਰਸ ਦੇ ਖੇਤਰ ਵਿਚ ਝੰਡੀ ਗੱਡੀ ਹੋਈ ਹੈ। ਹਾਸ-ਵਿਅੰਗ ਦੀਆਂ ਸੁੰਨੀਆਂ ਗਲੀਆਂ ਵਿਚ ਕੱਲਾ ਕਾਰਾ ਹੀ ਇਹ ਮਿਰਜ਼ਾ ਆਪਣੀ ਮੌਜ 'ਚ ਬੇਬੱਸ ਹੋ ਕੇ ਭਾਉਂਦਾ ਤੇ ਢੋਲੇ ਦੀਆਂ ਲਾਉਂਦਾ ਫਿਰ ਰਿਹਾ ਹੈ।

ਨਿਰੰਜਨ ਖਚਰਾ ਵੀ ਹੈ ਤੇ ਘਤਿੱਤੀ ਵੀ। ਸਾਦਾ ਜਿਹੇ ਕੁੜਤੇ ਪਜਾਮੇ ਤੇ ਜਟਕੇ ਜਿਹੇ ਫਿੱਕੇ ਰੰਗ ਦੇ ਥੰਨ੍ਹੇ ਸਾਫ਼ੇ ਨਾਲ ਫਬਦਾ ਵੀ ਹੈ ਪਰ ਚੁੱਪ ਜਿਹਾ ਇਹ ਮਨੁੱਖ ਸਟੇਜਾਂ ਤੇ ਕਦੀ ਗੱਜਦਾ ਨਹੀਂ ਵੇਖਿਆ। ਸਾਹਿਤ ਦੇ ਪਿੜ ਵਿਚ ਸੂਰਜ ਦੀ ਤਰ੍ਹਾਂ ਮਘਦਾ ਹੈ। ਧੀਮੀ ਗਤੀ 'ਚ ਬੋਲਣ ਅਤੇ ਸਾਹਿਤ ਦੇ ਮਾਰਗ 'ਤੇ ਆਹਿਸਤਾ, ਅਹਿਸਤਾ ਤੁਰਨ ਵਾਲਾ ਨਿਰੰਜਨ ਆਪਣੀ ਵੱਖਰੀ ਤਾਸੀਰ ਅਤੇ ਤਾਮੀਰ ਦਾ ਮਾਲਕ ਹੈ। ਇਹ ਜਦੋਂ ਪੋਲੀ ਜਿਹੀ ਤਾੜੀ ਮਾਰ ਕੇ ਮੁਸਕਣੀਏਂ ਹੱਸਦਾ ਹੈ ਤਾਂ ਉਦੋਂ ਵੀ ਵਿਅੰਗ ਦੀ ਗੁੱਲੀ ਨੂੰ ਜ਼ੁਬਾਨ ਦੇ ਡੰਡੇ ਨਾਲ ਰੌਂਗਾਂ ਲਾ ਕੇ ਬੁੜਕ ਰਿਹਾ ਤੇ ਇੰਜ ਆਪਣੀ ਵਾਹ-ਵਾਹ ਕਰਵਾ ਰਿਹਾ ਹੁੰਦਾ ਹੈ। ਇਸ ਦੀਆਂ ਵਿਹਲੇ ਸਮੇਂ ਜਾਂ ਮਹਿਫ਼ਲੀ ਵੇਲੇ ਦੀਆ ਗੱਲਾਂ ਜ਼ਾਇਕੇਦਾਰ ਤੇ ਮਸਾਲੇਦਾਰ ਹੁੰਦੀਆਂ ਹਨ।

ਨਿਰੰਜਨ ਬੜੀਆਂ ਤੋਲਵੀਆਂ ਤੇ ਮੁੱਲ ਦੀਆਂ ਗੱਲਾਂ 'ਚ ਅਗਲੇ ਦੇ ਅੰਦਰਲੇ ਦੀ ਹਾਥ ਵੀ ਪਾ ਲੈਂਦਾ ਹੈ ਪਰ ਆਪਣੀ ਹੋਰਨਾ ਮੂਹਰੇ ਘੁੰਡੀ ਨੀ ਖੋਲ੍ਹ ਦਾ। ਬੜਬੋਲਾ ਹੁੰਦਾ ਹੋਇਆ ਵੀ ਬਹੁਤਾ ਨੀ ਬੋਲਦਾ। ਦੇਖਣੀ-ਪਾਖਣੀ 'ਚ ਨਾ ਇਹ ਸਾਹਿਤਕਾਰ ਲੱਗਦਾ ਹੈ । ਬੰਦਾ ਕਮਾਲ ਦਾ ਹੈ ਜਦੋਂ ਇਸ ਦੀਆਂ ਲਿਖਤਾਂ ਪੜ੍ਹੀ ਦੀਆਂ ਨੇ ਤਾਂ ਇਸ ਦਾ ਸਿੱਕਾ ਮੰਨਣਾ ਪੈਂਦਾ ਤੇ ਸੁੱਤੇ ਸਿੱਧ ਹੀ ਮੂੰਹੋਂ ਨਿਕਲਦੈ 'ਬਈ! ਹੈ ਤਾਂ ਇਹ ਬੜਾ ਗੁਣੀ-ਗਿਆਨੀ ਊਈ ਆਪਣੀ ਵਿਦਵਤਾ ਦੀ ਜਲੇਬੀ ਬਣਾਈ ਰੱਖਦਾ। ਜਿਵੇਂ ਘਰਵਾਲੀ ਆਪਣੇ ਮਰਦ ਤੋਂ ਗੋਜ਼ ਛੁਪਾ ਕੇ ਰੱਖਦੀ ਏ।' ਮਿਲਣ ਸਮੇਂ ਤਾਂ ਭੋਰਾ ਵੀ ਨਹੀਂ ਦੱਸਦਾ ਕਿ ਉਹ ਕੀ ਹੈ ਪਰ ਜਦੋਂ ਇਸ ਦਾ ਵਿਅੰਗ ਛਪਦਾ ਹੈ ਤਾਂ ਪਾਠਕ ਵੀ ਅਸ਼-ਅਸ਼ ਕਰ ਉੱਠ ਦੇ, ਬਈ ਇਹ ਵੀ ਕੋਈ ਸਿਰੇ ਦੀ ਸ਼ੈਅ ਐ। ਉਹਨੇ ਪੰਡਤ ਪਰਸ ਰਾਮ ਦੇ ਘਰੇ ਪਿੰਡ ਸੇਖੇ 'ਚ ਜਨਮ ਲਿਆ। ਬਰਨਾਲਾ 'ਚ ਇਸ ਦੇ ਸਮਕਾਲੀ ਲੇਖਕ ਬੜੇ ਨੇ ਪਰ ਜਿਸ ਸਿਨਫ਼ ਤੇ ਨਿਰੰਜਨ ਨੂੰ ਮੁਹਾਰਤ ਹਾਸਿਲ ਹੈ, ਉਸ ਜਿਹੀ ਬਖ਼ਸ਼ਿਸ਼ ਕਿਸੇ ਹੋਰ 'ਤੇ ਨਹੀਂ ਹੋਈ।

ਇਸ ਵਿਅੰਗਕਾਰ ਦੇ ਮਿਲਣ-ਗਿਲਣ ਵਾਲੇ ਬਹੁਤ ਨੇ। ਕਈ ਵਿੰਗੇ-ਟੇਢੇ ਵੀ ਰਹਿੰਦੇ ਨੇ ਤੇ ਕਈ ਸਿੱਧੇ ਸਲੋਟ ਵੀ ਨੇ। ਨਿੰਦਕ ਵੀ ਨੇ ਤੇ ਪ੍ਰਸ਼ੰਸਕ ਵੀ। ਇਸ ਦਾ ਸੁਭਾਅ ਪਤਾ ਨੀ ਕਿਉਂ ਸੰਗਾਊ ਹੈ ਪਰ ਹੈ ਹਸਾਊ। ਸ਼ੁਕਰ ਹੈ ਬਰਨਾਲੇ ਦੀ ਸਾਹਿਤਕ ਫੁਲਵਾੜੀ ਵਿਚ ਭਾਂਤ-ਭਾਂਤ ਦੇ ਫੁੱਲ ਬੂਟੇ ਉੱਗੇ ਹੋਏ ਨੇ ਜਿਨ੍ਹਾਂ ਦੀ ਆਪਣੀ ਮਹਿਕ ਅਤੇ ਆਪਣੀ ਪਛਾਣ ਹੈ ਪਰ ਇਸ ਵੱਤਰ ਧਰਤੀ ਨੂੰ ਇਹ ਵਰਦਾਨ ਵੀ ਹਾਸਿਲ ਹੈ ਕਿ ਇਸ ਵਿਚ 'ਅੱਕ' ਨਹੀਂ ਉੱਗ ਸਕਦੇ, ਨਹੀਂ ਤਾਂ ਇਸ ਦੇ ਦੋਖੀਆਂ ਨੇ ਇਹੀ ਗੁੱਗਾ ਗਾਉਂਦੇ ਫਿਰਨਾ ਸੀ 'ਅਖੇ ਨਿਰੰਜਨ ਸ਼ਰਮਾ ਸੇਖਾ ਕਿਧਰਲਾ ਖੱਬੀਖਾਨ ਹੈ, ਇਹ ਤਾਂ ਅੱਕਾਂ 'ਚ ਰਿੰਡ ਪ੍ਰਧਾਨ ਹੈ'। ਪਰ ਸੋਚ ਜਾਣਿਓ ਕਿ ਡਾ. ਤੇਜਵੰਤ ਮਾਨ ਜਿਹੇ ਆਲੋਚਕ ਬਹੁਤੀਆਂ ਲਿਖਤਾਂ ਨੂੰ ਪੜ੍ਹ ਕੇ ਬੁੱਲ੍ਹ ਟੇਰਦੇ ਅਤੇ ਸਿਆਣ ਦੇ ਤਕ ਵੀ ਨਹੀਂ। ਉਹ ਵੀ ਆਖਦੇ ਨੇ, ਬਈ ਸੇਖੇ ਦੀਆਂ ਲਿਖਤਾਂ 'ਚੋਂ ਸੁਗੰਧ ਆਉਂਦੀ ਹੈ। ਮਨ ਨੂੰ ਬੜਾ ਭਾਉਂਦੀ ਹੈ। ਪੂਰੀ ਦਲੇਰੀ ਨਾਲ ਸੇਖਾ ਸਮਾਜਿਕ, ਰਾਜਨੀਤਕ, ਸਾਹਿਤਕ ਅਤੇ ਧਾਰਮਿਕ ਧਾਂਦਲੀਆਂ, ਵਿਤਕਰਿਆਂ ਅਤੇ ਆਡੰਬਰਾਂ ਨੂੰ ਬੇਨਕਾਬ ਕਰਦਾ ਹੈ। ਮੈਂ ਸ਼ਾਬਾਸ਼ ਦਿਦਾ ਨਿਰੰਜਨ ਸ਼ਰਮਾ ਸੇਖਾ ਨੂੰ ਜੋ ਉਸ ਨੇ ਡਾ. ਤੇਜਵੰਤ ਮਾਨ ਨੂੰ ਖ਼ੁਸ਼ ਕਰ ਲਿਆ ਜਿਸ ਨੂੰ ਬਹੁਤੇ ਲੇਖਕਾਂ ਦੀਆਂ ਲਿਖਤਾਂ 'ਚੋਂ ਮੁਸ਼ਕ ਆਉਂਦੈ ਤਾਂ ਸਮਝੋ ਰੱਬ ਈ ਰਾਜ਼ੀ ਕਰ ਲਿਆ। ਵਿਅੰਗ ਸਾਹਿਤ ਵਿਚ ਸੇਖੇ ਦਾ ਆਪਣਾ ਸਥਾਨ ਹੈ ਜਿਸ ਦੇ ਲਵੇ ਇਹ ਕਿਸੇ ਹੋਰ ਨੂੰ ਲੱਗਣ ਨਹੀਂ ਦਿੰਦਾ। ਮੈਂ ਨਿਰੰਜਨ ਸ਼ਰਮਾ ਦੇ ਪੋਤੜਿਆਂ ਤਕ ਦਾ ਵਾਕਫ਼ ਹਾਂ ਤੇ ਉਸ ਦੀਆਂ ਲਿਖਤਾਂ ਦਾ ਪ੍ਰਸ਼ੰਸਕ ਵੀ ਪਰ ਮੈਂ ਇਸ ਦੇ ਨਾਲ ਰਹਿ ਕੇ ਵੀ ਭੇਤ ਨੀ ਪਾ ਸਕਿਆ ਕਿ ਹਾਸ-ਵਿਅੰਗ ਦੀ ਕਲਾ ਇਸ ਨੇ ਕਿਸ ਕੋਲੋਂ ਹਥਿਆਈ ਜਾਂ ਅਣੀ-ਪਟੱਕੀ ਇਹ ਬਟੇਰੇ ਵਾਂਗੂ ਇਸ ਦੇ ਪੈਰਾਂ ਹੇਠ ਕਿਵੇਂ ਆਈ। ਅਸੀਂ ਕਵੀ ਲੋਕ ਤਾਂ ਇਕ ਦੂਜੇ ਦੀ ਰੀਸ ਘੜੀਸ 'ਚ ਤੁਕਬੰਦੀ ਕਰਦੇ-ਕਰਦੇ ਰਾਜ ਕਵੀ ਜਾਂ ਨਰਾਜ਼ ਕਵੀ



ਬਣ ਬਹਿੰਦੇ ਹਾਂ ਪਰ ਇਹ ਸੇਖਾ ਵਿਅੰਗ ਕਲਾ ਦੀ ਮੇਥੀ ਮਾਰਨੀ ਪਤਾ ਨੀ ਕਿਸ ਤੋਂ ਸਿੱਖ ਗਿਆ। ਇਕ ਦਿਨ ਮੈਂ ਇਸ ਨੂੰ ਹਵਾ ਪਿਆਜੀ ਕਰਕੇ ਬੜੇ ਅਦਬ ਤੇ ਸਲੀਕੇ ਨਾਲ ਜ਼ੋਰ ਦੇ ਕੇ ਪੁੱਛਿਆ ਵੀ 'ਕਿਉਂ ਬਈ ਨਿਰੰਜਣਾ! ਤੇਰੀਆਂ ਲਿਖਤਾਂ ਦਾ ਛਣਕਾਟਾ ਤਾਂ ਗਲੀ-ਗਲੀ ਪੈਂਦਾ। ਤੂੰ ਨਾ ਹੀ ਤਿਗੜਮ ਬਾਜ਼ ਏਂ ਤੇ ਨਾ ਹੀ ਤੈਨੂੰ ਆਪਣੀ ਡੌਂਡੀ ਪਿਟਵਾਉਣ ਦੀ ਬਹੁਤੀ ਬਾਣ ਐ। ਨਾ ਤੂੰ ਕਦੀ ਪੱਲਿਓਂ ਪੈਸੇ ਖ਼ਰਚ ਕੇ ਆਪਣੀਆਂ ਕਿਤਾਬਾਂ ਤੇ ਗੋਸ਼ਟੀਆਂ ਕਰਵਾਉਂਦਾ ਤੇ ਨਾ ਹੀ ਪਰਚੇ ਜਾਂ ਕਿਤਾਬਾਂ ਦੀ ਘੁੰਡ ਚੁਕਾਈ ਦੇ ਅਡੰਬਰ ਰਚਾਉਂਦੈਂ, ਫੇਰ ਵੀ ਤੂੰ ਕਹਿੰਦੇ-ਕਹਾਉਂਦੇ ਆਲੋਚਕਾਂ ਤੋਂ ਆਪਣੀ ਬਹਿਜਾ-ਬਹਿਜਾ ਕਰਵਾ ਲੈਂਦਾ। ਪਤੰਦਰਾ ਦੱਸ ਤਾਂ ਸਹੀ ਇਹ ਗਿੱਦੜ ਸਿੰਗੀ ਤੈਨੂੰ ਕਿੱਥੋਂ ਥਿਆਈ ਐਂ? ਬੜਾ ਭੋਲਾ ਜਿਹਾ ਬਣ ਕੇ ਆਖਣ ਲੱਗਿਆ 'ਭਰਾਵਾ ਮੈਨੂੰ ਤਾਂ ਆਪ ਨੀ ਪਤੈ ਕਿ ਮੇਰੀਆਂ ਸਿਧ-ਪੱਧਰੀਆਂ ਗੱਲਾਂ ਨੂੰ ਈ ਇਹ ਲੋਕ ਕਿਉਂ ਸਲਾਹੀ ਜਾਂਦੇ ਆ। ਮੈਂ ਤਾਂ ਮੂੰਹ ਆਈਆਂ ਬਿਨਾ ਹਿਸਾਬ-ਕਿਤਾਬ ਦੇ ਜਿਵੇਂ ਔੜੀ ਤਿਵੇਂ ਕਹਿ ਛੱਡਦਾਂ। ਪੇਂਡੂ ਜੱਟ ਬ੍ਰਾਹਮਣ ਆਂ ਜਿਵੇਂ ਫੁਰੀਆਂ ਤਿਵੇਂ ਕਹਿ ਦਿੱਤੀਆਂ।

ਮੈਂ ਹੈਰਾਨ ਹਾਂ ਕਿ ਇਹ ਉੱਘਾ ਵਿਅੰਗਕਾਰ ਸਾਡੇ ਭਾਣਾ ਤਾਂ ਘਰ ਦਾ ਜੋਗੀ ਜੋਗੜਾ ਈ ਐ ਪਰ ਪਤਾ ਨੀ ਦਿੱਲੀ ਦੀ 'ਪਿਆਰਾ ਸਿੰਘ ਦਾਤਾ ਮੈਮੋਰੀਅਲ ਕਮੇਟੀ' ਇਸ ਦੀਆਂ ਡੰਗ ਚੋਭਵੀਆਂ ਲਿਖਤਾਂ 'ਤੇ ਕਿਵੇਂ ਪਿਜਰੀ ਦਿੱਲੀਓਂ ਚੱਲ ਕੇ ਬਰਨਾਲੇ ਆਪਣੇ ਖ਼ਰਚੇ 'ਤੇ ਆ ਕੇ ਨੈਸ਼ਨਲ ਬੁੱਕ ਸ਼ਾਪ ਵਰਗੀ ਸੰਸਥਾ ਨੇ ਇਸ ਨੂੰ ਘਰੇ ਆ ਕੇ ਸਨਮਾਨਿਆ ਤੇ ਸਾਨੂੰ ਫਿੱਟ ਲਾਹਨਤ ਪਾਈ ਕਿ ਇਹ ਜੋਗੜਾ ਨਹੀਂ, ਸਨਮਾਨਿਆ ਸਿੱਧ ਐ। ਹੁਣ ਅਸੀਂ ਵੀ ਇਸ 'ਚ ਆਪਣਾ ਮਾਣ ਮਹਿਸੂਸ ਦੇ ਹੋਏ ਪ੍ਰਤੱਖ ਰੂਪ 'ਚ ਕਹਿਣ ਲੱਗ ਪਏ ਸੱਚ ਮੁੱਚ ਹੀ ਨਿਰੰਜਨ ਸ਼ਰਮਾ ਸੇਖਾ ਪ੍ਰਸਿੱਧ ਲੇਖਕ ਹੈ।

ਨਿਰੰਜਨ ਸ਼ਰਮਾ ਸੇਖਾ ਸੱਤਰੇ-ਬਹੱਤਰੇ ਨੂੰ ਢੁਕ ਗਿਆ ਪਰ ਇਸ ਨੇ ਆਪਣੀ ਅਕਲ ਦਾੜ੍ਹ ਅਜੇ ਤਕ ਨੀ ਉਖੜਨ ਦਿੱਤੀ। ਮੇਰੇ ਅਰਗੇ ਤਾਂ ਇਸ ਉਮਰ ਨੂੰ ਅਜੇ ਤਕ ਛੂਹ ਨਹੀਂ ਸਕੇ ਤੇ ਅਜੇ ਵੀ ਮਗਜੌਲੀਆਂ ਈ ਮਾਰਨੋਂ ਨੀ ਹਟਦੇ ਪਰ ਇਸ ਲੇਖਕ ਦੇ ਕੰਨ ਈ ਬਸ ਮਾੜੇ ਜਿਹੇ ਰੀਣੇ ਹੋਏ ਨੇ, ਅੱਖਾਂ ਦੀ ਲੋ ਨਹੀ ਘਟੀ, ਲਾਟੂ ਆਂਗੂੰ ਦਗਦੀਆਂ ਨੇ ਤੇ ਲਿਖੀਆਂ ਕਿਤਾਬਾਂ ਦੀਆਂ ਰਚਨਾਵਾਂ ਮਤਾਬੀ ਵਾਂਗ ਜਗਦੀਆਂ ਨੇ। 'ਸੁਗੰਧੀਆਂ' ਬਿਖੇਰਨ ਮਗਰੋਂ ਇਸ ਨੇ ਭਾਵੇਂ ਕਈਆਂ ਦੇ ਸਾਫ਼ ਸੁਥਰੇ ਰਾਹਾਂ 'ਤੇ 'ਕੱਚ ਦੇ ਟੁਕੜੇ' ਵਿਛਾਏ, 'ਆਪ ਹੁਦਰੀਆਂ' ਵਧੇਰੀਆਂ ਕੀਤੀਆਂ ਪਰ ਕੇ.ਐਲ. ਗਰਗ ਵਰਗਿਆਂ ਨੂੰ ਪਤਾ ਨੀ ਇਸ ਦੀਆਂ ਲਿਖਤਾਂ 'ਚੋਂ ਕਿਉਂ ਹਮਸਾਏ ਨਜ਼ਰ ਆਏ। 'ਹੇਰ ਫਿਰ' ਇਸ ਸ਼ੇਖ ਬਾਰੇ ਕੀ ਕਹੀਏ। ਇਸ ਨੂੰ ਬੜੀ ਫੂਕ ਛਕਾਈ ਦੀ ਐ ਪਰ ਇਹ ਕਦੀ ਅਸਮਾਨ 'ਚ ਗੁੱਡੀ ਆਂਗੂੰ ਉਡਿਆ ਈ ਨੀ। ਬਾਅਦ 'ਚ ਪਤਾ ਲੱਗਿਆ ਕਿ ਇਸ ਦੇ ਕਈ ਨਿੰਦਕ ਨਾਲ ਦੀ ਨਾਲ ਇਸ ਨੂੰ ਛਕਾਈ ਫੂਕ ਕੱਢ ਵੀ ਦਿੰਦੇ ਨੇ। ਇਹ ਉਨ੍ਹਾਂ ਦਾ ਕਿਰਦਾਰ ਹੀ ਸਮਝੋ'।

ਬਹੁਤਿਆਂ ਨੂੰ ਇਹ ਬੰਦੇ ਘੱਟ 'ਤੇ 'ਕਿਰਾਏ ਵਾਲੇ ਆਦਮੀ' ਵਧ ਸਮਝਦਾ ਹੈ। ਇਸ ਦਾ ਦਾਅਵਾ ਹੈ ਕਿ ਜੇ ਉਹ ਵੀ ਇਨ੍ਹਾਂ ਕਿਰਾਏਦਾਰਾਂ ਨੂੰ ਭਾੜੇ ਦੀ ਚਾਟ 'ਤੇ ਲਾ ਲੈਂਦਾ ਤਾਂ ਹੁਣ ਨੂੰ ਉਹ ਵੀ ਸ਼੍ਰੋਮਣੀ ਵਿਅੰਗਕਾਰ ਦਾ ਰੁਤਬਾ ਪਾ ਲੈਂਦਾ ਤੇ ਚਾਪਲੂਸੀ ਦਾ ਗੁਰ ਸਿੱਖ ਕੇ ਕਿਸੇ ਨਾ ਕਿਸੇ ਸਾਹਿਤ ਅਕੈਡਮੀ ਦਾ ਇਨਾਮ ਹਥਿਆ ਲੈਂਦਾ। ਮੇਰੀ ਸਮਝ ਮੁਤਾਬਕ 'ਬੜਬੋਲਾ' ਤੇ 'ਮਿੱਠੋ' ਤਾਂ ਇਸ ਨੇ ਐਵੇਂ ਲੋਕ ਦਿਖਾਵੇ ਵਾਸਤੇ ਆਪਣੇ ਅਮਰ ਪਾਤਰ ਘੜ੍ਹੇ ਹੋਏ ਨੇ ਪਰ ਇਹ ਚਿਰਜੀਵੀ ਪਾਤਰ ਤਾਂ ਵਾਰਸਸ਼ਾਹ ਵਾਂਗ ਇਸ ਨੇ 'ਭਾਗ ਭਰੀ' ਵਾਂਗੂੰ ਖ਼ੁਦ ਹੀ ਪਤੀ-ਪਤਨੀ ਦੇ ਰੂਪ ਵਿਚ ਧਰੇ ਹੋਏ ਨੇ ਜੋ ਆਪਣੀਆਂ ਕੱਛਾਂ ਵਿਚ ਲੈ ਕੇ ਹਰ ਜਣੇ-ਖਣੇ ਨੂੰ ਭੰਡਦੇ ਨੇ। ਇਹੀ ਨਿਰੰਜਨ ਸ਼ਰਮੇ ਦੀ ਲਿਖਤ ਦੀ ਖ਼ੂਬੀ ਹੈ ਕਿ ਇਸ ਦੇ ਡੰਗ ਵਾਸਤਵਿਕਤਾ ਅਤੇ ਪ੍ਰਾਪਤ ਯਥਾਰਥ ਦੀ ਤਸਵੀਰ ਬਣਾਉਂਦੇ ਨੇ।

ਬੰਦਾ ਤਾਂ ਇਹ ਸਬਰ ਸੰਤੋਖ ਵਾਲਾ ਤੇ ਰੱਬ ਦੀਆਂ ਦਿੱਤੀਆਂ ਖਾਣ ਵਾਲਾ ਹੈ ਪਰ ਇਸ ਨੇ ਕਦੇ ਇਨਾਮਾਂ ਖ਼ਿਨਾਮਾਂ ਦੀ ਬਹੁਤੀ ਝਾਕ ਨਹੀਂ ਰੱਖੀ। ਕਈ ਵਰ੍ਹੇ ਪਹਿਲਾਂ ਜਦੋਂ ਪੰਜਾਬੀ ਸਾਹਿਤ ਸਭਾ ਤਪਾ ਨੇ ਇਸ ਦਾ ਸਨਮਾਨ ਕੀਤਾ ਸੀ ਤਾਂ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਇਸ ਨੂੰ ਪੰਜਾਬੀ ਦਾ 'ਚਾਰਲਸ ਲੈਂਬ' ਕਹਿ ਕੇ ਵਡਿਆਈ ਕੀਤੀ। ਕਈਆਂ ਨੂੰ ਤਾਂ ਨਿਰਾਲੇ ਦੀ ਪਸ਼ਤੋ ਦੀ ਸਮਝ ਨੀ ਆਈ ਜਿੰਨਾਂ ਦੇ ਦਿਮਾਗ਼ 'ਚ ਇਹ ਗੱਲ ਬੈਠੀ ਉਹ ਬੜਾ ਤਿਲਮਿਲਾਏ ਤੇ ਕਹਿਣ ਲੱਗੇ 'ਨਿਰਾਲੇ' ਦਾ ਸਿਰ ਫਿਰ ਗਿਐ ਜੋ ਕੱਲ੍ਹ ਦੀ ਭੂਤਨੀ ਨੂੰ ਅੱਜ ਈ ਸਿਵਿਆਂ 'ਚ ਅੱਧ ਦੇ ਰਿਹਾ ਹੈ। ਉਨ੍ਹਾਂ ਤੋਂ ਭਲਾਂ ਕੋਈ ਪੁੱਛਣ ਵਾਲਾ ਹੋਵੇ ਬਈ ਨਿਰਾਲਾ ਇਹ ਹਿੱਸਾ ਵਧ ਨਹੀਂ ਦੇ ਰਿਹਾ। ਬਰਨਾਲੇ ਦਾ ਇਹ ਇੱਕੋ ਇਕ ਵਿਅੰਗ ਲੇਖਕ ਹੀ ਤਾਂ ਹੈ ਜੋ ਧੁਰੋਂ ਇਹ ਲੇਖ ਲਿਖਾਕੇ ਆਇਆ ਹੈ ਕਿ ਉਹ ਬਹੁ ਪੱਖੀ ਸਾਹਿਤਕਾਰ ਨਹੀਂ ਸਗੋਂ ਵਿਅੰਗ ਵਿਧਾ ਦਾ ਇਕ-ਪੱਖੀ ਤੇ ਲੋਕ-ਪੱਖੀ ਲੇਖਕ ਬਣਕੇ ਰਹੇਗਾ। ਦਰਅਸਲ ਬਰਨਾਲੇ ਖਿੱਤੇ ਨੂੰ ਮਾਣ ਹੋਣਾ ਚਾਹੀਦੈ ਕਿ ਨਿਰੰਜਨ ਸ਼ਰਮਾ ਸੇਖਾ ਸਾਡਾ ਇਕ ਅਜਿਹਾ ਉੱਘਾ ਵਿਅੰਗਕਾਰ ਹੈ ਜਿਸ ਦੇ ਹਾਸ-ਰਸ ਲੇਖਾਂ ਦੇ ਕਈ ਟੀਵੀ ਸੀਰੀਅਲ ਨਸ਼ਰ ਹੋ ਚੁੱਕੇ ਹਨ। ਦਰਜਨ ਦੇ ਕਰੀਬ ਕਿਤਾਬਾਂ ਇੱਕੋ ਵਿਧਾ 'ਤੇ ਛਪ ਚੁੱਕੀਆਂ ਹਨ। ਚਾਹੇ ਕੋਈ ਕਿੰਨੀ ਦਾਅਵੇਦਾਰੀ ਕਰੀ ਜਾਵੇ ਪਰ ਨਿਰੰਜਨ ਸਾਡੇ ਹਿੱਸੇ ਦੇ ਅਸਮਾਨ ਦਾ ਧਰੂ ਤਾਰਾ ਹੈ ਜੋ ਸਾਰੇ ਦਾ ਸਾਰਾ ਮੈਨੂੰ ਬਹੁਤ ਪਿਆਰਾ ਅਤੇ ਨਿਆਰਾ ਲੱਗਦਾ ਹੈ। •

## ਗ਼ਜ਼ਲਾਂ

ਰੁੱਤ ਬਿਰਹੋ ਦੀ ਪੌਣ ਉਦਾਸੀ, ਗਾਉਣ ਨਾ ਪੰਛੀ ਰਾਗ।
ਹਿੰਮਤ ਕਰ ਕੇ ਵੇਖ, ਸਵੇਰਾ ਗ਼ਫ਼ਲਤ ਵਿੱਚੋਂ ਜਾਗ।

ਲੁੱਟ ਕੇ ਲੈ ਗਈ ਮਹਿਕ ਫੁੱਲਾਂ ਦੀ, ਲੂਅ ਨਸ਼ਿਆਂ ਦੀ ਵੱਗਦੀ,
ਪੱਤਝੜ ਬਣ ਕੇ ਸਹਿਕ ਰਹੇ ਨੇ, ਉੱਜੜ ਗਏ ਜੋ ਬਾਗ਼।

ਕੁਰੀਤੀਆਂ, ਨ੍ਹੇਰੀਆਂ ਰਾਤਾਂ, ਖੰਡਰ ਬਣਗੇ ਸੱਥਾਂ ਦੇ,
ਨਫ਼ਸੀ ਟੋਲੇ ਡੰਗ ਮਾਰਦੇ, ਬਣ ਕੇ ਜ਼ਹਿਰੀ ਨਾਗ।

ਨ੍ਹੇਰ ਗਮਾਂ ਦਾ, ਚਿਹਰਿਆਂ ਉੱਪਰ, ਜਦੋਂ ਕਦੇ ਛਾ ਜਾਂਦਾ,
ਬਣ ਜਾਣ ਹਰਫ਼ ਹਕੀਕੀ ਸ਼ਾਇਰ ਜਗਦੇ ਰਹਿਣ ਚਰਾਗ।

ਧੀਆਂ, ਭੈਣਾਂ ਦੇ ਰਿਸ਼ਤਿਆਂ ਨੂੰ ਦਾਗ਼ ਨਾ ਲੱਗੇ ਕੋਈ,
ਅੱਣਖਾਂ ਵਾਲੇ ਰਹਿਣ ਜਿਉਂਦੇ, ਸਦੀਆਂ ਤਕ ਸੁਹਾਗ।

ਜ਼ਿੰਦਗੀ 'ਚ ਲਿਖੇ ਹਰਫ਼ਾ ਨੂੰ, ਸਫ਼ਲ ਤਾਂ ਹੀ ਮੰਨੀਏ,
ਮਿਲੀਏ ਜਦ ਵੀ ਗਲਵੱਕੜੀ ਪਾਈਏ, ਦਿਲ ਚੋਂ ਉਠੇ ਵੈਰਾਗ।

• ਮੇਜਰ ਸਿੰਘ ਰਾਜਗੜ੍ਹ, ਮੋਬਾਈਲ : 98766-64204

ਭੁੱਖ ਮਰੀ ਤੇ ਬੇਕਾਰੀ ਹੈ ਸਾਡੇ ਰਾਜ ਲਈ।
ਭਾਵੇਂ ਕਿੰਨੇ ਨੇਤਾ ਬਦਲੇ ਚੰਗੇ ਕਾਜ ਲਈ।

ਸੋਨ ਚਿੜੀ ਤੋਂ ਭਗਤ, ਸਰਾਭਾ ਜਾਨਾਂ ਵਾਰ ਗਏ,
ਫਿਰ ਵੀ ਖ਼ਾਬ ਅਧੂਰੇ ਨੇ ਉੱਚੀ ਪਰਵਾਜ਼ ਲਈ।

ਰਾਜ ਨਹੀ ਸੇਵਾ ਹੈ ਆਖਣ ਵੋਟਾਂ ਤੋਂ ਪਹਿਲਾਂ,
ਲੁੱਟਣ ਲੱਗੇ ਨੇਤਾ ਬਣ ਕੁਰਸੀ ਤੇ ਤਾਜ ਲਈ।

ਹਾੜ੍ਹੀ ਸਾਉਣੀ ਚੁੱਕੇ ਕਰਜ਼ੇ ਦੀ ਨਾ ਕਿਸ਼ਤ ਮੁੜੇ,
ਹੁਣ ਧੌਲੀ ਦਾੜ੍ਹੀ ਰੁੱਲ ਗਈ ਬੈਂਕ ਵਿਆਜ ਲਈ।



ਕੁੱਲੀ, ਗੁੱਲੀ, ਜੁੱਲੀ ਦੇ ਭਾਸ਼ਣ ਦੇਂਦੇ ਨੇਤਾ,
ਜਿੱਤਣ ਕਰਕੇ ਕਰਨ ਦਿਖਾਵਾ ਝੂਠੇ ਪਾਜ ਲਈ।

ਤੇਸਾ ਕਾਂਡੀ ਦਾਤੀ ਹੈ ਰੋਟੀ ਖਾਤਰ ਲੜ ਦੇ,
ਨੰਗੇ ਕਿਰਤੀ ਮਜ਼ਦੂਰਾਂ ਦੀ ਰੱਖਣ ਲਾਜ ਲਈ।

ਦੇਖ ਭਨੋਟ ਤਿਰੰਗਾ ਝੰਡਾ ਖ਼ੂਨ ਸ਼ਹੀਦਾਂ ਦਾ,
ਜਾਗਣ 'ਤੇ ਹੀ ਮਸਲੇ ਹੋਣੇ ਹੱਲ ਸਮਾਜ ਲਈ।

• ਜਤਿੰਦਰ ਭਨੋਟ, ਮੋਬਾਈਲ : 98780-41593

## ਕਵਿਤਾਵਾਂ

### ਤੇਰੀ ਅਣਖ ਹਾਂ

ਪੜ੍ਹ ਕੁਰਆਨ, ਹਦੀਸ, ਸ਼ਰੀਅਤ,
ਕਰਨੀ ਫੇਰ ਤਲਾਕ ਦੀ ਨੀਅਤ।

ਨੱਕ, ਨਮੂਜਾਂ, ਸ਼ਰਮਾਂ ਵਾਲਿਆ,
ਤੇਰੀ ਅਣਖ ਹਾਂ ਕਰਮਾਂ ਵਾਲਿਆ।

ਮੇਰੇ ਉੱਪਰ ਦੂਸ਼ਣ ਧਰਦੈਂ,
ਕਿਉਂ ਭੰਡੀ ਪ੍ਰਚਾਰ ਤੂੰ ਕਰਦੈਂ?

ਤੂੰ ਮੇਰਾ ਜਾਮਾ ਮੈਂ ਤੇਰਾ,
ਕੱਜਣ ਰਹਿ ਜਾਏ ਤੇਰਾ ਮੇਰਾ।

ਸਾਰੇ ਹੱਕ ਹਕੂਕ ਅਦਾ ਕਰ,
ਤੋਹਫ਼ਿਆਂ, ਇੱਜ਼ਤਾਂ ਨਾਲ ਵਿਦਾ ਕਰ।

ਮਰਦ ਉਹੀ ਹੁੰਦਾ ਪੁਰਸ਼ੋਤਮ,
ਪਤਨੀ ਲਈ ਜੋ ਹੈ ਸਰਵੋਤਮ।

ਹੱਲ ਜਦੋਂ ਸਭ ਮੁੱਕ ਜਾਣ ਤਾਂ,
ਤੀਰ ਨਿਸ਼ਾਨਿਉਂ ਉੱਕ ਜਾਣ ਤਾਂ।

ਰੱਬ ਦੀ ਬਖਸ਼ੀ ਦਾਤ ਹੈ ਸਖੀਓ!
ਤਲਾਕ ਨਹੀ ਹੈ ਨਿਜਾਤ ਹੈ ਸਖੀਓ!



• ਡਾ. ਰੁਬੀਨਾ ਸ਼ਬਨਮ, ਮੋਬਾਈਲ : 98783-84579

### ਨਵੇਂ ਸਾਲ ਦੀ ਦਹਿਲੀਜ਼



ਬੀਤ ਦੇ ਸਾਲ ਦੀ ਆਖਰੀ ਸ਼ਾਮ!
ਤੈਨੂੰ ਮੇਰਾ ਸਲਾਮ
ਨਵੇਂ ਸਾਲ ਦੀ ਦਹਿਲੀਜ਼ ਤਕ ਪਹੁੰਚਾਉਣ ਦਾ
ਤੇਰਾ ਬੜਾ ਅਹਿਸਾਨ..!
ਆਖਰੀ ਸ਼ਾਮ
ਤੈਥੋਂ ਮੈਨੂੰ ਕੋਈ ਸ਼ਿਕਵਾ ਨਹੀਂ ਹੈ
ਪਰ ਹਾਂ! ਬੀਤੇ ਸਾਲ ਨੂੰ ਜ਼ਰੂਰ ਹੈ ਇੰਨਾਂ ਕਹਿਣਾ.!
ਕਿ ਪਿਛਲੇ ਕੁਝ ਸਮੇਂ ਦੌਰਾਨ
ਦੇਸ਼ ਵਿਚਲੀ ਗੰਗਾ-ਜਮਨੀ ਤਹਿਜ਼ੀਬੀ ਕਦਰਾਂ ਨੂੰ
ਛਹਿ-ਛੇਰੀ ਕਰਨ ਵਾਲੇ
ਫਿਰਕਾ-ਪ੍ਰਸਤੀ ਦਾ ਲਾਂਬੂ ਲਾ
ਮਾਸੂਮ-ਮਨੁੱਖਤਾ ਦਾ ਘਾਣ ਕਰਨ ਵਾਲੇ
ਜੋ ਸਿਲਸਿਲੇ ਚੱਲ੍ਹੇ ਸੀ!
ਉਹ ਇਸ ਸਾਲ ਵੀ ਰੁਕੇ ਨਹੀਂ ਹਨ!
ਹਾਂ...
ਦੇਸ਼ ਦੇ ਮਜਬੂਰ ਤੇ ਬੇ-ਬਸ ਕਿਸਾਨ
ਆਪਣੀਆਂ ਮੰਗਾਂ ਦੀ ਖਾਤਿਰ
ਇਸ ਸਾਲ ਵੀ ਭੁੱਖ ਹੜਤਾਲ
ਤੇ ਧਰਨਾ-ਪ੍ਰਦਰਸ਼ਨ ਕਰਦੇ ਰਹੇ ਨੇ!
ਜਦੋਂ ਕਿ
ਦੇਸ਼ ਦਾ ਭਵਿੱਖ ਸਮਝੇ ਜਾਂਦੇ ਯੁਵਾ
ਪੂਰਾ ਸਾਲ ਰੋਜ਼ਗਾਰ ਦੀ ਭਾਲ 'ਚ
ਦਰ-ਬਦਰ ਦੀਆਂ ਠੋਕਰਾਂ ਖਾ-ਖਾ
ਲੰਮੀਆਂ ਕਤਾਰਾਂ 'ਚ ਬੇ-ਯਾਰ-ਉ-ਮਦਦਗਾਰ
ਚੁੱਪ-ਚਾਪ ਗੁੰਮ-ਸੁੰਮ ਖੜੇ ਨੇ!
ਹਾਂ...
ਗ਼ਰੀਬੀ,ਬੇ-ਰੁਜ਼ਗਾਰੀ, ਕੁਰਪਸ਼ਨ
ਤੇ ਛੋਟੇ-ਬੜੇ ਵਪਾਰੀਆਂ ਦੇ ਮਸਾਇਲ!
ਪਿਛਲੇ ਸਾਲਾਂ ਵਾਂਗ ਇਸ ਸਾਲ ਵੀ
ਮੀਡੀਆ ਕੈਨਵਸ ਦੇ ਰਾਡਾਰ ਤੋਂ ਪਰ੍ਹੇ ਨੇ!
ਪਰ ਦੁਖਾਂਤ ਵੇਖੋ ਕਿ
ਵਧੇਰੇ ਨਿਊਜ਼-ਚੇਨਲਜ਼ ਇਸ ਸਾਲ ਵੀ
ਖ਼ਬਰਾਂ ਦੇ ਨਾਂ 'ਤੇ ਮਾਸੂਮ ਲੋਕਾਂ ਦੀਆਂ ਅੱਖਾਂ 'ਚ
ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਵਾਲੀਆਂ
ਮਨ-ਘੜਤ ਬਹਿਸਾਂ (ਡਿਬੇਟਸ) ਦੀ ਧੂਲ ਝੋਂਕਦੇ ਰਹੇ ਨੇ!
ਹਾਂ..ਮੈਂ ਇਹ ਵੀ ਹੈ ਕਹਿਣਾ
ਮੀਆਂਮਾਰ, ਰੋਹਿੰਗੀਆਂ ਦੇ ਮਜ਼ਲੂਮ ਇਨਸਾਂ
ਆਪਣੀ ਹੀ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਹੋਏ
ਦੁਨੀਆ ਦੇ ਸਮੁੱਚੇ ਮਨੁੱਖਾਂ ਵੱਲ
ਇਨਸਾਫ਼ ਦੀ ਖਾਤਿਰ ਟਿਕ-ਟਿਕੀ ਬੰਨ੍ਹੀ ਖੜੇ ਨੇ
ਜਦੋਂ ਕਿ
ਅਮਰੀਕਾ ਅਤੇ ਕੋਰੀਆ
ਸੰਸਾਰ ਦੇ ਅਮਨ-ਉ-ਅਮਾਨ ਨੂੰ ਢਾਹ ਲਗਾ ਕਿ
ਇਕ ਦੂਜੇ ਨੂੰ
ਜੰਗ ਦੀ ਖਾਤਿਰ ਸਰੇ-ਆਮ ਲਲਕਾਰਦੇ ਦੇ ਰਹੇ ਨੇ!
ਬੀਤ ਰਹੇ ਸਾਲ ਦੀ ਆਖਰੀ ਸ਼ਾਮ
ਮੈਂ ਤੈਨੂੰ ਹਾਲੇ ਬਹੁਤ ਕੁੱਝ ਹੈ ਕਹਿਣਾ
ਪਰ ਤੇਰੇ ਕੋਲ ਮੇਰੀ ਬਾਤ ਸੁਣਨ ਦਾ ਸਮਾਂ ਕਿੱਥੇ ਬਚਿਆ ਹੈ।
ਜਾਂਦੇ-ਜਾਂਦੇ ਤੈਨੂੰ ਬਸ ਇਹੋ ਹੈ ਕਹਿਣਾ
ਕਿ ਨਵੇਂ ਸਾਲ ਦੀ ਪਹਿਲੀ ਸਵੇਰ ਨੂੰ ਮੇਰਾ ਸਲਾਮ ਕਹਿਣਾ
ਨਾਲੇ ਜ਼ਰੂਰੀ ਇਹ ਪੈਗ਼ਾਮ ਕਹਿਣਾ
ਕਿ ਮੇਰੇ ਦੇਸ਼ 'ਚ
ਗੰਗਾ-ਜਮਨੀ ਤਹਿਜ਼ੀਬ ਦੇ ਉਹੋ ਦਿਨ ਵਾਪਸ ਭਿਜਵਾ ਦੇ
ਇੱਥੇ ਫਿਰ ਤੋਂ ਪਹਿਲਾਂ ਵਾਲੀਆਂ ਅਮਨ-ਸ਼ਾਂਤੀ ਦੀਆਂ ਹਵਾਵਾਂ ਚਲਾਦੇ
ਪੂਰੀ ਦੁਨੀਆ ਦੇ ਲੋਕਾਂ ਦੇ ਦਿਲਾਂ 'ਚ
ਇਕ ਦੂਜੇ ਲਈ ਪਿਆਰ ਦਾ ਦੀਵਾ ਜਗਾ ਦੇ
ਸਾਨੂੰ ਸਾਰਿਆਂ ਇਕ-ਮਿੱਕ ਬਣਾਦੇ
ਇਨ੍ਹਾਂ ਦੁੱਖਾਂ ਭਰੀਆਂ -ਕਾਲੀਆਂ ਰਾਤਾਂ ਦੀ
ਖ਼ੁਸ਼ੀਆਂ ਵਾਲੀ ਪਹੁ-ਫੁਟਾ ਦੇ
ਖ਼ੁਸ਼ੀਆਂ ਵਾਲੀ ਸਵੇਰ ਲਿਆ ਦੇ!
ਖ਼ੁਸ਼ੀਆਂ ਵਾਲੀ..ਸਵੇਰ ਲਿਆ ਦੇ..!



• ਮੁਹੰਮਦ ਅੱਬਾਸ ਧਾਲੀਵਾਲ, ਮੋਬਾਈਲ : 98552-59650

### ਸ਼ਰਮ

ਮਿਨੀ ਕਹਾਣੀ

ਅਮਰਜੋਤ ਉਚੇਰੀ ਪੜ੍ਹਾਈ ਲਈ ਸ਼ਹਿਰ ਰਹਿ ਰਹੀ ਸੀ। ਜਦ ਵੀ ਉਸ ਦੀ ਮਾਂ ਉਸ ਨੂੰ ਮਿਲਣ ਵਾਸਤੇ ਕਾਲਜ ਆਉਣ ਲਈ ਕਹਿੰਦੀ ਤਾਂ ਅਮਰਜੋਤ ਕੋਈ ਨਾ ਕੋਈ ਬਹਾਨਾ ਲਾ ਕੇ ਹਰ ਵਾਰ ਉਸ ਨੂੰ ਟਾਲ ਦਿੰਦੀ। ਕਾਲਜ ਵਿਚ ਛੁੱਟੀਆਂ ਹੋਣ ਕਰਕੇ ਉਹ ਆਪਣੇ ਪਿੰਡ ਵਾਪਸ ਆ ਗਈ। ਇਕ ਦਿਨ ਉਸ ਦੀ ਮਾਂ ਦੇ ਵਾਰ-ਵਾਰ ਪੁੱਛਣ 'ਤੇ ਉਹ ਕਹਿਣ ਲੱਗੀ, 'ਮਾਂ ਅਸਲ ਵਿਚ ਮੈਨੂੰ ਸ਼ਰਮ ਆਉਂਦੀ ਏ, ਤੈਨੂੰ ਕਾਲਜ ਬੁਲਾਉਣ ਵੇਲੇ। ਇਕ ਤਾਂ ਤੂੰ ਅਨਪੜ੍ਹ ਦੂਜਾ ਦੇਸੀ ਪੇਂਡੂ'। ਇਹ ਸੁਣ ਕੇ ਮਾਂ ਦੀਆਂ ਅੱਖਾਂ ਦੇ ਹੰਝੂ ਟਪਕ ਪਏ ਉਹ ਕਹਿਣ ਲੱਗੀ, 'ਧੀਏ ਸ਼ੁਕਰ ਕਰ, ਮੈਂ ਉਸ ਵੇਲੇ ਕਿਸੇ ਸ਼ਰਮ ਦੀ ਪਰਵਾਹ ਨਹੀਂ ਕੀਤੀ ਜਦੋਂ ਲੋਕੀ ਕਹਿੰਦੇ ਸੀ ਕਿ ਜਵਾਨ ਕੁੜੀ ਸ਼ਹਿਰ ਪੜ੍ਹਨ ਲਾ ਛੱਡੀ ਐ, ਤੇਰਾ ਵੀ ਸ਼ਰਮ ਨਹੀ ਆਉਂਦੀ ਇਹਨੂੰ।

• ਮਾ. ਸੁਖਵਿੰਦਰ ਦਾਨਗੜ੍ਹ, ਮੋਬਾਈਲ : 94171-80205

ਕੌਮੀ ਪੱਤ੍ਰਿਕਾ

# ਕੇਂਦਰੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਅਸਾਮ ਤੋਂ ਨੀਏਲਿਤ ਵਿੱਚ ਡੀਮਡ ਯੂਨੀਵਰਸਿਟੀ ਦੀ ਵਰਚੁਅਲ ਮਾਧਿਅਮ ਰਾਹੀਂ ਸ਼ੁਰੂਆਤ ਕੀਤੀ

**ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਇਲੈਕਟ੍ਰੌਨਿਕਸ ਅਤੇ ਸੂਚਨਾ ਟੈਕਨੋਲੋਜੀ, ਰੇਲਵੇ ਅਤੇ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ਼੍ਰੀ ਅਸ਼ਵਿਨੀ ਵੈਸ਼ਨਵ ਨੇ ਰੋਪੜ ਵਿੱਚ ਮੁੱਖ ਕੈਂਪਸ ਅਤੇ ਆਈਜ਼ੌਲ, ਅਜਮੇਰ, ਅਗਰਤਲਾ, ਔਰੰਗਾਬਾਦ, ਕਾਲੀਕਟ, ਗੋਰਖਪੁਰ, ਇੰਫਾਲ, ਕੋਹਿਮਾ, ਪਟਨਾ, ਈਟਾਨਗਰ ਅਤੇ ਸ਼੍ਰੀਨਗਰ ਵਿਖੇ 11 (ਗਿਆਰਾਂ) ਘਟਕ ਇਕਾਈਆਂ ਦੇ ਨਾਲ ਨੀ ਡੀਮਡ ਯੂਨੀਵਰਸਿਟੀ (ਵਿਸ਼ੇਸ਼ ਸ਼੍ਰੇਣੀ) ਦੀ ਵਰਚੁਅਲ ਮਾਧਿਅਮ ਰਾਹੀਂ ਆਰੰਭਤਾ ਕੀਤੀ। ਇਸ ਮੌਕੇ ਅਸਮ ਦੇ ਰਾਜਪਾਲ ਸ਼੍ਰੀ ਲਕਸ਼ਮਣ ਆਚਾਰਿਆ ਅਤੇ ਅਸਮ ਦੇ ਮੁੱਖ ਮੰਤਰੀ ਡਾ. ਹਿਮੰਤ ਬਿਸਵਾ ਸਰਮਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ। ਨੀਏਲਿਤ ਰੋਪੜ ਵਿਖੇ ਇਸ ਯੂਨੀਵਰਸਿਟੀ ਦੇ ਵਰਚੁਅਲ ਲਾਂਚ ਮੌਕੇ ਸ਼੍ਰੀ ਦਿਨੇਸ਼ ਕੁਮਾਰ ਚੱਢਾ, ਵਿਧਾਇਕ, ਰੋਪੜ, ਵਧੀਕ ਜ਼ਿਲ੍ਹਾ ਕਮਿਸ਼ਨਰ, ਰੋਪੜ, ਨੇੜਲੇ ਅਦਾਰਿਆਂ ਦੇ ਸਿੱਖਿਆ ਵਿਦਵਾਨਾਂ ਦੇ ਨਾਲ-ਨਾਲ ਹੋਰ ਪਤਵੰਤੇ, ਡੀਮਡ ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।



ਇੱਕ ਡੀਮਡ ਯੂਨੀਵਰਸਿਟੀ ਵਜੋਂ ਆਪਣੀ ਨਵੀਂ ਸਥਿਤੀ ਦੇ ਨਾਲ, ਨੀਏਲਿਤ ਉਦਯੋਗ-ਮੁਖੀ ਪ੍ਰੋਗਰਾਮਾਂ ਨੂੰ ਵਿਕਸਿਤ ਕਰਨ ਅਤੇ ਪੇਸ਼ ਕਰਨ ਵਿੱਚ ਵਧੇਰੇ ਖੁਦਮੁਖਤਿਆਰੀ ਅਤੇ ਲਚਕਤਾ ਪ੍ਰਾਪਤ ਹੈ ਜੋ ਉਦਯੋਗ ਅਤੇ ਸਮਾਜ ਦੀਆਂ ਉਭਰਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ। ਇਹ ਦਰਜਾ ਮੋਹਰੀ ਅਕਾਦਮਿਕ ਸੰਸਥਾਵਾਂ ਅਤੇ ਉਦਯੋਗਿਕ ਭਾਈਵਾਲਾਂ ਦੇ ਨਾਲ ਸਹਿਯੋਗ ਨੂੰ ਉਤਸ਼ਾਹਿਤ ਕਰਦੀ ਹੈ, ਸਾਡੇ ਵਿਦਿਅਕ ਈਕੋਸਿਸਟਮ ਨੂੰ ਵਧਾਉਂਦੀ ਹੈ ਅਤੇ ਗ੍ਰੈਜੂਏਟਾਂ ਲਈ ਰੋਜ਼ਗਾਰ ਦੀਆਂ ਸੰਭਾਵਨਾਵਾਂ ਵਿੱਚ ਸੁਧਾਰ ਕਰਦੀ ਹੈ। ਇਹ ਮਾਨਤਾ ਨਾ ਸਿਰਫ ਨੀਏਲਿਤ ਦੀ ਵਿਰਾਸਤ ਦਾ ਜਸ਼ਨ ਮਨਾਉਂਦੀ ਹੈ ਬਲਕਿ ਸੰਸਥਾ ਨੂੰ ਦੇਸ਼ ਦੇ ਭਵਿੱਖ ਦੇ ਵਿਕਾਸ ਅਤੇ ਤਕਨੀਕੀ ਉੱਨਤੀ ਨੂੰ ਸ਼ਕਤੀ ਦੇਣ ਲਈ ਵੀ ਸਥਾਨ ਦਿੰਦੀ ਹੈ।

ਅਸਮ ਦੇ ਰਾਜਪਾਲ, ਸ਼੍ਰੀ ਲਕਸ਼ਮਣ ਆਚਾਰਿਆ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਦੇਸ਼ ਭਰ ਦੇ ਨੌਜਵਾਨਾਂ ਨੂੰ ਲਾਭ ਪਹੁੰਚਾਉਣ ਦੀ ਇਸ ਦੀ ਸਮਰੱਥਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਨੀਏਲਿਤ ਯੂਨੀਵਰਸਿਟੀ ਸਾਈਬਰ ਸੁਰੱਖਿਆ, ਬਲਾਕ ਚੇਨ ਟੈਕਨੋਲੋਜੀ ਅਤੇ ਸੈਮੀਕੰਡਕਟਰ ਨਿਰਮਾਣ ਵਰਗੇ ਅਤਿ-ਆਧੁਨਿਕ ਖੇਤਰਾਂ ਵਿੱਚ ਸਿੱਖਣ ਅਤੇ ਨਵੀਨਤਾ ਲਈ ਦਰਵਾਜ਼ੇ ਖੋਲ੍ਹੇਗੀ, ਜਿਸ ਨਾਲ ਭਾਰਤ ਦੀ ਤਕਨੀਕੀ ਅਗਵਾਈ ਲਈ ਰਾਹ ਪੱਧਰਾ ਹੋਵੇਗਾ।

ਇਸ ਸਮਾਗਮ ਵਿੱਚ, ਕੇਂਦਰੀ ਮੰਤਰੀ ਸ਼੍ਰੀ ਅਸ਼ਵਿਨੀ ਵੈਸ਼ਨਵ ਨੇ ਨੀਏਲਿਤ ਡੀਮਡ ਯੂਨੀਵਰਸਿਟੀ ਦੇ ਵੱਖ-ਵੱਖ ਕੈਂਪਸਾਂ ਵਿੱਚ ਉਨ੍ਹਾਂ ਦੀ ਵਰਚੁਅਲ ਮੌਜੂਦਗੀ ਵਿੱਚ ਸਾਰੇ ਸਥਾਨਕ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਪ੍ਰਾਪਤੀ ਨੀਏਲਿਤ ਡੀਮਡ ਯੂਨੀਵਰਸਿਟੀ ਦਾ ਦਰਜਾ ਪ੍ਰਾਪਤ ਕਰਨ ਵਾਲਾ ਪਹਿਲਾ ਅਤੇ ਇਕਲੌਤਾ ਸੰਗਠਨ ਹੈ। ਉਨ੍ਹਾਂ ਨੇ ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) 2020 ਦੇ ਅਨੁਸਾਰ ਵਿਦਿਆਰਥੀਆਂ ਨੂੰ ਰੋਜ਼ਗਾਰ ਲਈ ਤਿਆਰ ਕਰਨ ਵਿੱਚ ਯੂਨੀਵਰਸਿਟੀ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਅਕਾਦਮਿਕਤਾ ਅਤੇ ਉਦਯੋਗ ਵਿਚਕਾਰ ਪੁਲ ਬਣਾਏਗੀ ਅਤੇ ਕਾਲਜਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਦੇ ਯੋਗ ਬਣਾਵੇਗੀ।

ਇਹ ਸਿੱਖਿਆ ਪ੍ਰਣਾਲੀ ਵਿੱਚ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨ ਅਤੇ ਡਿਜੀਟਲ ਰੂਪ ਵਿੱਚ ਸਸ਼ਕਤ ਅਤੇ ਹੁਨਰਮੰਦ ਭਾਰਤ ਲਈ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਵਿਜ਼ਨ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਨੇ ਕਿਹਾ ਕਿ ਇਹ ਮਾਨਤਾ ਇਲੈਕਟ੍ਰਾਨਿਕਸ, ਸੂਚਨਾ ਟੈਕਨੋਲੋਜੀ ਅਤੇ ਸੰਚਾਰ ਟੈਕਨੋਲੋਜੀ ਵਿੱਚ ਉੱਤਮਤਾ ਲਈ ਨੀਏਲਿਤ ਦੀ ਮਜ਼ਬੂਤ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ ਅਤੇ ਨਵੀਨਤਾ, ਡਿਜੀਟਲ ਇੰਡੀਆ ਅਤੇ ਮੇਕ ਇਨ ਇੰਡੀਆ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨ ਅਤੇ ਵਿਸ਼ਵ ਪੱਧਰੀ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਨ ਦੇ ਪ੍ਰਧਾਨ ਮੰਤਰੀ ਦੇ ਟੀਚਿਆਂ ਦੇ ਅਨੁਸਾਰ ਹੈ।

ਅਸਮ ਦੇ ਮੁੱਖ ਮੰਤਰੀ ਡਾ: ਹਿਮੰਤ ਬਿਸਵਾ ਸਰਮਾ ਨੇ ਕਿਹਾ ਕਿ ਅਸ਼ਟਲਕਸ਼ਮੀ ਭੂਮੀ ਤੋਂ ਨੀਏਲਿਤ ਡੀਮਡ ਯੂਨੀਵਰਸਿਟੀ ਦੀ ਸ਼ੁਰੂਆਤ ਸਭ ਤੋਂ ਮਹੱਤਵਪੂਰਨ ਘਟਨਾ ਹੈ ਕਿਉਂਕਿ ਤਕਨੀਕੀ ਵਿਕਾਸ ਭਾਰਤ ਨੂੰ ਇੱਕ ਵਿਕਸਿਤ ਰਾਸ਼ਟਰ ਦਾ ਦਰਜਾ ਦਿਵਾਉਣ ਵੱਲ ਅੱਗੇ ਲਿਜਾਵੇਗਾ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਫਾਜ਼ਿਲਕਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਮੈਜਿਸਟ੍ਰੇਟ ਅਮਰਪ੍ਰੀਤ ਕੌਰ ਸੰਧੂ ਨੇ ਬੀ.ਐਨ.ਐਸ.ਐਸ ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋ ਕਰਦਿਆਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਹ ਪਾਬੰਦੀਆਂ 28 ਫਰਵਰੀ 2025 ਤੱਕ ਲਾਗੂ ਰਹਿਣਗੀਆਂ ਅਤੇ ਉਲੰਘਣਾ ਕਰਨ ਵਾਲਿਆਂ ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਕ ਹੋਰ ਹੁਕਮ ਵਿੱਚ ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹੇ ਅੰਦਰ 50 ਮਾਈਕਰੋਨ ਤੋਂ ਘੱਟ ਮੋਟਾਈ 8*13 ਅਕਾਰ ਤੋਂ ਘੱਟ ਅਤੇ ਨਿਰਧਾਰਤ ਰੰਗ ਤੋਂ ਬਗੈਰ ਦੇ ਅਣਲੱਗ ਪਲਾਸਟਿਕ ਦੇ ਲਿਫਾਫਿਆਂ ਦੇ ਬਣਾਉਣ/ਵਰਤੋਂ ਕਰਨ ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਤੋਂ ਇਲਾਵਾ ਇਹ ਲਿਫਾਫੇ ਨਾਲੀਆਂ/ ਸੀਵਰੇਜ ਜਾਂ ਪਬਲਿਕ ਸਥਾਨਾਂ ਤੇ ਸੁਣਟ ਦੀ ਵੀ ਪਾਬੰਦੀ ਲਗਾਈ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਨਾਲ ਸਫਾਈ ਵਿਚ ਵਿਘਨ ਪੈਂਦਾ ਹੈ ਅਤੇ ਸੀਵਰੇਜ ਆਦਿ ਵਿਚ ਫਸ ਜਾਣ ਕਾਰਨ ਸੀਵਰੇਜ ਬੰਦ ਹੋ ਜਾਂਦਾ ਹੈ ਅਤੇ ਗੰਦਾ ਪਾਣੀ ਸੜਕਾਂ, ਗਲੀਆਂ ਵਿਚ ਆ ਜਾਂਦਾ ਹੈ ਜਿਸ ਦੇ ਸਿੱਟੇ ਵਜੋਂ ਵਾਤਾਵਰਣ ਅਤੇ ਸਿਹਤ ਸਬੰਧੀ ਖਤਰਨਾਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਫਾਜ਼ਿਲਕਾ ਦੇ ਬਾਰਡਰ ਨੇੜਲੇ ਪਿੰਡਾ ਅਤੇ ਬੀ.ਪੀ.ਓਜ ਦੇ ਨੇੜੇ ਸਾਮ 6 ਵਜੇ ਤੋਂ ਸਵੇਰੇ 8 ਵਜੇ ਤੱਕ ਆਮ ਜਨਤਾ ਨੂੰ ਆਉਣ ਜਾਣ ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਸਰਹੱਦੀ ਖੇਤਰ ਦੀ ਸੁਰੱਖਿਆ ਪੁਖਤਾ ਕਰਨ ਦੇ ਮੰਤਵ ਤਹਿਤ ਆਮ ਲੋਕਾਂ ਲਈ ਜ਼ਿਲ੍ਹਾ ਫਾਜ਼ਿਲਕਾ ਵਿਚ ਸਰਹੱਦੀ ਖੇਤਰਾਂ ਦੇ ਨਾਲ-ਨਾਲ ਬੀ.ਓ.ਪੀਜ ਦੇ ਨੇੜੇ ਆਉਣ-ਜਾਣ ਲਈ ਪਾਬੰਦੀ ਲਗਾਉਣ ਦੀ ਜਰੂਰਤ ਹੈ। ਇਹ ਹੁਕਮ ਫੌਜ, ਬੀ.ਐਸ.ਐਫ., ਪੁਲਿਸ, ਠੇਕੇਦਾਰ 'ਤੇ ਉਹ ਮਜ਼ਦੂਰ ਜੋ ਕਿ ਮਿਲਟਰੀ ਏਰੀਆ ਵਿਚ ਮਜ਼ਦੂਰੀ ਦਾ ਕੰਮ ਕਰਦੇ ਹੋਣ ਜਾਂ ਸਮਰੱਥ ਅਧਿਕਾਰੀ ਵੱਲੋਂ ਜਾਰੀ ਪਰਮਿਟ 'ਤੇ ਲਾਗੂ ਨਹੀਂ ਹੋਣਗੇ।

ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਮੈਜਿਸਟਰੇਟ ਨੇ ਫਾਜ਼ਿਲਕਾ ਜ਼ਿਲ੍ਹੇ ਦੀ ਹਦੂਦ ਅੰਦਰ ਕੋਬਰਾ/ ਕੰਡਿਆਲੀ ਤਾਰ ਨੂੰ ਵੇਚਣ, ਖਰੀਦਣ ਅਤੇ ਵਰਤੋਂ ਕਰਨ ਤੇ ਪਾਬੰਦੀ ਲਗਾਈ ਹੈ। ਲੋਕਾਂ ਵੱਲੋਂ ਆਪਣੇ ਪਲਾਟ, ਖੇਤ ਅਤੇ ਹੋਰ ਪਾਸੇ ਜਿਥੇ ਵੇਖਿਆ ਜਾਵੇ ਪਸ਼ੂਆਂ ਤੋਂ ਸੁਰੱਖਿਆ ਲਈ ਕੰਡਿਆਲੀ ਤਾਰ ਦੇ ਨਾਲ-ਨਾਲ ਕੋਬਰਾ ਤਾਰ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ, ਜੋ ਕਿ ਬਹੁਤ ਤੇਜਧਾਰ ਹੁੰਦੀ ਹੈ, ਜਿਸ ਨਾਲ ਕੁਦਰਤੀ ਜੀਵਾਂ ਅਤੇ ਇਨਸਾਨਾਂ ਨੂੰ ਜਾਨ ਦਾ ਖਤਰਾ ਹੁੰਦਾ ਹੈ।

# ਡੱਲੇਵਾਲ ਨੂੰ ਕੁਝ ਹੋਇਆ ਤਾਂ ਕੇਂਦਰ ਸਰਕਾਰ ਦੀ ਹੋਵੇਗੀ ਜ਼ਿੰਮੇਵਾਰੀ: ਉਗਰਾਹਾਂ

## ਕੇਂਦਰ ਸੰਘਰਸ਼ ਦਾ ਲੈ ਰਿਹੈ ਲਾਹਾ, ਪੰਜਾਬ ਸਰਕਾਰ ਤੇ ਸਿੱਖਾਂ ਨੂੰ ਹੋ ਰਿਹੈ ਨੁਕਸਾਨ: ਟਿਕੈਤ

**ਸੰਯੁਕਤ ਕਿਸਾਨ ਮੋਰਚੇ ਦੀ ਮਹਾਪੰਚਾਇਤ 'ਚ ਖੇਤੀ ਮੰਡੀ ਨੀਤੀ ਖਰੜਾ ਰੱਦ**

**ਟੋਹਾਣਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੱਜ ਇਥੋਂ ਦੀ ਐਡੀਸ਼ਨਲ ਅਨਾਜ ਮੰਡੀ ਵਿੱਚ ਹੋਈ ਕਿਸਾਨ ਮਹਾਪੰਚਾਇਤ ਦੌਰਾਨ ਆਪਣੇ ਸੰਬੋਧਨ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵਾਅਦਾਖਿਲਾਫ਼ੀ ਕਰ ਰਹੀ ਹੈ ਅਤੇ ਉਹ ਦਿੱਲੀ ਅੰਦੋਲਨ ਖ਼ਤਮ ਕਰਨ ਲਈ ਕੀਤੇ ਸਮਝੌਤੇ ਤੋਂ ਪਿੱਛੇ ਹਟ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਅਨਾਜ ਦਾ ਵਪਾਰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੇ ਇਰਾਦੇ ਨਾਲ ਖੇਤੀ ਕਾਨੂੰਨ ਪਿਛਲੇ ਦਰਵਾਜ਼ਿਉਂ ਮੁੜ ਤੋਂ ਲਾਗੂ ਕਰਨ ਜਾ ਰਹੀ ਹੈ। ਉਨ੍ਹਾਂ ਡੱਲੇਵਾਲ ਦੀ ਮੰਗ ਨੂੰ ਮੰਨ ਲੈਣ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਵਾਸਤੇ ਕਿਹਾ। ਉਗਰਾਹਾਂ ਨੇ ਕਿਹਾ, "ਡੱਲੇਵਾਲ ਦੇ ਸੰਘਰਸ਼ ਨੂੰ ਸੂਬਾ ਸਰਕਾਰ ਨਾਲ ਕਿਉਂ ਜੋੜਿਆ ਜਾ ਰਿਹਾ ਹੈ ਜਦੋਂ ਕਿ ਮਾਮਲਾ ਸਿੱਧਾ ਕੇਂਦਰ ਸਰਕਾਰ ਨਾਲ ਜੁੜਿਆ ਹੋਇਆ ਹੈ। ਜੇ ਡੱਲੇਵਾਲ ਨੂੰ ਕੁਝ ਹੋਇਆ ਤਾਂ ਉਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਕਾਰੋਬਾਰੀਆਂ ਦੇ ਹੱਥਾਂ 'ਚ ਅਨਾਜ ਦਾ ਕੰਟਰੋਲ ਆ ਗਿਆ ਤਾਂ ਕਿਸਾਨਾਂ ਦੇ ਨਾਲ ਨਾਲ ਮਜ਼ਦੂਰ ਵੀ ਹਾਸ਼ੀਏ 'ਤੇ ਚਲੇ ਜਾਣਗੇ।" ਉਨ੍ਹਾਂ ਕਿਸਾਨਾਂ ਵਿੱਚ ਫੁੱਟ ਨੂੰ ਨਕਾਰਦਿਆਂ ਕਿਹਾ ਕਿ ਕਿਸਾਨਾਂ ਦਾ ਨਿਸ਼ਾਨਾ ਇਕੋ-ਇਕ ਹੈ। ਖ਼ਰਾਬ ਮੌਸਮ ਅਤੇ ਸੰਘਣੀ ਧੁੰਦ ਦੇ ਬਾਵਜੂਦ ਮਹਾਪੰਚਾਇਤ 'ਚ ਕਿਸਾਨਾਂ ਦਾ ਵੱਡਾ ਇਕੱਠ ਹੋਇਆ।



ਟੋਹਾਣਾ ਮਹਾਪੰਚਾਇਤ 'ਚ ਹਾਜ਼ਰ ਰਾਕੇਸ਼ ਟਿਕੈਤ ਤੇ ਹੋਰ ਕਿਸਾਨ ਆਗੂ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੱਜ ਇਥੋਂ ਦੀ ਐਡੀਸ਼ਨਲ ਅਨਾਜ ਮੰਡੀ ਵਿੱਚ ਹੋਈ ਕਿਸਾਨ ਮਹਾਪੰਚਾਇਤ ਦੌਰਾਨ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਮੰਗਾਂ ਮਨਵਾਉਣ ਲਈ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦਾ ਲਾਹਾ ਕੇਂਦਰ ਨੂੰ ਮਿਲ ਰਿਹਾ ਹੈ ਜਦਕਿ ਪੰਜਾਬ ਸਰਕਾਰ ਅਤੇ ਸਿੱਖਾਂ ਨੂੰ ਇਸ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਖਨੌਰੀ-ਸ਼ੰਭੂ ਬਾਰਡਰ 'ਤੇ ਕਿਸਾਨਾਂ ਦਾ 10 ਮਹੀਨਿਆਂ ਤੋਂ ਚੱਲ ਰਿਹਾ ਸੰਘਰਸ਼ ਚਾਰ-ਪੰਜ ਹੋਰ ਮਹੀਨੇ ਜਾਰੀ ਰਹੇਗਾ। ਟਿਕੈਤ ਨੇ ਕਿਹਾ ਕਿ ਉਨ੍ਹਾਂ ਨਾਲ ਏਕੇ ਲਈ ਐੱਸਕੇਐੱਮ ਨੇ ਛੇ ਮੈਂਬਰੀ ਕਮੇਟੀ ਬਣਾਈ ਸੀ ਪਰ ਇਹ ਗੱਲਬਾਤ ਸਿਰੇ ਨਾ ਚੜ੍ਹ ਸਕੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਕਿਸਾਨ ਆਪਸ 'ਚ ਹੀ ਉਲਝੇ ਰਹਿਣ ਅਤੇ ਉਨ੍ਹਾਂ ਦੇ ਮੁੱਦਿਆਂ ਦਾ ਕੋਈ ਹੱਲ ਨਾ ਨਿਕਲੇ। ਮਹਾਪੰਚਾਇਤ ਦੌਰਾਨ ਕਿਸਾਨਾਂ ਨੇ ਕੇਂਦਰ ਦੇ ਖੇਤੀ ਮੰਡੀ ਨੀਤੀ ਖਰੜੇ ਨੂੰ ਮੁੱਢੋਂ ਰੱਦ ਕਰ ਦਿੱਤਾ। ਇਕ ਮਤੇ 'ਚ ਕਿਹਾ ਗਿਆ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਖਰੜੇ ਦੇ ਵਿਰੋਧ ਵਿੱਚ ਕੇਂਦਰ ਸਰਕਾਰ ਨੂੰ ਪੱਤਰ ਲਿਖਣ। ਇਸ ਦੌਰਾਨ ਖਨੌਰੀ ਬਾਰਡਰ 'ਤੇ ਮਰਨ ਵਰਤ ਉਪਰ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਹਮਾਇਤ ਦਿੰਦਿਆਂ ਆਗੂਆਂ ਨੇ ਕੇਂਦਰ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਨੂੰ ਕੁਝ ਹੋਇਆ ਤਾਂ ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਕੇਂਦਰ ਨੂੰ ਡੱਲੇਵਾਲ ਨਾਲ ਗੱਲਬਾਤ ਕਰਕੇ ਕਿਸਾਨੀ ਮੰਗਾਂ ਮੰਨਣ ਲਈ ਜ਼ੋਰ ਪਾਇਆ। ਖ਼ਰਾਬ ਮੌਸਮ ਅਤੇ ਠੰਢ ਦੇ ਬਾਵਜੂਦ ਵੱਡੀ ਗਿਣਤੀ 'ਚ ਜੁੜੇ ਕਿਸਾਨਾਂ ਨੂੰ ਰਾਕੇਸ਼ ਟਿਕੈਤ, ਜੋਗਿੰਦਰ ਸਿੰਘ ਉਗਰਾਹਾਂ, ਡਾ ਦਰਸ਼ਨ ਪਾਲ, ਰਾਮਿੰਦਰ ਪਟਿਆਲਾ, ਮਨਜੀਤ ਸਿੰਘ ਧੰਨੇਰ, ਸੁਖਦੇਵ ਜੰਮੂ, ਆਰ. ਵੈਂਕੱਈਆ, ਸਤਿਆਵਾਨ, ਬਲਦੇਵ ਸਿੰਘ ਨਿਹਾਲਗੜ੍ਹ, ਜੋਗਿੰਦਰ ਸਿੰਘ ਨੈਨ, ਰੁਲਦੂ ਸਿੰਘ ਮਾਨਸਾ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ। ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਜੇ ਹਾਲੇ ਵੀ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਤਾਂ ਦਿੱਲੀ ਅੰਦੋਲਨ ਲਈ ਖਰੜਾ ਤਿਆਰ ਹੈ। ਉਨ੍ਹਾਂ ਕਿਹਾ ਕਿ ਮੰਗਾਂ ਮਨਵਾਉਣ ਲਈ ਦਿੱਲੀ ਜਾ ਕੇ ਉਸ ਨੂੰ ਘੇਰਨ ਦੀ ਲੋੜ ਨਹੀਂ ਹੈ, ਸਗੋਂ ਕੇਐੱਮਪੀ ਅਤੇ ਹੋਰ ਥਾਵਾਂ 'ਤੇ ਰਾਹ ਬੰਦ ਕਰਕੇ ਕੇਂਦਰ 'ਤੇ ਦਬਾਅ ਬਣਾਇਆ ਜਾਵੇਗਾ। ਉਨ੍ਹਾਂ ਹਰਿਆਣਾ ਸਰਕਾਰ ਵੱਲੋਂ ਐੱਮਐੱਸਪੀ ਦੇਣ ਦੇ ਦਾਅਵੇ ਵੀ ਰੱਦ ਕਰ ਦਿੱਤੇ। ਉਨ੍ਹਾਂ ਯੂਪੀ ਵਿੱਚ ਸੰਗਠਨ ਖੜ੍ਹਾ ਕਰਨ ਲਈ ਵੀ ਮਦਦ ਮੰਗੀ। ਆਪਣੇ ਸੰਬੋਧਨ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵਾਅਦਾਖਿਲਾਫ਼ੀ ਕਰ ਰਹੀ ਹੈ ਅਤੇ ਉਹ ਦਿੱਲੀ ਅੰਦੋਲਨ ਖ਼ਤਮ ਕਰਨ ਲਈ ਕੀਤੇ ਸਮਝੌਤੇ ਤੋਂ ਪਿੱਛੇ ਹਟ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਅਨਾਜ ਦਾ ਵਪਾਰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੇ ਇਰਾਦੇ ਨਾਲ ਖੇਤੀ ਕਾਨੂੰਨ ਪਿਛਲੇ ਦਰਵਾਜ਼ਿਉਂ ਮੁੜ ਤੋਂ ਲਾਗੂ ਕਰਨ ਜਾ ਰਹੀ ਹੈ। ਉਨ੍ਹਾਂ ਡੱਲੇਵਾਲ ਦੀ ਮੰਗ ਨੂੰ ਮੰਨ ਲੈਣ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਵਾਸਤੇ ਕਿਹਾ।

ਉਗਰਾਹਾਂ ਨੇ ਕਿਹਾ, "ਡੱਲੇਵਾਲ ਦੇ ਸੰਘਰਸ਼ ਨੂੰ ਸੂਬਾ ਸਰਕਾਰ ਨਾਲ ਕਿਉਂ ਜੋੜਿਆ ਜਾ ਰਿਹਾ ਹੈ ਜਦੋਂ ਕਿ ਮਾਮਲਾ ਸਿੱਧਾ ਕੇਂਦਰ ਸਰਕਾਰ ਨਾਲ ਜੁੜਿਆ ਹੋਇਆ ਹੈ। ਜੇ ਡੱਲੇਵਾਲ ਨੂੰ ਕੁਝ ਹੋਇਆ ਤਾਂ ਉਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਕਾਰੋਬਾਰੀਆਂ ਦੇ ਹੱਥਾਂ 'ਚ ਅਨਾਜ ਦਾ ਕੰਟਰੋਲ ਆ ਗਿਆ ਤਾਂ ਕਿਸਾਨਾਂ ਦੇ ਨਾਲ ਨਾਲ ਮਜ਼ਦੂਰ ਵੀ ਹਾਸ਼ੀਏ 'ਤੇ ਚਲੇ ਜਾਣਗੇ।" ਉਨ੍ਹਾਂ ਕਿਸਾਨਾਂ ਵਿੱਚ ਫੁੱਟ ਨੂੰ ਨਕਾਰਦਿਆਂ ਕਿਹਾ ਕਿ ਕਿਸਾਨਾਂ ਦਾ ਨਿਸ਼ਾਨਾ ਇਕੋ-ਇਕ ਹੈ।

ਖ਼ਰਾਬ ਮੌਸਮ ਅਤੇ ਸੰਘਣੀ ਧੁੰਦ ਦੇ ਬਾਵਜੂਦ ਮਹਾਪੰਚਾਇਤ 'ਚ ਕਿਸਾਨਾਂ ਦਾ ਵੱਡਾ ਇਕੱਠ ਹੋਇਆ। ਮਹਾਪੰਚਾਇਤ 'ਚ ਔਰਤਾਂ ਪੀਲੀਆਂ ਚੁੰਨੀਆਂ ਲੈ ਕੇ ਪੁੱਜੀਆਂ ਸਨ। ਵੱਖ ਵੱਖ ਜਥੇਬੰਦੀਆਂ ਅਤੇ ਪਿੰਡਾਂ ਵੱਲੋਂ ਲੰਗਰ ਤੇ ਚਾਹ-ਨਾਸ਼ਤੇ ਤੋਂ ਇਲਾਵਾ ਸਾਹਿਤ ਦੇ ਸਟਾਲ ਵੀ ਲਾਏ ਹੋਏ ਸਨ।

# ਸਾਬਕਾ ਸਰਪੰਚ ਤਰਸੇਮ ਲਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ, ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਦਵਾਈ ਮੈਂਬਰਸ਼ਿਪ

**ਹੁਸ਼ਿਆਰਪੁਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਪਿੰਡ ਮਹਿਲਾਂਵਾਲੀ ਦੇ ਸਾਬਕਾ ਸਰਪੰਚ ਤਰਸੇਮ ਲਾਲ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੀ ਅਗਵਾਈ ਹੇਠ ਹੋ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਇਸ ਮੌਕੇ ਵਿਧਾਇਕ ਜਿੰਪਾ ਨੇ ਉਨ੍ਹਾਂ ਨੂੰ ਪਾਰਟੀ ਦੀ ਵਿਧਵਤ ਮੈਂਬਰਸ਼ਿਪ ਦਵਾਈ ਅਤੇ ਉਨ੍ਹਾਂ ਦੇ ਤਜਰਬੇ ਅਤੇ ਸਮਰਪਣ ਨੂੰ ਪਾਰਟੀ ਲਈ ਬਹੁਮੁੱਲ ਦੱਸਦੇ ਹੋਏ ਸਨਮਾਨਿਤ ਕੀਤਾ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਤਰਸੇਮ ਲਾਲ ਨੇ ਪਿੰਡ ਮਹਿਲਾਂਵਾਲੀ ਵਿੱਚ ਵਿਕਾਸ ਦੀ ਨਵੀਂ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਦਾ ਤਜਰਬਾ ਅਤੇ ਲੋਕਾਂ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਪਾਰਟੀ ਨੂੰ ਹੋਰ ਮਜ਼ਬੂਤੀ ਦੇਵੇਗੀ। ਆਮ ਆਦਮੀ ਪਾਰਟੀ ਸਦਾ ਹੀ ਲੋਕ ਹਿੱਤ ਅਤੇ ਵਿਕਾਸ ਲਈ ਪ੍ਰਤੀਬੱਧ ਰਹੀ ਹੈ। ਤਰਸੇਮ ਲਾਲ ਦਾ ਪਾਰਟੀ ਨਾਲ ਜੁੜਨਾ ਇਸ ਦਿਸ਼ਾ ਵਿੱਚ ਇੱਕ ਹੋਰ ਮਜ਼ਬੂਤ ਕਦਮ ਹੈ।

ਵਿਧਾਇਕ ਜਿੰਪਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਹੇਠ ਹੋ ਰਹੇ ਵਿਕਾਸ ਕਾਰਜਾਂ ਨੇ ਨਾ ਸਿਰਫ ਪਿੰਡਾਂ ਨੂੰ ਨਵੀਂ ਦਿਸ਼ਾ ਦਿੱਤੀ ਹੈ, ਸਗੋਂ ਲੋਕਾਂ ਨੂੰ ਇਹ ਯਕੀਨ ਵੀ ਦਵਾਇਆ ਹੈ ਕਿ ਸੱਚੀ ਅਗਵਾਈ ਨਾਲ ਹਲਕੇ ਦਾ ਚਹੁੰਮੁਖੀ ਵਿਕਾਸ ਸੰਭਵ ਹੈ।

ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਤਰਸੇਮ ਲਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਜਨਸੇਵਾ ਅਤੇ ਵਿਕਾਸ ਆਧਾਰਤ ਸੋਚ ਨੇ ਮੈਨੂੰ ਪ੍ਰੇਰਿਤ ਕੀਤਾ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੇ ਯਤਨਾਂ ਦੇ ਕਾਰਨ ਹਲਕੇ ਵਿੱਚ ਜੋ ਬਦਲਾਅ ਆਏ ਹਨ, ਉਹ ਵਿਲੱਖਣ ਹਨ। ਮੈਂ ਪਾਰਟੀ ਨਾਲ ਮਿਲ ਕੇ ਸਮਾਜ ਅਤੇ ਖੇਤਰ ਦੇ ਵਿਕਾਸ ਲਈ ਕੰਮ ਕਰਨ ਲਈ ਪ੍ਰਤੀਬੱਧ ਹਾਂ। ਇਸ ਮੌਕੇ ਤੇ ਅਸ਼ੋਕ ਪਹਿਲਵਾਨ, ਜਤਿੰਦਰ ਅਤੇ ਰਜਿੰਦਰ ਸ਼ੇਰਗੜ੍ਹ ਸਮੇਤ ਕਈ ਸਥਾਨਕ ਪਤਵੰਤੇ ਵਿਅਕਤੀ ਮੌਜੂਦ ਸਨ।

# ਵਿਕਸਤ ਰਾਸ਼ਟਰ ਸੁਫ਼ਨਾ ਨਹੀਂ, ਤੈਅ ਟੀਚਾ: ਧਨਖੜ

**ਐੱਨਸੀਸੀ ਦੇ ਗਣਤੰਤਰ ਦਿਵਸ ਪਰੇਡ ਸਬੰਧੀ ਕੈਂਪ ਦੇ ਰਸਮੀ ਉਦਘਾਟਨ ਮੌਕੇ ਕੀਤਾ ਸੰਬੋਧਨ**



ਦਿੱਲੀ ਛਾਉਣੀ 'ਚ ਐੱਨਸੀਸੀ ਗਣਤੰਤਰ ਦਿਵਸ ਪਰੇਡ ਕੈਂਪ ਦੇ ਦੌਰੇ ਦੌਰਾਨ ਗਾਰਡ ਆਫ਼ ਆਨਰ ਦਾ ਨਿਰੀਖਣ ਕਰਦੇ ਹੋਏ ਉਪ ਰਾਸ਼ਟਰਪਤੀ ਜਗਦੀਪ ਧਨਖੜ।

**ਨਵੀਂ ਦਿੱਲੀ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਅੱਜ ਕਿਹਾ ਕਿ 2047 ਤੱਕ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਦਾ ਦ੍ਰਿਸ਼ਟੀਕੋਣ ਹੁਣ ਇਕ ਸੁਫ਼ਨਾ ਨਹੀਂ ਬਲਕਿ ਤੈਅ ਟੀਚਾ ਹੈ। ਕੌਮੀ ਕੈਡਿਟ ਕੋਰ (ਐੱਨਸੀਸੀ) ਦੇ ਗਣਤੰਤਰ ਦਿਵਸ ਪਰੇਡ ਸਬੰਧੀ ਕੈਂਪ ਦੇ ਰਸਮੀ ਉਦਘਾਟਨ ਮੌਕੇ ਦਿੱਲੀ ਛਾਉਣੀ ਵਿੱਚ ਇਕ ਸਮਾਰੋਹ ਨੂੰ ਸੰਬੋਧਨ ਕਰਦਿਆਂ ਧਨਖੜ ਨੇ ਇਹ ਟਿੱਪਣੀ ਕੀਤੀ।

ਉਨ੍ਹਾਂ ਐੱਨਸੀਸੀ ਮੈਂਬਰਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਹ ਰਾਸ਼ਟਰ ਦੀ ਸੇਵਾ ਭਾਵਨਾ ਦੇ ਨਾਲ ਏਕਤਾ ਤੇ ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨ ਲਈ ਜਾਣੇ ਜਾਂਦੇ ਹਨ। ਉਪ ਰਾਸ਼ਟਰਪਤੀ ਨੇ ਕਿਹਾ, "ਤੁਸੀਂ (ਐੱਨਸੀਸੀ ਕੈਡਿਟਸ) ਸਾਡੀ ਨੌਜਵਾਨ ਆਬਾਦੀ ਦੀ ਨੁਮਾਇੰਦਗੀ ਕਰਦੇ ਹੋ। 2047 ਵਿੱਚ ਸਾਡਾ ਵਿਕਸਤ ਰਾਸ਼ਟਰ ਦਾ ਦ੍ਰਿਸ਼ਟੀਕੋਣ ਹੁਣ ਇਕ ਸੁਫ਼ਨਾ ਨਹੀਂ ਹੈ। ਇਹ ਸਾਡਾ ਤੈਅ ਟੀਚਾ ਹੈ।" ਉਨ੍ਹਾਂ ਕਿਹਾ, "ਤੁਸੀਂ ਸਾਰੇ 2047 ਵਿੱਚ ਭਾਰਤ ਦੇ ਵਿਕਾਸ ਲਈ ਮਹੱਤਵਪੂਰਨ ਹੋ।"

# ਸਿੱਖਿਆ ਮੰਤਰੀ ਦੇ ਘਰ ਅੱਗੇ ਮੁਜ਼ਾਹਰਾ

**ਮਸਲੇ ਹੱਲ ਨਾ ਹੋਣ 'ਤੇ ਅਧਿਆਪਕਾਂ ਵੱਲੋਂ ਰੋਸ ਜ਼ਾਹਿਰ; ਸੁਨਾਮ ਵਿੱਚ 11 ਨੂੰ ਫੂਕੇ ਜਾਣਗੇ ਝਾੜੂ**



**ਸ੍ਰੀ ਆਨੰਦਪੁਰ ਸਾਹਿਬ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਭਰ ਤੋਂ ਆਏ ਕੰਪਿਊਟਰ ਅਧਿਆਪਕਾਂ ਨੇ ਅੱਜ ਗੰਭੀਰਪੁਰ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਘਰ ਅੱਗੇ ਮੁਜ਼ਾਹਰਾ ਕੀਤਾ। ਇਹ ਅਧਿਆਪਕ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਇੱਥੇ ਇਕੱਠੇ ਹੋਏ ਅਤੇ ਪ੍ਰਦਰਸ਼ਨ ਕੀਤਾ। ਅਧਿਆਪਕ ਆਗੂ ਪਰਮਵੀਰ ਸਿੰਘ ਪੰਮੀ, ਪ੍ਰਦੀਪ ਕੁਮਾਰ ਮਲੂਕਾ, ਲਖਵਿੰਦਰ ਸਿੰਘ, ਊਧਮ ਸਿੰਘ ਡੋਗਰਾ, ਗੁਰਬਖਸ਼ ਲਾਲ, ਬਲਜੀਤ ਸਿੰਘ, ਰਾਕੇਸ਼ ਸੈਣੀ ਤੇ ਰਜਵੰਤ ਕੌਰ ਆਦਿ ਨੇ ਦੱਸਿਆ ਕਿ ਸੂਬਾ ਸਰਕਾਰ ਦੇ ਲਾਰਿਆਂ ਤੋਂ ਤੰਗ ਆ ਕੇ ਉਨ੍ਹਾਂ ਵੱਲੋਂ ਸੰਘਰਸ਼ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਪਿਛਲੇ ਸਾਲ ਪਹਿਲੀ ਸਤੰਬਰ ਤੋਂ ਸੰਗਰੂਰ ਦੇ ਡੀਸੀ ਦਫਤਰ ਅੱਗੇ ਲੜੀਵਾਰ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਸੀ ਪਰ ਚਾਰ ਮਹੀਨਿਆਂ ਦਾ ਲੰਬਾ ਸਮਾਂ ਬੀਤਣ ਮਗਰੋਂ ਵੀ ਸੂਬਾ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸ ਮਗਰੋਂ ਉਨ੍ਹਾਂ ਦੇ ਸਾਥੀ ਜੌਨੀ ਸਿੰਗਲਾ ਵੱਲੋਂ 22 ਦਸੰਬਰ ਨੂੰ ਮਰਨ ਵਰਤ ਸ਼ੁਰੂ ਕਰ ਦਿੱਤਾ ਗਿਆ ਅਤੇ ਦੋ ਜਨਵਰੀ ਨੂੰ ਪੁਲੀਸ ਨੇ ਉਨ੍ਹਾਂ ਨੂੰ ਜਬਰੀ ਧਰਨੇ ਤੋਂ ਚੁੱਕ ਕੇ ਰਾਜਿੰਦਰਾ ਹਸਪਤਾਲ ਪਟਿਆਲਾ ਭਰਤੀ ਕਰਵਾਇਆ। ਕੰਪਿਊਟਰ ਅਧਿਆਪਕਾਂ ਨੇ ਕਿਹਾ ਕਿ ਸਾਰੇ ਕੰਪਿਊਟਰ ਅਧਿਆਪਕਾਂ ਦੇ ਸਾਰੇ ਲਾਭ ਬਹਾਲ ਕੀਤੇ ਜਾਣ ਅਤੇ ਛੇਵੇਂ ਪੇਅ ਕਮਿਸ਼ਨ ਦਾ ਲਾਭ ਦਿੰਦਿਆਂ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ ਅਤੇ ਜਿਨ੍ਹਾਂ ਕੰਪਿਊਟਰ ਅਧਿਆਪਕਾਂ ਦੀ ਪਿਛਲੇ ਸਮੇਂ ਦੌਰਾਨ ਮੌਤ ਹੋ ਚੁੱਕੀ ਹੈ, ਉਨ੍ਹਾਂ ਕੰਪਿਊਟਰ ਅਧਿਆਪਕਾਂ ਦੇ ਪਰਿਵਾਰਾਂ ਨੂੰ ਬਣਦੀ ਵਿੱਤੀ ਸਹਾਇਤਾ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇ। ਕੰਪਿਊਟਰ ਅਧਿਆਪਕਾਂ ਨੇ ਐਲਾਨ ਕੀਤਾ ਕਿ ਸੰਘਰਸ਼ ਦੇ ਅਗਲੇ ਪੜਾਅ ਵਿੱਚ 11 ਦਸੰਬਰ ਨੂੰ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਦੇ ਘਰ ਅੱਗੇ 2100 ਝਾੜੂ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

# 4 ਫਰਵਰੀ ਤੋਂ 11 ਫਰਵਰੀ ਤੱਕ ਅੰਬਾਲਾ ਕੈਂਟ ਵਿਚ ਹੋਵੇਗੀ ਅਗਨੀਵੀਰ ਪੁਰਸ਼ ਅਤੇ ਮਹਿਲਾ (ਮਿਲਿਟਰੀ ਪੁਲਿਸ) ਦੀ ਭਰਤੀ

**ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਾਮੀ 4 ਫਰਵਰੀ ਤੋਂ 8 ਫਰਵਰੀ ਤੱਕ ਅੰਬਾਲਾ ਕੈਂਟ ਦੇ ਖੜਗਾ ਸਪੋਰਟਸ ਸਟੇਡੀਅਮ ਵਿਚ ਅਗਨੀਵੀਰ ਭਰਤੀ ਪ੍ਰਕ੍ਰਿਆ ਦਾ ਦੂਜਾ ਪੜਾਅ, ਫ਼ਿਜੀਕਲ ਅਤੇ ਮੈਡੀਕਲ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਭਰਤੀ ਪ੍ਰਕ੍ਰਿਆ ਵਿਚ ਹਰਿਆਣਾ ਦੇ ਅੰਬਾਲਾ, ਕੈਥਲ, ਕੁਰੂਕਸ਼ੇਤਰ, ਕਰਨਾਲ, ਯਮੁਨਾਨਗਰ, ਪੰਚਕੂਲਾ ਅਤੇ ਕੇਂਦਰ ਸ਼ਾਸਿਤ ਸੂਬੇ ਚੰਡੀਗੜ੍ਹ ਦੇ ਉਹ ਪੁਰਸ਼ ਉਮੀਦਵਾਰ ਜੋ ਕੀ ਪਹਿਲੇ ਪੜਾਅ ਦੇ ਕੰਪਿਊਟਰ ਅਧਾਰਿਤ ਆਨਲਾਇਨ ਕਾਮਨ ਪ੍ਰੀਖਿਆ ਵਿਚ ਸ਼ਾਰਟਲਿਸਟ ਹੋਏ ਹਨ, ਉਹ ਹਿੱਸਾ ਲੈ ਸਕਦੇ ਹਨ। ਇਕ ਸਰਕਾਰੀ ਬੁਲਾਰੇ ਨੇ ਇਸ ਬਾਰੇ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਪਹਿਲੇ ਪੜਾਅ ਦੇ ਸਾਰੇ ਚੋਣ ਕੀਤੇ ਉਮੀਦਵਾਰਾਂ ਦੇ ਏਡਮਿਟ ਕਾਰਡ 20 ਦਸੰਬਰ, 2024 ਨੂੰ ਜਾਰੀ ਕਰ ਦਿੱਤੇ ਗਏ ਹਨ। ਅਜਿਹੇ ਸਾਰੇ ਉਮੀਦਵਾਰ ਭਾਂਰਤੀ ਸੇਨਾ ਦੀ ਵੈਬਸਾਇਟ www.joinindianarmy.nic.in 'ਤੇ ਉਮੀਦਵਾਰ ਲੋਗਇੰਨ ਆਈਡੀ ਤੋਂ ਆਪਣਾ ਏਡਮਿਟ ਕਾਰਡ ਡਾਉਨਲੋਡ ਕਰ ਸਕਦੇ ਹਨ।

# ਕੜਾਹ ਪਰੋਸਣ ਦੇ ਹੁਕਮ ਨੇ ਅਧਿਆਪਕਾਂ ਨੂੰ ਤਾਪ ਚੜ੍ਹਾਇਆ

**ਸਰਕਾਰਾਂ 'ਤੇ ਅਧਿਆਪਕਾਂ ਨੂੰ ਹਲਵਾਈ ਬਣਾਉਣ ਦਾ ਦੋਸ਼**

**ਮਾਨਸਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿੱਡ-ਡੇਅ ਮੀਲ ਦੌਰਾਨ ਦੁਪਹਿਰ ਦੇ ਖਾਣੇ 'ਚ ਹੁਣ ਦੇਸੀ ਘਿਓ ਦਾ ਹਲਵਾ ਦੇਣ, ਮੁੜ ਕਾਲੇ ਜਾਂ ਚਿੱਟੇ ਛੋਲਿਆਂ ਨਾਲ ਪੂਰੀਆਂ ਪਰੋਸਣ ਦੇ ਨਵੇਂ ਫੁਰਮਾਨ ਨੇ ਅਧਿਆਪਕਾਂ ਨੂੰ ਤਾਪ ਚੜ੍ਹਾ ਦਿੱਤਾ ਹੈ।



ਇਸ ਤੋਂ ਪਹਿਲਾਂ ਅਧਿਆਪਕ ਮੌਸਮੀ ਫਲ ਦੇਣ ਦੀ ਤਾਣੀ 'ਚ ਉਲਝੇ ਰਹੇ। ਅਧਿਆਪਕ ਜਥੇਬੰਦੀਆਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਦੁਹਾਈ ਦਿੱਤੀ, 'ਸਾਨੂੰ ਪੜ੍ਹਾਉਣ ਦਿਓ, ਮਿੱਡ-ਡੇਅ ਮੀਲ ਲਈ ਕੋਈ ਹਲਵਾਈ ਮੈਨੇਜਰ ਰੱਖ ਲਵੋ।' ਮਿਲੀ ਜਾਣਕਾਰੀ ਅਨੁਸਾਰ ਸਿੱਖਿਆ ਵਿਭਾਗ ਵੱਲੋਂ ਕੇਂਦਰ ਸਰਕਾਰ ਦੇ ਹਵਾਲੇ ਨਾਲ ਮਿਡ-ਡੇਅ ਮੀਲ (ਨਵਾਂ ਨਾਮ ਪੀ.ਐੱਮ.ਪੋਸ਼ਣ ਸਕੀਮ) ਅਧੀਨ ਜੋ ਨਵਾਂ ਮੀਨੂੰ ਜਾਰੀ ਕੀਤਾ ਗਿਆ ਹੈ, ਉਸ ਅਨੁਸਾਰ ਸੋਮਵਾਰ ਨੂੰ ਰੋਟੀ ਅਤੇ ਦਾਲ, ਮੰਗਲਵਾਰ ਨੂੰ ਰਾਜਮਾਂਹ, ਚਾਵਲ ਤੇ ਖੀਰ, ਬੁੱਧਵਾਰ ਨੂੰ ਕਾਲੇ ਤੇ ਚਿੱਟੇ ਛੋਲੇ (ਆਲੂ ਮਿਲਾ ਕੇ), ਪੂਰੀ, ਰੋਟੀ ਸਣੇ ਦੇਸੀ ਘਿਓ ਦਾ ਹਲਵਾ, ਵੀਰਵਾਰ ਨੂੰ ਕੜ੍ਹੀ (ਆਲੂ ਅਤੇ ਪਿਆਜ਼ ਦੇ ਪਕੌੜਿਆਂ ਸਣੇ) ਅਤੇ ਚੌਲ, ਸ਼ੁੱਕਰਵਾਰ ਨੂੰ ਮੌਸਮੀ ਸਬਜ਼ੀ ਅਤੇ ਰੋਟੀ ਅਤੇ ਸ਼ਨਿਚਰਵਾਰ ਨੂੰ ਮਾਂਹ ਛੋਲਿਆਂ ਦੀ ਦਾਲ, ਚੌਲ, ਕੀਨੂੰ ਦੇਣ ਦੀ ਹਦਾਇਤ ਕੀਤੀ ਗਈ ਹੈ, ਨਾਲ ਹੀ ਦਾਲ ਬਦਲ ਬਦਲ ਕੇ ਦੇਣ ਨੂੰ ਕਿਹਾ ਗਿਆ ਹੈ।

ਅਧਿਆਪਕ ਆਗੂ ਨਿਤਿਨ ਸੋਢੀ, ਅਮਨਦੀਪ ਸ਼ਰਮਾ, ਹਰਦੀਪ ਸਿੱਧੂ, ਅਮੋਲਕ ਡੇਲੂਆਣਾ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੀਨੂੰ 'ਚ ਤਬਦੀਲੀ ਮੁਤਾਬਿਕ ਪੈਸੇ ਵੀ ਵਧਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਬਹੁਭਾਂਤੀ ਭੋਜਨ ਬਣਾਉਣ ਦੇ ਚੱਕਰਾਂ ਵਿੱਚ ਅਧਿਆਪਕ ਬੱਚਿਆਂ ਨੂੰ ਪੜ੍ਹਾ ਨਹੀਂ ਸਕਣਗੇ। ਉਹ ਖਾਣਿਆਂ ਵਿੱਚ ਹੀ ਉਲਝੇ ਰਹਿਣਗੇ। ਇਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋਵੇਗਾ।

# ਬੱਸ ਹਾਦਸੇ 'ਚ ਫ਼ੌਤ ਹੋਈਆਂ ਕੋਠਾ ਗੁਰੂ ਦੀਆਂ ਤਿੰਨੋਂ ਕਿਸਾਨ ਬੀਬੀਆਂ ਕਿਸਾਨੀ ਸੰਘਰਸ਼ ਨਾਲ ਜੁੜੀਆਂ

**ਭਗਤਾ ਭਾਈ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਕੋਠਾ ਗੁਰੂ ਤੋਂ ਟੋਹਾਣਾ (ਹਰਿਆਣਾ) ਵਿੱਚ ਕਿਸਾਨ ਮਹਾਪੰਚਾਇਤ 'ਚ ਸ਼ਾਮਲ ਹੋਣ ਜਾ ਰਹੀ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਬੱਸ ਅੱਜ ਸਵੇਰੇ ਬਠਿੰਡਾ-ਬਰਨਾਲਾ ਹਾਈਵੇਅ 'ਤੇ ਸੰਘਣੀ ਧੁੰਦ ਕਾਰਨ ਹਾਦਸਾਗ੍ਰਸਤ ਹੋ ਗਈ। ਹਾਦਸੇ ਵਿੱਚ ਫ਼ੌਤ ਹੋਈਆਂ ਤਿੰਨੋਂ ਕਿਸਾਨ ਬੀਬੀਆਂ ਪਿਛਲੇ ਲੰਬੇ ਸਮੇਂ ਤੋਂ ਕਿਸਾਨੀ ਸੰਘਰਸ਼ ਨਾਲ ਨੇੜਿਓਂ ਜੁੜੀਆਂ ਹੋਈਆਂ ਸਨ। ਪਿੰਡ ਕੋਠਾ ਗੁਰੂ ਦੀਆਂ ਇਨ੍ਹਾਂ ਮਹਿਲਾਵਾਂ ਵਿੱਚ ਜਸਵੀਰ ਕੌਰ (70), ਸਰਬਜੀਤ ਕੌਰ (60) ਤੇ ਬਲਵੀਰ ਕੌਰ (65) ਸ਼ਾਮਲ ਹਨ। ਇਹ ਕਿਸਾਨ ਬੀਬੀਆਂ ਬੀਕੇਯੂ ਏਕਤਾ (ਉਗਰਾਹਾਂ) ਦੀਆਂ ਸਰਗਰਮ ਮੈਂਬਰ ਸਨ ਤੇ ਹਰ ਕਿਸਾਨੀ ਮੋਰਚੇ 'ਚ ਹੁੰਮ-ਹੁੰਮਾ ਕੇ ਪਹੁੰਚਦੀਆਂ ਸਨ। ਇਨ੍ਹਾਂ ਕਿਸਾਨ ਬੀਬੀਆਂ ਨੇ ਦਿੱਲੀ ਵਿੱਚ ਚੱਲੇ ਕਿਸਾਨ ਮੋਰਚੇ 'ਚ ਵੀ ਪੂਰੀ ਸਰਗਰਮੀ ਨਾਲ ਭਾਗ ਲਿਆ ਸੀ।



ਜਸਵੀਰ ਕੌਰ, ਸਰਬਜੀਤ ਕੌਰ ਤੇ ਬਲਵੀਰ ਕੌਰ ਦੀਆਂ ਫਾਈਲ ਫੋਟੋਆਂ।

ਹਾਦਸੇ ਦੀ ਖ਼ਬਰ ਮਿਲਦਿਆਂ ਹੀ ਪਿੰਡ ਕੋਠਾ ਗੁਰੂ ਵਿੱਚ ਸੋਗ ਦੀ ਲਹਿਰ ਦੌੜ ਗਈ। ਪਿੰਡ ਦੇ ਕਿਸਾਨ ਆਗੂ ਸੁਰਜੀਤ ਸਿੰਘ ਸੀਤਾ ਨੇ ਦੱਸਿਆ ਕਿ ਬੱਸ ਅੱਜ ਸਵੇਰੇ ਪਿੰਡ ਕੋਠਾ ਗੁਰੂ ਤੋਂ ਟੋਹਾਣਾ ਲਈ ਰਵਾਨਾ ਹੋਈ ਸੀ।

# ਮਨਮੋਹਨ ਸਿੰਘ ਨੂੰ 'ਭਾਰਤ ਰਤਨ' ਦੇਣ ਲਈ ਮਤਾ ਲਿਆਂਦਾ ਜਾਵੇ: ਬਾਜਵਾ

**ਵਿਰੋਧੀ ਧਿਰ ਦੇ ਆਗੂ ਨੇ ਮੁੱਖ ਮੰਤਰੀ, ਵਿਧਾਨ ਸਭਾ ਸਪੀਕਰ ਤੇ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਲਿਖਿਆ ਪੱਤਰ**

**ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਡਾ. ਮਨਮੋਹਨ ਸਿੰਘ ਨੂੰ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ 'ਭਾਰਤ ਰਤਨ' ਦੇਣ ਦੀ ਮੰਗ ਕੀਤੀ ਹੈ। ਇਸ ਲਈ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ, ਸ਼੍ਰੋਮਣੀ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਆਲੀ, ਭਾਜਪਾ ਦੇ ਅਸ਼ਵਨੀ ਸ਼ਰਮਾ ਤੇ ਬਸਪਾ ਦੇ ਨਛੱਤਰ ਪਾਲ ਸਣੇ ਹੋਰ ਆਗੂਆਂ ਨੂੰ ਪੱਤਰ ਲਿਖਿਆ ਹੈ। ਬਾਜਵਾ ਨੇ ਆਪਣੇ ਪੱਤਰ ਵਿੱਚ ਸਾਰੇ ਵਿਧਾਇਕਾਂ ਨੂੰ ਡਾ. ਮਨਮੋਹਨ ਸਿੰਘ ਦੇ ਦੇਸ਼ ਲਈ ਬੇਮਿਸਾਲ ਯੋਗਦਾਨ ਅਤੇ ਪੰਜਾਬ ਨਾਲ ਉਨ੍ਹਾਂ ਦੇ ਡੂੰਘੇ ਸਬੰਧਾਂ ਨੂੰ ਮਾਨਤਾ ਦੇਣ ਲਈ ਵਿਧਾਨ ਸਭਾ ਵਿੱਚ ਸਾਂਝਾ ਮਤਾ ਪੇਸ਼ ਕਰਨ ਦੀ ਅਪੀਲ ਕੀਤੀ। ਕਾਂਗਰਸ ਆਗੂ ਨੇ ਕਿਹਾ ਕਿ ਸਰਬ ਪਾਰਟੀ ਵਫ਼ਦ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲ ਕੇ ਮਰਹੂਮ ਡਾ. ਮਨਮੋਹਨ ਸਿੰਘ ਨੂੰ ਭਾਰਤ ਰਤਨ ਦੇਣ ਦੀ ਮੰਗ ਕਰਨੀ ਚਾਹੀਦੀ ਹੈ।



ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਵਿਕਾਸ, ਆਰਥਿਕ ਸਥਿਰਤਾ ਅਤੇ ਸਮਾਜਿਕ ਨਿਆਂ ਨੂੰ ਤਰਜੀਹ ਦਿੱਤੀ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਪੰਜਾਬ ਦੇ ਮਾਣਮੱਤੇ ਪੁੱਤਰ ਹਨ। ਉਨ੍ਹਾਂ ਦੀ ਯਾਤਰਾ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ। ਬਾਜਵਾ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ।

# ਪਟਿਆਲਾ ਪੁਲਿਸ ਲਾਇਨ 'ਚ 5 ਜਨਵਰੀ ਨੂੰ ਮੁ਼ਫਤ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲੱਗੇਗਾ: ਮਨਦੀਪ ਸਿੰਘ ਸਿੱਧੂ



**ਪਟਿਆਲਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਰੇਂਜ ਦੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਦੱਸਿਆ ਹੈ ਕਿ ਪੰਜਾਬ ਪੁਲਿਸ ਵੱਲੋਂ ਜਨਤਕ ਤੰਦਰੁਸਤੀ ਲਈ ਯਤਨਾਂ ਤਹਿਤ 5 ਜਨਵਰੀ 2025 ਨੂੰ ਪੁਲਿਸ ਲਾਇਨ, ਪਟਿਆਲਾ ਵਿਖੇ ਕੁਲਵੰਤ ਸਿੰਘ ਧਾਲੀਵਾਲ ਯੂਕੇ ਦੀ ਅਗਵਾਈ ਹੇਠ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਵੱਲੋਂ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ ਜਾਵੇਗਾ।

ਮਨਦੀਪ ਸਿੰਘ ਸਿੱਧੂ, ਪੰਜਾਬ ਪੁਲਿਸ ਪੈਂਸ਼ਨਰਜ਼ ਵੈਲਫੇਅਰ ਐਸੋਸੀਏਸ਼ਨ, ਜ਼ਿਲ੍ਹਾ ਪਟਿਆਲਾ ਵਲੋਂ ਨਵੇਂ ਸਾਲ ਦੇ ਮੌਕੇ 'ਤੇ ਕਰਵਾਏ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਮੌਕੇ ਹਾਜ਼ਰੀ ਭਰ ਕੇ ਗੁਰੂ ਮਹਾਰਾਜ ਦੇ ਚਰਣਾਂ ਵਿੱਚ ਮੱਥਾ ਟੇਕਣ ਪੁੱਜੇ ਹੋਏ ਸਨ।ਉਨ੍ਹਾਂ ਨੇ ਪੰਜਾਬ ਪੁਲਿਸ ਦੇ ਰਿਟਾਇਰਡ ਅਧਿਕਾਰੀਆਂ ਵਲੋਂ ਕੀਤੀ ਗਈ ਪਾਠ ਦੀ ਸੇਵਾ ਦੀ ਸ਼ਲਾਘਾ ਕੀਤੀ।

ਇਸ ਮੌਕੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਪੰਜਾਬ ਪੁਲਿਸ ਪੈਨਸ਼ਨਰ ਐਸੋਸੀਏਸ਼ਨ ਵਲੋਂ ਤਿਆਰ ਕੀਤਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਨਵੇਂ ਸਾਲ ਦਾ ਕੈਲੰਡਰ ਵੀ ਜਾਰੀ ਕੀਤਾ।

ਡੀ.ਆਈ.ਜੀ. ਸਿੱਧੂ ਨੇ ਅੱਗੇ ਦੱਸਿਆ ਕਿ 5 ਜਨਵਰੀ 2025 ਨੂੰ ਪੁਲਿਸ ਲਾਇਨ, ਪਟਿਆਲਾ ਵਿਖੇ ਕੁਲਵੰਤ ਸਿੰਘ ਧਾਲੀਵਾਲ ਯੂਕੇ ਦੀ ਅਗਵਾਈ ਹੇਠ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਵੱਲੋਂ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਵਿੱਚ ਮੁ਼ਫਤ ਕੈਂਸਰ ਜਾਂਚ ਦੇ ਨਾਲ-ਨਾਲ ਸ਼ੂਗਰ, ਬਲੱਡ ਪ੍ਰੈਸ਼ਰ, ਅੱਖਾਂ ਦੀ ਜਾਂਚ ਅਤੇ ਹੋਰ ਜਨਰਲ ਸਿਹਤ ਜਾਂਚ ਸੇਵਾਵਾਂ ਉਪਲਬਧ ਹੋਣਗੀਆਂ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਐਚ.ਡੀ. ਐਫ.ਸੀ. ਲਾਈਫ਼ ਦਾ ਪਲੇਸਮੈਂਟ ਕੈਂਪ 8 ਜਨਵਰੀ ਨੂੰ

**ਪਟਿਆਲਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ 8 ਜਨਵਰੀ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਐਚ.ਡੀ.ਐਫ.ਸੀ. ਲਾਈਫ਼ ਵੱਲੋਂ ਐਫ.ਸੀ./ਕਸਟਮਰ ਕੇਅਰ ਅਤੇ ਮਾਰਕੀਟਿੰਗ ਐਗਜ਼ੀਕਿਊਟਿਵ ਦੀ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਐਚ.ਡੀ.ਐਫ.ਸੀ. ਲਾਈਫ਼ ਵੱਲੋਂ ਐਫ.ਸੀ./ਕਸਟਮਰ ਕੇਅਰ ਅਤੇ ਮਾਰਕੀਟਿੰਗ ਐਗਜ਼ੀਕਿਊਟਿਵ ਦੀ ਅਸਾਮੀਆਂ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਉਮੀਦਵਾਰਾਂ ਕੋਲ ਬਾਰ੍ਹਵੀਂ ਜਾਂ ਗ੍ਰੈਜੂਏਸ਼ਨ ਦੀ ਯੋਗਤਾ ਹੋਵੇ ਉਹ ਇਸ ਅਸਾਮੀ ਲਈ ਇੰਟਰਵਿਊ ਦੇ ਸਕਦੇ ਹਨ। ਜਿਨ੍ਹਾਂ ਉਮੀਦਵਾਰਾਂ ਦੀ ਉਮਰ 20-30 ਸਾਲ ਹੋਵੇ ਅਤੇ ਪੁਰਸ਼ ਤੇ ਮਹਿਲਾਵਾਂ ਦੋਵੇਂ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ। ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 08 ਜਨਵਰੀ 2025 ਦਿਨ ਮੰਗਲਵਾਰ, ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 ਤੇ ਸੰਪਰਕ ਕਰ ਸਕਦੇ ਹਨ।

# ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਨੇ ਬੀ.ਸੀ ਸਖੀ ਦੀ ਟਰੇਨਿੰਗ ਲੈ ਰਹੇ ਸਿੱਖਿਆਰਥੀਆਂ ਨੂੰ ਪ੍ਰਮਾਣ ਪੱਤਰ ਵੰਡੇ



**ਪਟਿਆਲਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੇਟ ਬੈਂਕ ਆਫ਼ ਇੰਡੀਆ ਦੇ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਵੱਲੋਂ ਪਿੰਡ ਜੱਸੋਵਾਲ, ਭਾਦਸੋਂ ਰੋਡ, ਪਟਿਆਲਾ ਵਿਖੇ ਬੀ.ਸੀ ਸਖੀ ਦੀ ਟ੍ਰੇਨਿੰਗ ਲੈ ਰਹੇ ਸਿੱਖਿਆਰਥੀਆਂ ਨੂੰ ਪ੍ਰਮਾਣ ਪੱਤਰ ਵੰਡੇ ਗਏ। ਇਸ ਸਮਾਗਮ ਵਿੱਚ ਲੀਡ ਬੈਂਕ ਪਟਿਆਲਾ ਰਾਜੀਵ ਸਰਹੰਦੀ ਵੱਲੋਂ ਖ਼ਾਸ ਤੌਰ 'ਤੇ ਸ਼ਮੂਲੀਅਤ ਕੀਤੀ ਗਈ।

ਇਸ ਮੌਕੇ ਸੰਬੋਧਨ ਕਰਦਿਆਂ ਐਲ.ਡੀ.ਐਮ ਪਟਿਆਲਾ ਰਾਜੀਵ ਸਰਹੰਦੀ ਨੇ ਕਿਹਾ ਕਿ ਭਾਰਤੀਯ ਸਟੇਟ ਬੈਂਕ ਵੱਲੋਂ ਚਲਾਈ ਜਾ ਰਹੀ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਇੱਕ ਬਹੁਤ ਵਧੀਆ ਉਪਰਾਲਾ ਹੈ। ਉਹਨਾਂ ਕਿਹਾ ਕਿ ਸਵੈ ਰੋਜ਼ਗਾਰ ਨੂੰ ਵਧਾਉਣ ਵਿੱਚ ਬੈਂਕ ਵੱਲੋਂ ਚਲਾਈ ਜਾਂ ਰਹੀ ਇਸ ਸੰਸਥਾ ਦਾ ਵੱਡਾ ਯੋਗਦਾਨ ਹੈ। ਉਹਨਾਂ ਸੰਸਥਾ ਵਿੱਚ ਮੌਜੂਦ ਸਹੂਲਤਾਂ ਅਤੇ ਟ੍ਰੇਨਿੰਗ ਪੱਧਰ ਦੀ ਸ਼ਲਾਘਾ ਕੀਤੀ। ਉਹਨਾਂ ਨੇ ਸਾਰੇ ਕਾਮਯਾਬ ਸਿੱਖਿਆਰਥੀਆਂ ਨੂੰ ਪ੍ਰਮਾਣ ਪੱਤਰ ਵੰਡੇ।ਇਸ ਮੌਕੇ ਐਸ.ਬੀ.ਆਈ.ਆਰਸੇਟੀ ਪਟਿਆਲਾ ਦੇ ਡਾਇਰੈਕਟਰ ਭਗਵਾਨ ਸਿੰਘ ਵਰਮਾ ਨੇ ਦੱਸਿਆ ਕਿ ਆਰਸੇਟੀ ਪਟਿਆਲਾ ਵਿੱਚ 60 ਤੋਂ ਵੀ ਵੱਧ ਵੱਖਰੇ ਵੱਖਰੇ ਕੋਰਸਾਂ ਲਈ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਮੌਕੇ (ਆਰਸੇਟੀ) ਪਟਿਆਲਾ ਦੇ ਬਲਜਿੰਦਰ ਸਿੰਘ, ਹਰਦੀਪ ਸਿੰਘ ਰਾਏ, ਅਜੀਤਇੰਦਰ ਸਿੰਘ ਤੇ ਅਰਸ਼ਦੀਪ ਕੌਰ ਸ਼ਾਮਲ ਰਹੇ। ਡਾਇਰੈਕਟਰ ਭਗਵਾਨ ਸਿੰਘ ਵਰਮਾ ਦੱਸਿਆ ਕਿ ਬੱਕਰੀ ਪਾਲਣ, ਕੰਪਿਊਟਰ ਅਕਾਊਂਟਿੰਗ, ਜੂਟ ਦੇ ਪ੍ਰੋਡਕਟਸ, ਡੇਅਰੀ ਫਾਰਮਿੰਗ, ਟੇਲਰਿੰਗ, ਬਿਊਟੀ ਪਾਰਲਰ ਆਦਿ ਸਿਖਲਾਈ ਕੋਰਸਾਂ ਲਈ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦਾ ਨਾਮ ਦਰਜ ਕਰਵਾਉਣਾ ਆਰਸੇਟੀ, ਪਟਿਆਲਾ ਵਿਖੇ ਸ਼ੁਰੂ ਕੀਤਾ ਗਿਆ ਹੈ। ਇਨ੍ਹਾਂ ਕੋਰਸਾਂ ਲਈ ਪੇਂਡੂ ਖੇਤਰ ਤੋਂ ਮਹਿਲਾ ਅਤੇ ਹੋਰ ਬੇਰੋਜ਼ਗਾਰ ਜਿਨ੍ਹਾਂ ਦੀ ਉਮਰ 18 ਤੋਂ 45 ਸਾਲ ਵਿਚਕਾਰ ਹੈ ਉਹ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ ਤੇ ਸਾਰੇ ਕੋਰਸ ਮੁਫ਼ਤ ਹਨ।

ਡਾਇਰੈਕਟਰ ਭਗਵਾਨ ਸਿੰਘ ਵਰਮਾ ਨੇ ਦੱਸਿਆ ਕਿ 31 ਦਸੰਬਰ 2024 ਤੱਕ, ਵੱਖ-ਵੱਖ ਗਤੀਵਿਧੀਆਂ ਵਿੱਚ 8458 ਸਿੱਖਿਆਰਥੀਆਂ ਨੇ ਸਿਖਲਾਈ ਲਈ ਜਿਨ੍ਹਾਂ ਵਿਚੋਂ 6237 ਸਿੱਖਿਆਰਥੀਆਂ ਨੇ ਸਵੈ-ਰੋਜ਼ਗਾਰ ਸ਼ੁਰੂ ਕੀਤਾ ਹੈ। ਡਾਇਰੈਕਟਰ ਆਰਸੇਟੀ ਨੇ ਦੱਸਿਆ ਕਿ ਇਨ੍ਹਾਂ ਕਿੱਤਾਮੁਖੀ ਕੋਰਸਾਂ ਵਿਚ ਭਾਗ ਲੈ ਰਹੇ 18-45 ਸਾਲ ਦੇ ਸਿੱਖਿਆਰਥੀਆਂ ਨੂੰ ਮੁਫਤ ਸਿੱਖਿਆ ਦੇ ਨਾਲ ਦੁਪਹਿਰ ਦਾ ਖਾਣਾ ਅਤੇ ਦੋ ਸਮੇਂ ਦੀ ਚਾਹ ਵੀ ਮੁਫ਼ਤ ਦਿੱਤੀ ਜਾਂਦੀ ਹੈ। ਉਹਨਾਂ ਨੇ ਦੱਸਿਆ ਕਿ ਪ੍ਰਭਾਵਸ਼ਾਲੀ ਰੋਜ਼ਗਾਰ ਪੈਦਾ ਕਰਨ ਲਈ ਸਿੱਖਿਅਤ ਉਮੀਦਵਾਰਾਂ ਦਾ ਦੋ ਸਾਲਾਂ ਤਕ ਫਾਲੋ ਅਪ ਵੀ ਕੀਤਾ ਜਾਂਦਾ ਹੈ ਅਤੇ ਨਵੀਂਆਂ ਰਜਿਸ਼ਟਰੇਸ਼ਨ ਲਈ ਗੂਗਲ ਫਾਰਮ ਤੇ ਕਿਊਆਰ ਕੋਡ ਆਨਲਾਈਨ ਜਾਰੀ ਕੀਤਾ ਗਿਆ ਹੈ। ਵਧੇਰੇ ਜਾਣਕਾਰੀ ਲਈ ਮੋਬਾਈਲ ਨੰਬਰ 9217887116, 884708038, 9779591352 ਤੇ ਲੈਂਡਲਾਈਨ ਨੰਬਰ 0175-2970369 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਤਰਨ ਤਾਰਨ ਵਿਖੇ 8 ਜਨਵਰੀ ਨੂੰ ਲੱਗੇਗਾ ਪਲੇਸਮੈਂਟ ਅਤੇ ਫ੍ਰੀ ਸਕਿੱਲਡ ਕੋਰਸ ਸਬੰਧੀ ਕੈਂਪ

**ਤਰਨ ਤਾਰਨ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਬੇਰੋਜਗਾਰ ਨੌਜਵਾਨ ਪ੍ਰਾਰਥੀਆਂ ਨੂੰ ਰੋਜ਼ਗਾਰ / ਫ੍ਰੀ ਸਕਿੱਲ ਕੋਰਸ ਮੁਹੱਇਆ ਕਰਵਾਉਣ ਲਈ 8 ਜਨਵਰੀ ਨੂੰ ਸਵੇਰੇ 11:00 ਵਜੇ ਤੋਂ 2 ਵਜੇ ਤੱਕ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਤਰਨ ਤਾਰਨ, ਕਮਰਾ ਨੰਬਰ 115, ਪਹਿਲੀ ਮੰਜਿਲ, ਡੀ.ਸੀ ਦਫਤਰ ਕੰਪਲੈਕਸ, ਸਰਹਾਲੀ ਰੋਡ (ਪਿੰਡ ਪਿੱਦੀ) ਤਰਨ ਤਾਰਨ ਵਿਖੇ ਪਲੇਸਮੈਂਟ ਕੈਂਪ ਅਤੇ ਫ੍ਰੀ ਸਕਿੱਲਡ ਕੋਰਸ ਸਬੰਧੀ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਪੇਡੂ ਵਿ.) ਤਰਨ ਤਾਰਨ ਸ਼੍ਰੀ ਸੰਜੀਵ ਕੁਮਾਰ ਸ਼ਰਮਾ ਵੱਲੋਂ ਸਾਝੀ ਕਰਦੇ ਦੱਸਿਆ ਗਿਆ ਹੈ ਕਿ ਪਲੇਸਮੈਂਟ ਕੈਂਪ ਵਿੱਚ ਐਲ.ਆਈ.ਸੀ. ਕੰਪਨੀ ਭਾਗ ਲੈ ਰਹੀ ਹੈ। ਐਲ.ਆਈ.ਸੀ. ਕੰਪਨੀ ਨੂੰ Insurance Advisors ਦੀ ਲੋੜ ਹੈ। ਯੋਗਤਾ ਬਾਰਵੀਂ / ਗ੍ਰੇਜੂਏਟ ਪਾਸ (ਤਨਖਾਹ 7000/- + ਕਮਿਸ਼ਨ ) (ਉਮਰ ਹੱਦ 18 ਤੋਂ 40 ਸਾਲ) (ਲੜਕੇ ਅਤੇ ਲੜਕੀਆਂ) ਦੀ ਜਰੂਰਤ ਹੈ।

# ਸੱਭਿਆਚਾਰ ਮੰਚ ਪੰਜਾਬ ਵਲੋਂ ਅਦਾਕਾਰ ਮਲਕੀਤ ਰੌਣੀ ਸਨਮਾਨਿਤ

## ਪੰਜਾਬ, ਪੰਜਾਬੀ ਰੰਗਮੰਚ, ਪੰਜਾਬੀ ਸਿਨੇਮੇ ਅਤੇ ਪੰਜਾਬ ਦੀ ਕਿਸਾਨੀ ਲਈ ਫਿਕਰਮੰਦ ਹਨ ਮਲਕੀਤ ਰੌਣੀ : ਹਰਜਿੰਦਰ ਸਿੰਘ ਜਵੰਦਾ



**ਸਮਾਣਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਫਿਲਮ ਇੰਡਸਟਰੀ ਦੀ ਮਾਨਮੱਤੀ ਸਖਸ਼ੀਅਤ ਅਦਾਕਾਰ ਮਲਕੀਤ ਰੌਣੀ ਅੱਜ ਪੋਲੀਵੁੱਡ ਪੋਸਟ ਦੇ ਕਰਤਾ ਧਰਤਾ ਅਤੇ ਸੱਭਿਆਚਾਰ ਮੰਚ ਪੰਜਾਬ ਦੇ ਪ੍ਰਧਾਨ ਹਰਜਿੰਦਰ ਸਿੰਘ ਜਵੰਦਾ ਦੇ ਗ੍ਰਹਿ ਸਮਾਣਾ ਵਿਖੇ ਪੁੱਜੇ। ਜਿੱਥੇ ਪੱਤਰਕਾਰ ਜਵੰਦਾ ਅਤੇ ਸੱਭਿਆਚਾਰ ਮੰਚ ਪੰਜਾਬ ਦੀ ਸਮੁੱਚੀ ਟੀਮ ਵਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦੇ ਹੋਏ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੱਤਰਕਾਰ ਹਰਜਿੰਦਰ ਸਿੰਘ ਜਵੰਦਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਦਾਕਾਰ ਮਲਕੀਤ ਰੌਣੀ ਇਕ ਸੰਪੂਰਨ ਅਦਾਕਾਰ ਦੇ ਨਾਲ-ਨਾਲ ਇਕ ਚੰਗੇ ਸਮਾਜ ਸੇਵੀ, ਮਾਨਵਤਾ ਦੀ ਸੇਵਾ ਵਾਲੇ ਅਤੇ ਲੋਕਾਂ ਤੇ ਕਿਸਾਨੀ ਨਾਲ ਹਮਦਰਦੀ ਤੇ ਪਿਆਰ ਰੱਖਣ ਵਾਲੇ ਆਦਿ ਮਾਨਵੀ ਗੁਣਾਂ ਦਾ ਮੁਜੱਸਮਾ ਹਨ।

ਜੋ ਹਰ ਸਮੇਂ ਪੰਜਾਬ, ਪੰਜਾਬੀਅਤ, ਪੰਜਾਬੀਆਂ,ਪੰਜਾਬੀ ਰੰਗਮੰਚ, ਪੰਜਾਬੀ ਸਿਨੇਮੇ ਅਤੇ ਪੰਜਾਬ ਦੀ ਕਿਸਾਨੀ ਲਈ ਫਿਕਰਮੰਦ ਰਹਿੰਦਾ ਹੈ ਅਤੇ ਬਿਨਾਂ ਕਿਸੇ ਭੇਦਭਾਵ ਤੋਂ ਹਰ ਇਕ ਦੀ ਸੇਵਾ ਕਰਨਾ ਉਸ ਦੇ ਸੁਭਾਅ ਵਿਚ ਰਚਿਆ ਹੋਇਆ ਹੈ। ਪੱਤਰਕਾਰ ਜਵੰਦਾ ਨੇ ਅੱਗੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਜਦੋਂ ਅੰਨਦਾਤੇ ਦੀ ਹੋਂਦ ਨੂੰ ਬਚਾਉਣ ਲਈ ਕਾਲੇ ਕਾਨੂੰਨਾਂ ਖਿਲਾਫ਼ ਦਿੱਲੀ ਵਿਚ ਮੋਰਚੇ ਲੱਗੇ ਸਨ, ਉਸ ਸਮੇਂ ਵੀ ਮਲਕੀਤ ਰੌਣੀ ਨੇ ਆਪਣੇ ਸਾਥੀ ਕਲਾਕਾਰਾਂ ਸਮੇਤ ਮੋਹਰੀ ਭੂਮਿਕਾ ਨਿਭਾਈ ਸੀ ਅਤੇ ਅੱਜ ਵੀ ਉਹ ਖਨੌਰੀ ਬਾਡਰ ਤੇ ਕਿਸਾਨੀ ਮੰਗਾਂ ਲਈ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ ਕਰਦਿਆਂ ਅਤੇ ਉਨ੍ਹਾਂ ਦੀ ਹਮਾਇਤ ਕਰਦਿਆਂ ਇਸ ਸੰਘਰਸ਼ ਅਤੇ ਘੋਲ ਦਾ ਹਿੱਸਾ ਬਣੇ ਹਨ। ਇਸ ਮੌਕੇ ਅਦਾਕਾਰ ਮਲਕੀਤ ਰੌਣੀ ਨੇ ਸੱਭਿਆਚਾਰ ਮੰਚ ਪੰਜਾਬ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਕਿਹਾ ਕਿ ਹਰਜਿੰਦਰ ਸਿੰਘ ਜਵੰਦਾ ਨੇ ਆਪਣੀ ਮਿਹਨਤ ਅਤੇ ਕਲਮ ਦੇ ਬਲਬੂਤੇ ਅੱਜ ਪੱਤਰਕਾਰੀ ਅਤੇ ਪੰਜਾਬੀ ਫਿਲਮ ਇੰਡਸਟਰੀ ਵਿੱਚ ਆਪਣਾ ਵੱਡਾ ਨਾਮ ਸਥਾਪਿਤ ਕੀਤਾ ਹੈ ਅਤੇ ਸਾਨੂੰ ਇਨ੍ਹਾਂ ਤੇ ਮਾਣ ਹੈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਐਸ ਸੀ ਵਿੰਗ ਦੇ ਹਲਕਾ ਇੰਚਾਰਜ ਡਾ ਸੁਰਜੀਤ ਸਿੰਘ ਦਈਆ, ਪੱਤਰਕਾਰ ਇਕਬਾਲ ਸਿੰਘ ਬੱਲ, ਫਿਲਮੀ ਪੱਤਰਕਾਰ ਜੌਹਰੀ ਮਿੱਤਲ, ਪੱਤਰਕਾਰ ਦੀਵਾਨ ਥਰੇਜਾ, ਸ਼ਿਵ ਸ਼ੰਕਰ ਯੂਥ ਸੇਵਾ ਦਲ ਦੇ ਪ੍ਰਧਾਨ ਰਮਨ ਮਹਿੰਦਰਾ, ਲਖਵਿੰਦਰ ਸਿੰਘ ਜਵੰਦਾ, ਸ਼ਨੀ ਪੋਪਲੀ, ਯੂਵੀ ਜਵੰਦਾ ਅਤੇ ਸਾਹਿਲ ਭਟਨਾਗਰ ਆਦਿ ਵੀ ਮੌਜੂਦ ਰਹੇ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਫਾਜ਼ਿਲਕਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਮੈਜਿਸਟ੍ਰੇਟ ਅਮਰਪ੍ਰੀਤ ਕੌਰ ਸੰਧੂ ਨੇ ਬੀ.ਐਨ.ਐਸ.ਐਸ ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋ ਕਰਦਿਆਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਹ ਪਾਬੰਦੀਆਂ 28 ਫਰਵਰੀ 2025 ਤੱਕ ਲਾਗੂ ਰਹਿਣਗੀਆਂ ਅਤੇ ਉਲੰਘਣਾ ਕਰਨ ਵਾਲਿਆਂ ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਪਾਬੰਦੀਆਂ ਅਨੁਸਾਰ ਜ਼ਿਲ੍ਹਾ ਫਾਜਿਲਕਾ ਵਿੱਚ ਸ਼ਾਮ ਨੂੰ ਸੂਰਜ ਡੁੱਬਣ ਤੋਂ ਬਾਅਦ ਅਤੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਗਊਵੰਸ਼ ਦੀ ਢੋਆ ਢੁਆਈ ਤੇ ਪੂਰਨ ਪਾਬੰਦੀ ਲਗਾਈ ਹੈ। ਹੁਕਮਾਂ ਵਿੱਚ ਉਨ੍ਹਾਂ ਕਿਹਾ ਕਿ ਜ਼ਿਨ੍ਹਾਂ ਲੋਕਾਂ ਨੇ ਗਊਵੰਸ਼ ਰੱਖੇ ਹੋਏ ਹਨ ਉਹ ਪਸ਼ੂ ਪਾਲਣ ਵਿਭਾਗ ਪਾਸ ਰਜਿਸਟਰਡ ਜਰੂਰ ਕਰਵਾਉਣ।

ਜ਼ਿਲਾ ਮੈਜਿਸਟ੍ਰੇਟ ਦੇ ਜਾਰੀ ਹੁਕਮਾਂ ਅਨੁਸਾਰ ਕਿਸੇ ਵੀ ਰੈਸਟੋਰੈਂਟ ਜਾਂ ਹੁੱਕਾ ਬਾਰ ਵਿਖੇ ਗ੍ਰਾਹਕਾਂ ਨੂੰ ਹੁੱਕਾ ਨਹੀਂ ਪਰੋਸਿਆ ਜਾ ਸਕੇਗਾ। ਜ਼ਿਲੇ ਦੇ ਸਮੂਹ ਪਿੰਡਾਂ ਅਤੇ ਨਗਰ ਕੌਂਸਲਾਂ ਦੀ ਹੱਦ ਵਿਚ ਇਹ ਹੁਕਮ ਲਾਗੂ ਰਹਿਣਗੇ। ਉਨਾਂ ਕਿਹਾ ਕਿ ਉਲੰਘਣਾ ਕਰਨ ਵਾਲੇ ਵਿਅਕਤੀ ਵਿਰੁੱਧ ਭਾਰਤੀ ਢੰਡ ਵਿਧਾਨ ਦੀ ਧਾਰਾ 188 ਤਹਿਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਜ਼ਿਲਾ ਮੈਜਿਸਟ੍ਰੇਟ ਨੇ ਕੌਮਾਂਤਰੀ ਸਰਹੱਦ ਅਤੇ ਸਰਹੱਦੀ ਸੁਰੱਖਿਆ ਤਾਰ ਦਰਮਿਆਨ ਅਤੇ ਤਾਰ ਤੋਂ ਭਾਰਤ ਵਾਲੇ ਪਾਸੇ 70 ਤੋਂ 100 ਮੀਟਰ ਥਾਂ 'ਤੇ ਉੱਚੀਆਂ ਫ਼ਸਲਾਂ ਜਿਵੇਂ ਬੀ.ਟੀ. ਨਰਮਾ, ਮੱਕੀ, ਗਵਾਰਾ, ਜਵਾਰ, ਗੰਨਾ, ਸਰੋਂ, ਤੋਰੀਆ, ਸੂਰਜਮੁਖੀ ਅਤੇ ਅਜਿਹੀਆਂ ਹੋਰ ਉੱਚੀਆਂ ਵਧਣ ਵਾਲੀਆਂ ਫ਼ਸਲਾਂ ਬੀਜਣ ਦੀ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ। ਬੀ.ਐਸ.ਐਫ. ਦੇ ਅਧਿਕਾਰੀਆਂ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕੌਮਾਂਤਰੀ ਸਰਹੱਦ ਅਤੇ ਸਰਹੱਦੀ ਸੁਰੱਖਿਆ ਤਾਰ ਵਿਚਕਾਰ ਕੁਝ ਕਿਸਾਨ ਬੀ.ਟੀ. ਨਰਮਾ, ਮੱਕੀ, ਗਵਾਰਾ, ਜਵਾਰ, ਗੰਨਾ, ਸਰੋਂ, ਤੋਰੀਆ, ਸੂਰਜਮੁਖੀ ਅਤੇ 4.5 ਫ਼ੁਟ ਤੱਕ ਉੱਚੀਆਂ ਹੋਣ ਵਾਲੀਆਂ ਅਜਿਹੀਆਂ ਹੋਰ ਫ਼ਸਲਾਂ ਬੀਜ ਰਹੇ ਹਨ ਜਿਸ ਕਰਕੇ ਇਹ ਪਾਬੰਦੀ ਲਗਾਈ ਗਈ ਹੈ।

# ਬਠਿੰਡਾ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਆਮ ਜਨਤਾ ਨਾਲ ਕੀਤੀ ਮੀਟਿੰਗ




**ਬਠਿੰਡਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋ ਅਪਰਾਧਾਂ ਨੂੰ ਠੱਲ੍ਹ ਪਾਉਣ ਵਾਸਤੇ ਚਲਾਈ ਗਈ ਮੁਹਿੰਮ ਜਿਸ ਰਾਹੀਂ ਪਬਲਿਕ ਨਾਲ ਪੁਲਿਸ ਦੇ ਉਚ ਅਧਿਕਾਰੀਆਂ ਦਵਾਰਾ ਮੀਟਿੰਗਾ ਕਰਕੇ ਆਮ ਜਨਤਾ ਨੂੰ ਸੁਚੇਤ ਕਰਕੇ ਅਪਰਾਧੀਆਂ ਦਵਾਰਾ ਵਰਤੇ ਜਾ ਰਹੇ ਨਵੇਂ ਨਵੇਂ ਤਰੀਕਿਆਂ ਤੋ ਜਾਣੂ ਕਰਵਾਇਆ ਜਾ ਰਿਹਾ ਤਾਂ ਜੋ ਅਜਿਹੇ ਅਪਰਾਧੀ ਆਮ ਜਨ ਮਾਨਸ ਦਾ ਨੁਕਸਾਨ ਨਾ ਕਰ ਸਕਣ ਇਸ ਮੁਹਿਮ ਦੇ ਤਹਿਤ ਅੱਜ ਬਠਿੰਡਾ ਪੁਲਿਸ ਦੇ ਉੱਚ ਅਧਿਕਾਰੀਆਂ ਦੀ ਇਕ ਟੀਮ ਜਿਸ ਵਿੱਚ ਡੀ ਆਈ ਜੀ ਹਰਜੀਤ ਸਿੰਘ , ਐਸ ਐਸ ਪੀ ਬਠਿੰਡਾ ਅਵਨੀਤ ਕੌਂਡਲ , ਐਸ ਪੀ ਸਿਟੀ ਨਰਿੰਦਰ ਕੁਮਾਰ ਵਲੋ ਥਾਣਾ ਨੇਹੀਆਂ ਵਾਲੇ ਦੇ ਅੰਦਰ ਆਉਂਦੇ ਏਰੀਏ ਦੇ ਖੇਤਰ ਵਿੱਚ ਰਹਿੰਦੇ ਵਸਨੀਕਾਂ ਵਾਸਤੇ ਇਕ ਮੀਟਿੰਗ ਰੱਖੀ ਗਈ ਸੀ ਜਿਸ ਰਾਹੀਂ ਓਹਨਾ ਨੇ ਆਮ ਜਨਤਾ ਨੂੰ ਅਜਿਹੇ ਅਨਸਰਾਂ ਤੋਂ ਸੁਚੇਤ ਰਹਿਣ ਅਤੇ ਪਰਸ਼ਾਸ਼ਨ ਦਾ ਸਾਥ ਦੇਣ ਬਾਰੇ ਗੱਲ ਕੀਤੀ ਅਤੇ ਪਬਲਿਕ ਨੂੰ ਇਹ ਯਕੀਨ ਦਿਵਾਇਆ ਕਿ ਜੇਕਰ ਆਮ ਜਨਤਾ ਪਰਸ਼ਾਸ਼ਨ ਦਾ ਸਾਥ ਦੇਵੇ ਅਤੇ ਕਿਸੇ ਜਗ੍ਹਾ ਹੋ ਰਹੇ ਅਪਰਾਧ ਬਾਰੇ ਤੁਰੰਤ ਪੁਲਿਸ ਨੂੰ ਸੁਨੇਹਾ ਲਾਕੇ ਜਾਣੂ ਕਰਵਾ ਦੇਵੋਂ ਤਾਂ ਅਪਰਾਧ ਦੀ ਦਰ ਬਹੁਤ ਘੱਟ ਜਾਵੇਗੀ।

ਡੀ ਆਈ ਜੀ ਹਰਜੀਤ ਸਿੰਘ ਨੇ ਨੌਜਵਾਨ ਪੀੜੀ ਬਾਰੇ ਗੱਲ ਕਰਦਿਆਂ ਕਿਹਾ ਕਿ ਜੇਕਰ ਨੌਜਵਾਨ ਆਪਣੀ ਜਿੰਮੇਵਾਰੀ ਨਿਭਾਉਣ ਅਤੇ ਮਾੜੇ ਅਨਸਰਾਂ ਨੂੰ ਪਰਮੋਟ ਨਾ ਕਰਨ ਅਤੇ ਚੰਗੇ ਕੰਮ ਕਰਕੇ ਅਪਣੇ ਮਾਂ ਬਾਪ ਦਾ ਨਾਮ ਰੌਸ਼ਨ ਕਰਨ ਜਿਸ ਨਾਲ ਆਪਣੇ ਪਿੰਡ ਸ਼ਹਿਰ ਅਤੇ ਦੇਸ਼ ਦੀ ਤਰੱਕੀ ਨਿਸ਼ਚਿਤ ਹੈ, , ਐਸ ਪੀ ਸਿਟੀ ਨਰਿੰਦਰ ਕੁਮਾਰ ਨੇ ਜਨਤਾ ਨੂੰ ਸਮਾਜ ਵਾਸਤੇ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅੱਜ ਕੱਲ ਦੇ ਸਮੇਂ ਵਿਚ ਸੀ ਸੀ ਟੀ ਵੀ ਕੈਮਰਿਆਂ ਦਾ ਵੀ ਅਪਰਾਧ ਨੂੰ ਠੱਲ ਪਾਉਣ ਵਿੱਚ ਬਹੁਤ ਯੋਗਦਾਨ ਹੈ ਸੋ ਜਨਤਾ ਨੂੰ ਚਾਹੀਦਾ ਹੈ।

# ਪ੍ਰਾਈਵੇਟ ਸਕੂਲਾਂ ਦੇ ਪ੍ਰੀ -ਪ੍ਰਾਇਮਰੀ ਵਿੰਗ ਅਤੇ ਸਾਰੇ ਪ੍ਰਾਈਵੇਟ ਪਲੇਅ-ਵੇਅ ਸਕੂਲਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ

**ਫਾਜ਼ਿਲਕਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਸਕੂਲ/ ਸੰਸਥਾਵਾਂ/ਪਲੇਅ-ਵੇਅ ਸਕੂਲ ਜੋ ਕਿ ਅਰਲੀ ਚਾਈਲਡ ਕੇਅਰ ਐਂਡ ਐਜੂਕੇਸਨ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ ਨੂੰ ਰਜਿਸਟਰ ਕਰਨ ਲਈ ਨੋਟੀਫਿਕੇਸਨ ਜਾਰੀ ਕੀਤਾ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਜਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀਮਤੀ ਨਵਦੀਪ ਕੌਰ ਨੇ ਦੱਸਿਆ ਕਿ ਪੰਜਾਬ ਰਾਜ ਵਿੱਚ 3-6 ਸਾਲ ਦੇ ਬੱਚਿਆਂ ਲਈ ਈ.ਸੀ. ਸੀ. ਈ. ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਦੀ ਵਿਭਾਗ ਵੱਲੋਂ ਰਜਿਸਟ੍ਰੇਸਨਾਂ ਸ਼ੁਰੂ ਕੀਤੀਆਂ ਗਈਆਂ ਹਨ। ਰਜਿਸਟ੍ਰੇਸਨ ਲਾਜ਼ਮੀ ਬਣਾਉਣ ਲਈ ਤੁਰੰਤ ਦਫਤਰ ਜਿਲ੍ਹਾ ਪ੍ਰੋਗਰਾਮ ਅਫਸਰ ਫਾਜਿਲਕਾ ਜਾਂ ਸਬੰਧਤ ਬਲਾਕ ਦੇ ਸੀ.ਡੀ.ਪੀ.ਓ. ਨਾਲ ਤਾਲਮੇਲ ਕਰ ਕੇ ਐਪਲੀਕੇਸਨ ਫਾਰਮ ਨੰਬਰ-1 ਪ੍ਰਾਪਤ ਕੀਤਾ ਜਾ ਸਕਦਾ ਹੈ। ਜੇਕਰ ਰਜਿਸਟ੍ਰੇਸਨ ਦੌਰਾਨ ਕਿਸੇ ਕਿਸਮ ਦੀ ਪਰੇਸ਼ਾਨੀ ਹੁੰਦੀ ਹੈ ਤਾਂ ਜਿਲ੍ਹਾ ਪ੍ਰੋਗਰਾਮ ਅਫਸਰ ਫਾਜਿਲਕਾ ਜਾਂ ਸਬੰਧਤ ਬਲਾਕ ਦੇ ਸੀ.ਡੀ.ਪੀ.ਓ. ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਹਰੇਕ ਪਲੇਅ-ਵੇਅ ਸਕੂਲ ਨੂੰ ਰਜਿਸਟਰਡ ਕਰਵਾਉਂਣਾ ਲਾਜ਼ਮੀ ਹੈ। ਜਿਲ੍ਹੇ ਅਧੀਨ ਸਾਰੇ ਪ੍ਰਾਈਵੇਟ ਸਕੂਲ/ ਸੰਸਥਾਵਾਂ/ ਪਲੇਅ ਵੇਅ ਸਕੂਲਾਂ ਦੀ ਚੈਕਿੰਗ ਕੀਤੀ ਜਾਵੇਗੀ ਤੇ ਜੇਕਰ ਕੋਈ ਪ੍ਰਾਈਵੇਟ ਸਕੂਲ/ ਸੰਸਥਾਵਾਂ/ ਪਲੇਅ-ਵੇਅ ਸਕੂਲ ਪਾਲਿਸੀ ਦੇ ਮਾਪਦੰਡ ਨੂੰ ਪੂਰਾ ਨਹੀਂ ਕਰਦੇ ਹਨ ਤਾਂ ਉਸ ਨੂੰ ਬੰਦ ਕਰ ਦਿੱਤਾ ਜਾਵੇਗਾ।

# ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇਸਤਰੀਆਂ) ਵੱਲੋਂ ਘੁਮਾਰ ਮੰਡੀ 'ਚ ਸਨਮਾਨ ਸਮਾਰੋਹ ਆਯੋਜਿਤ




**ਲੁਧਿਆਣਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇਸਤਰੀਆਂ), ਘੁਮਾਰ ਮੰਡੀ, ਲੁਧਿਆਣਾ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕਰਵਾਈ ਗਈ ਵਿਗਿਆਨਕ ਚੇਤਨਾ ਪਰਖ ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਸਿਖਿਆਰਥੀਆਂ ਦੀ ਹੌਸਲਾ ਅਫਜਾਈ ਲਈ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ।

ਸਮਾਰੋਹ ਦੀ ਸ਼ੁਰੂਆਤ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕਾਰਕੁੰਨਾਂ ਦੇ ਸਵਾਗਤ ਨਾਲ ਹੋਈ। ਭੀਮ ਚੰਦ, ਸੀਨੀਅਰ ਸਹਾਇਕ ਨੇ ਸਭਾ ਵਿੱਚ ਸ਼ਾਮਲ ਮਹਿਮਾਨਾਂ ਨੂੰ ਆਮੰਤ੍ਰਿਤ ਕੀਤਾ। ਇਸ ਮੌਕੇ ਤੇ ਸਿਖਿਆਰਥਣ ਬੇਅੰਤ ਕੌਰ ਨੇ ਪ੍ਰੀਖਿਆ ਦੇ ਸਲੇਬਸ ਅਤੇ ਕਿਤਾਬ ਬਾਰੇ ਆਪਣਾ ਪ੍ਰਤੀਕਰਮ ਪ੍ਰਗਟ ਕੀਤਾ। ਉਸਨੇ ਦੱਸਿਆ ਕਿ ਕਿਤਾਬ ਤੋਂ ਉਨ੍ਹਾਂ ਨੂੰ ਵਡਮੁੱਲੀ ਜਾਣਕਾਰੀ ਪ੍ਰਾਪਤ ਹੋਈ ਹੈ ਜੋ ਜਿੰਦਗੀ ਨੂੰ ਬਿਹਤਰ ਢੰਗ ਨਾਲ ਜਿਉਣ ਲਈ ਰਾਹ ਦਿਖਾਉਂਦੀ ਹੈ। ਦਲਬੀਰ ਕਟਾਣੀ ਨੇ ਵਿਗਿਆਨਕ ਸੋਚ ਅਤੇ ਅਧਿਆਤਮਕ ਸੋਚ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ 'ਤੇ ਸੂਬਾ ਜਥੇਬੰਦਕ ਮੁੱਖੀ ਰਜਿੰਦਰ ਭਦੌੜ ਨੇ ਤਰਕਸ਼ੀਲ ਸੁਸਾਇਟੀ ਦੇ ਉਦੇਸ਼ਾਂ, ਚੁਣੌਤੀਆਂ ਅਤੇ ਪ੍ਰੀਖਿਆ ਦੇ ਮਹੱਤਵ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਸਮਾਰੋਹ ਵਿੱਚ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲੀਆਂ ਸਿਖਿਆਰਥਣਾਂ ਦਿਲਪ੍ਰੀਤ ਕੌਰ, ਗੁਰਪ੍ਰੀਤ ਕੌਰ, ਬਬਲੀ, ਕਰਮਵੀਰ ਕੌਰ, ਅਰਸ਼ਵੀਰ ਕੌਰ, ਅਤੇ ਬੇਅੰਤ ਕੌਰ ਨੂੰ ਸਨਮਾਨਿਤ ਕੀਤਾ ਗਿਆ।

ਆਰਟਸ ਕਾਲਜ ਦੀਆਂ ਵਿਦਿਆਰਥਣਾਂ ਅਤੇ ਸੰਸਥਾ ਦੇ ਸਮੂਹ ਸਟਾਫ ਨੂੰ ਵੀ ਉਨ੍ਹਾਂ ਦੀਆਂ ਉਪਲਬਧੀਆਂ ਲਈ ਸਨਮਾਨਿਤ ਕੀਤਾ ਗਿਆ।

ਸਮਾਰੋਹ ਦੇ ਅੰਤ 'ਤੇ ਪ੍ਰਿੰਸੀਪਲ ਅਰਵਿੰਦਰ ਪਾਲ ਸਿੰਘ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਧੰਨਵਾਦ ਕਰਦਿਆਂ ਸਮਾਰੋਹ ਨੂੰ ਯਾਦਗਾਰ ਅਤੇ ਵਿਲੱਖਣ ਘਟਨਾ ਦੱਸਿਆ। ਇਸ ਪ੍ਰਕਾਰ ਸਮਾਰੋਹ ਸਫਲਤਾ ਪੂਰਵਕ ਸਮਾਪਤ ਹੋਇਆ।

# ਸਿਹਤ ਵਿਭਾਗ ਵੱਲੋਂ ਆਯੁਸ਼ਮਾਨ ਯੋਜਨਾ ਤਹਿਤ ਲਾਂਚ ਕੀਤੀ ਮੋਬਾਈਲ ਐਪ ਬਾਰੇ ਪਿੰਡਾਂ ਦੀਆ ਪੰਚਾਇਤਾਂ ਨੂੰ ਕੀਤਾ ਗਿਆ ਜਾਗਰੂਕ



**ਫਾਜ਼ਿਲਕਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਪੰਚਾਇਤ ਅਫ਼ਸਰ ਦਫ਼ਤਰ ਵਿਖੇ ਨਵ-ਨਿਯੁਕਤ ਸਰਪੰਚਾਂ ਦੀ ਸਿਖਲਾਈ ਦੌਰਾਨ ਸਿਹਤ ਵਿਭਾਗ ਵੱਲੋਂ ਸ਼ੁਰੂ ਕੀਤੀ ਸਟੇਟ ਹੈਲਥ ਏਜੰਸੀ ਐਪ ਬਾਰੇ ਮਾਸ ਮੀਡੀਆ ਸ਼ਾਖਾ ਵੱਲੋਂ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਮਾਸ ਮੀਡੀਆ ਅਫ਼ਸਰ ਵਿਨੋਦ ਕੁਮਾਰ ਅਤੇ ਦਿਵੇਸ਼ ਕੁਮਾਰ ਨੇ ਦੱਸਿਆ ਕਿ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਵਿਭਾਗ ਵੱਲੋਂ ਇੱਕ ਐਂਡਰਾਇਡ ਮੋਬਾਈਲ ਐਪਲੀਕੇਸ਼ਨ ਸਟੇਟ ਹੈਲਥ ਏਜੰਸੀ ਪੰਜਾਬ ਲਾਂਚ ਕੀਤੀ ਗਈ ਹੈ। ਇਸ ਡਿਜੀਟਲ ਪਲੇਟਫਾਰਮ ਦੀ ਵਰਤੋਂ ਕਰਕੇ ਵਿਅਕਤੀ ਹੁਣ ਆਪਣੇ ਮੋਬਾਈਲ ਫੋਨਾਂ ਤੋਂ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲਈ ਆਪਣੀ ਯੋਗਤਾ ਦੀ ਆਸਾਨੀ ਨਾਲ ਜਾਂਚ ਕਰ ਸਕਦੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਐਪ ਵਿੱਚ ਇਸ ਸਕੀਮ ਅਧੀਨ ਸੂਚੀਬੱਧ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ, ਜਿੱਥੇ ਲੋੜਵੰਦ ਵਿਅਕਤੀ ਇਸ ਸਰਕਾਰੀ ਸਿਹਤ ਬੀਮਾ ਯੋਜਨਾ ਤਹਿਤ ਆਪਣਾ ਇਲਾਜ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਫਾਜ਼ਿਲਕਾ ਜ਼ਿਲ੍ਹੇ ਵਿੱਚ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 651918 ਲਾਭਪਾਤਰੀ ਹਨ। ਇਨ੍ਹਾਂ ਵਿੱਚੋਂ ਲਗਭਗ 3,88,685 ਲਾਭਪਾਤਰੀਆਂ ਨੇ ਪਹਿਲਾਂ ਹੀ ਆਪਣੇ ਈ-ਕਾਰਡ ਬਣਾ ਲਏ ਹਨ। ਉਨ੍ਹਾਂ ਕਿਹਾ ਕਿ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਵਿੱਚ ਜੇ-ਫਾਰਮ ਵਾਲੇ ਕਿਸਾਨ, ਛੋਟੇ ਵਪਾਰੀ, ਸਮਾਰਟ ਰਾਸ਼ਨ ਕਾਰਡ ਧਾਰਕ, ਲੇਬਰ ਬੋਰਡ ਦੇ ਰਜਿਸਟਰਡ ਉਸਾਰੀ ਕਾਮੇ ਅਤੇ ਮਾਨਤਾ ਪ੍ਰਾਪਤ ਪੱਤਰਕਾਰਾਂ ਸਮੇਤ ਸੂਬੇ ਭਰ ਦੇ ਲਗਭਗ 45 ਲੱਖ ਪਰਿਵਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਆਮ ਲੋਕਾਂ ਨੂੰ ਸਿਹਤ ਬੀਮਾ ਯੋਜਨਾ ਕਾਰਡ ਲਈ ਆਪਣੀ ਯੋਗਤਾ ਦੀ ਜਾਂਚ ਕਰਨ ਲਈ ਸਰਕਾਰੀ ਹਸਪਤਾਲਾਂ ਜਾਂ ਸੇਵਾ ਕੇਂਦਰਾਂ ਵਿੱਚ ਜਾਣਾ ਪੈਂਦਾ ਸੀ ਤੇ ਹੁਣ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਇਸ ਮਹੱਤਵਪੂਰਨ ਸਹੂਲਤ ਨਾਲ ਪੰਜਾਬ ਦੇ ਲੋਕ ਘਰ ਬੈਠੇ ਮੋਬਾਈਲ ਐਪ ਰਾਹੀਂ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲਈ ਆਪਣੀ ਯੋਗਤਾ ਦੀ ਜਾਂਚ ਕਰ ਸਕਦੇ ਹਨ।

# ਹੈਰੀ ਮਾਨ ਵੱਲੋਂ ਸਵ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਰਧਾਂਜਲੀ ਭੇਂਟ



**ਸਨੌਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਸਵ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਸਰਦਾਰ ਮਨਮੋਹਨ ਸਿੰਘ ਦੀ ਅੰਤਿਮ ਅਰਦਾਸ ਚ ਸ਼ਾਮਿਲ ਹੋ ਕੇ ਸਨੌਰ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਹਰਿੰਦਰਪਾਲ ਸਿੰਘ ਹੈਰੀਮਾਨ ਨੇ ਆਪਣੀ ਟੀਮ ਸਮੇਤ ਪਹੁੰਚ ਕੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦਿੱਲੀ ਵਿਖੇ ਸਾਬਕਾ ਪ੍ਰਧਾਨ ਮੰਤਰੀ ਸਵ ਡਾਂ ਮਨਮੋਹਨ ਸਿੰਘ ਦੀ ਅੰਤਿਮ ਅਰਦਾਸ ਵਿੱਚ ਹਾਜ਼ਰੀ ਭਰੀ ਅਤੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਅਸ਼ਵਨੀ ਬੱਤਾ, ਗੁਰਜੀਤ ਸਿੰਘ ਕਾਲਾ ਸਾਬਕਾ ਸਰਪੰਚ ਬੱਤੀ, ਜੋਗਿੰਦਰ ਸਿੰਘ ਕਾਕੜਾ, ਰਣਦੀਪ ਰਾਣਾ ਸਰਪੰਚ ਬੋਲੜ ਕਲਾਂ, ਪ੍ਰੀਤਮ ਸਿੰਘ ਨਗਰ ਸਾਬਕਾ ਸਰਪੰਚ, ਨਾਲ ਹੋਰ ਪਾਰਟੀ ਮੈਂਬਰ ਸਹਿਬਾਨ ਵੀ ਮੌਜੂਦ ਰਹੇ।

# ਭਾਰਤ ਦਾ ਗਿਰਵੀਂ ਰੱਖਿਆ ਸੋਨਾ ਵਾਪਸ ਲਿਆ ਕੇ ਦੇਸ਼ ਦਾ ਖਜ਼ਾਨਾ ਭਰਿਆ : ਬਾਵਾ



**ਲੁਧਿਆਣਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਮਨਮੋਹਨ ਸਿੰਘ ਦੀ ਨੀਅਤ ਅਤੇ ਨੀਤੀ ਨੇ ਭਾਰਤ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਭਾਰਤ ਦਾ ਗਿਰਵੀ ਰੱਖਿਆ ਸੋਨਾ ਵਾਪਸ ਲਿਆ ਕੇ ਦੇਸ਼ ਦਾ ਖਜ਼ਾਨਾ ਭਰਿਆ। ਇਹ ਸ਼ਬਦ ਉਨ੍ਹਾਂ ਪ੍ਰਤੀ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਨੇ ਇੱਕ ਲਿਖਤੀ ਬਿਆਨ ਰਾਹੀਂ ਕਹੇ।

ਸ੍ਰੀ ਬਾਵਾ ਨੇ ਕਿਹਾ ਕਿ ਭਾਜਪਾ ਨੇ ਡਾ. ਮਨਮੋਹਨ ਸਿੰਘ ਪ੍ਰਤੀ ਛੋਟੀ ਸੋਚ ਦਾ ਪ੍ਰਦਰਸ਼ਨ ਕੀਤਾ ਹੈ। ਉਹਨਾਂ ਕਿਹਾ ਕਿ ਡਾ. ਮਨਮੋਹਨ ਸਿੰਘ ਦੀ ਸਾਦਗੀ, ਸੱਚਾਈ, ਸਪਸ਼ਟਤਾ ਅਤੇ ਘੱਟ ਬੋਲਣਾ ਹੀ ਉਹਨਾਂ ਦੀ ਬਹੁਪੱਖੀ ਸ਼ਖਸ਼ੀਅਤ ਦੀ ਵਿਸ਼ਵ ਵਿੱਚ ਸਤਿਕਾਰਤ ਪਹਿਚਾਣ ਸੀ। ਉਹਨਾਂ ਦਾ ਅਮਰੀਕਾ ਵੀ ਲੋਹਾ ਮੰਨਦਾ ਸੀ। ਡਾ. ਮਨਮੋਹਨ ਸਿੰਘ ਹੀ ਸਨ ਜਿੰਨਾ ਸਰਕਾਰੀ ਫਾਈਲਾਂ ਦਾ ਸੱਚ ਦੱਸਣ ਲਈ ਆਰ.ਟੀ.ਆਈ ਐਕਟ ਬਣਾਇਆ ਜੋ ਲੋਕਤੰਤਰਿਕ ਦੇਸ਼ ਦੀ ਵੱਖਰੀ ਪਹਿਚਾਣ ਦਰਸਾਉਂਦੀ ਹੈ। ਉਨ੍ਹਾਂ ਵੱਲੋਂ ਲਿਆਂਦਾ ਰਾਈਟ ਟੂ ਫੂਡ, ਰਾਈਟ ਟੂ ਵਰਕ, ਆਧਾਰ ਕਾਰਡ ਸਭ ਡਾ. ਮਨਮੋਹਨ ਸਿੰਘ ਦੀ ਦੇਸ਼ ਨੂੰ ਵੱਡੀ ਦੇਣ ਹੈ। ਲੋੜ ਹੈ ਅੱਜ ਦੇ ਨੇਤਾ ਅੱਜ ਉਹਨਾਂ ਦੇ ਦਰਸਾਏ ਰਸਤੇ 'ਤੇ ਚੱਲ ਕੇ ਮਿਸਾਲ ਪੇਸ਼ ਕਰਨ।

ਉਹਨਾਂ ਕਿਹਾ ਕਿ ਸਿਆਸਤ ਸੇਵਾ ਹੈ, ਵਪਾਰ ਨਹੀਂ। ਲੋੜ ਹੈ ਡਾ. ਮਨਮੋਹਨ ਸਿੰਘ ਦੇ ਜੀਵਨ ਤੋਂ ਕੁਝ ਗ੍ਰਹਿਣ ਕਰੀਏ। ਬਾਵਾ ਨੇ ਕਿਹਾ ਕਿ 2002 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਦੋਂ ਮੈਂ ਜ਼ਿਲ੍ਹਾ ਕਾਂਗਰਸ ਦਾ ਪ੍ਰਧਾਨ ਸੀ ਤਾਂ ਇੱਕ ਦਿਨ ਮੈਂ ਡਾ. ਮਨਮੋਹਨ ਸਿੰਘ ਨੂੰ ਲੁਧਿਆਣਾ ਅਤੇ ਦਾਖਾ ਹਲਕੇ ਵਿੱਚ ਚੋਣ ਜਲਸਿਆਂ ਵਿੱਚ ਲੈ ਕੇ ਗਿਆ ਸੀ, ਜੋ ਮੇਰੀ ਜਿੰਦਗੀ ਦੀ ਅਭੁੱਲ ਯਾਦ ਹੈ। ਉਹਨਾਂ ਦਾ ਜੀਵਨ ਸੱਚ ਦਾ ਸੁਨੇਹਾ ਦਿੰਦਾ ਹੈ ਜੋ ਅੱਜ ਦੇ ਨੇਤਾਵਾਂ ਨੂੰ ਉਹਨਾਂ ਦੇ ਦਰਸਾਏ ਰਸਤੇ 'ਤੇ ਚੱਲਣ ਦੀ ਲੋੜ ਹੈ।

# ਸਾਈਬਰ ਅਪਰਾਧ ਵਿਰੁੱਧ ਜਾਗਰੂਕਤਾ ਸਮੇਂ ਦੀ ਲੋੜ: ਅਵਿਨਾਸ਼ ਰਾਏ ਖੰਨਾ

## ਭਾਜਪਾ ਵਰਕਰਾਂ ਨੂੰ ਸਾਈਬਰ ਕਰਾਈਮ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਮੀਟਿੰਗ ਕੀਤੀ



**ਗੜ੍ਹਸ਼ੰਕਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਸਾਈਬਰ ਕਰਾਈਮ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਬੀਤ ਖੇਤਰ ਦੇ ਭਾਜਪਾ ਵਰਕਰਾਂ ਨਾਲ ਮੀਟਿੰਗ ਕੀਤੀ। ਖੰਨਾ ਨੇ ਪਿੰਡ ਹੈਬੋਵਾਲ ਬੀਤ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਈਬਰ ਕਰਾਈਮ ਵਿਰੁੱਧ ਜਾਗਰੂਕਤਾ ਸਮੇਂ ਦੀ ਲੋੜ ਹੈ। ਅੱਜ ਇੰਟਰਨੈਟ ਦਾ ਯੁੱਗ ਹੈ ਅਤੇ ਇੰਟਰਨੈਟ ਤੋਂ ਬਿਨਾਂ ਰੋਜ਼ਾਨਾ ਜ਼ਰੂਰੀ ਕੰਮ ਕਰਨਾ ਮੁਸ਼ਕਲ ਹੈ।

ਮਨੁੱਖ ਨੇ ਤਕਨਾਲੋਜੀ ਵਿੱਚ ਤਰੱਕੀ ਕੀਤੀ ਹੈ, ਪਰ ਸਾਈਬਰ ਅਪਰਾਧੀ ਹਮੇਸ਼ਾ ਇੰਟਰਨੈਟ ਰਾਹੀਂ ਲੋਕਾਂ ਨੂੰ ਧੋਖਾ ਦੇਣ ਦੀ ਤਾਕ ਵਿੱਚ ਰਹਿੰਦੇ ਹਨ। ਇਹ ਅਪਰਾਧੀ ਤੁਹਾਨੂੰ ਲਾਲਚ ਦੇ ਕੇ ਜਾਂ ਤੁਹਾਡੀ ਨਿੱਜੀ ਜਾਣਕਾਰੀ ਦੇਣ ਲਈ ਤੁਹਾਨੂੰ ਵਿੱਤੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਸਾਨੂੰ ਜ਼ਿੰਮੇਵਾਰ ਨਾਗਰਿਕਾਂ ਵਾਂਗ ਔਨਲਾਈਨ ਸਹੂਲਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕਦੇ ਵੀ ਬੇਲੋੜੀਆਂ ਫ਼ੋਨ ਕਾਲਾਂ ਜਾਂ ਗਲਤ ਕਾਲਾਂ ਨਾ ਚੁੱਕੋ ਅਤੇ ਆਪਣੀ ਨਿੱਜੀ ਜਾਣਕਾਰੀ ਜਿਵੇਂ ਕਿ ਤੁਹਾਡਾ ਨਾਮ, ਆਧਾਰ ਨੰਬਰ, ਬੈਂਕ ਖਾਤਾ ਨੰਬਰ, ਤੁਹਾਡਾ ਪਤਾ ਜਾਂ ਕੋਈ ਹੋਰ ਜਾਣਕਾਰੀ ਸੋਸ਼ਲ ਮੀਡੀਆ ਜਾਂ ਫ਼ੋਨ 'ਤੇ ਕਿਸੇ ਨੂੰ ਵੀ ਨਾ ਦਿਓ। ਖੰਨਾ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਫ਼ੋਨ 'ਤੇ ਤੁਹਾਡੀ ਨਿੱਜੀ ਜਾਣਕਾਰੀ ਮੰਗਦਾ ਹੈ ਜਾਂ ਬੈਂਕ ਕਰਮਚਾਰੀ ਹੋਣ ਦਾ ਬਹਾਨਾ ਲਗਾ ਕੇ ਤੁਹਾਨੂੰ ਕਿਸੇ ਵੀ ਐਪਲੀਕੇਸ਼ਨ ਨੂੰ ਤੁਹਾਡੇ ਮੋਬਾਈਲ 'ਤੇ ਡਾਊਨਲੋਡ ਕਰਨ ਜਾਂ ਕਿਸੇ ਵੈੱਬਸਾਈਟ 'ਤੇ ਲਾਗਇਨ ਕਰਨ ਲਈ ਕਹਿੰਦਾ ਹੈ ਤਾਂ ਤੁਰੰਤ ਸੁਚੇਤ ਹੋਵੋ ਅਤੇ ਅਜਿਹਾ ਕਰਨ ਦੀ ਬਜਾਏ ਸਬੰਧਤ ਕੋਲ ਜਾਓ । ਦਫ਼ਤਰ ਜਾਓ ਅਤੇ ਗੱਲ ਕਰੋ। ਇਸ ਮੌਕੇ ਵਰਕਰਾਂ ਨੇ ਖੰਨਾ ਨੂੰ ਦੱਸਿਆ ਕਿ ਉਨ੍ਹਾਂ ਨੂੰ ਕਈ ਵਾਰ ਅਣਪਛਾਤੇ ਨੰਬਰਾਂ ਤੋਂ ਫੋਨ ਆਏ ਸਨ ਜਿਨ੍ਹਾਂ ਨੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਲਈ ਜਾਂ ਪੈਸੇ ਦਾ ਲਾਲਚ ਦੇ ਕੇ ਉਨ੍ਹਾਂ ਨੂੰ ਆਪਣੇ ਫੋਨ 'ਤੇ ਕੋਈ ਐਪ ਡਾਊਨਲੋਡ ਕਰਨ ਲਈ ਕਿਹਾ। ਖੰਨਾ ਨੇ ਵਰਕਰਾਂ ਨੂੰ ਕਿਹਾ ਕਿ ਉਹ ਖੁਦ ਲੋਕਾਂ ਵਿੱਚ ਜਾ ਕੇ ਸਾਈਬਰ ਕਰਾਈਮ ਵਿਰੁੱਧ ਜਾਗਰੂਕ ਕਰਨ ਤਾਂ ਜੋ ਲੋਕ ਆਧੁਨਿਕਤਾ, ਤਕਨਾਲੋਜੀ ਅਤੇ ਤਰੱਕੀ ਦਾ ਸੁਰੱਖਿਅਤ ਲਾਭ ਉਠਾ ਸਕਣ। ਇਸ ਮੌਕੇ ਪ੍ਰਦੀਪ ਰੰਗੀਲਾ, ਬਿੱਲਾ ਕੰਬਾਲਾ, ਅਲੋਕ ਰਾਣਾ, ਸਤਪਾਲ ਧੀਮਾਨ, ਭਜਨ ਸਿੰਘ, ਸ਼ਸ਼ੀ ਖੰਨਾ, ਧਰਮਪਾਲ ਭਾਰਦਵਾਜ, ਗੁਰੂਦੱਤ ਭਾਰਦਵਾਜ, ਨਰੇਸ਼ ਰਾਣਾ ਆਦਿ ਵੀ ਹਾਜ਼ਰ ਸਨ।

# ਸਾਵਿਤਰੀ ਬਾਈ ਫੂਲੇ ਸਿਰਫ ਨਾਂਅ ਨਹੀਂ, ਸਗੋਂ ਨਾਰੀ ਸ਼ਸ਼ਕਤੀਕਰਣ ਦੀ ਕਹਾਣੀ: ਮੁੱਖ ਮੰਤਰੀ

➢ ਮੁੱਖ ਮੰਤਰੀ ਨੇ ਬਹਾਦੁਰਗੜ੍ਹ ਹਲਕਾਵਾਸੀਆਂ ਨੂੰ ਦਿੱਤੀ ਸੌਗਾਤ, ਬਹਾਦੁਰਗੜ੍ਹ ਤੋਂ ਆਸੌਂਦਾ ਤੱਕ ਮੈਟਰੋ ਲਾਇਨ ਦੇ ਵਿਸਤਾਰ ਦੇ ਪ੍ਰਸਤਾਵ ਨੂੰ ਤੇਜੀ ਨਾਲ ਅੱਗੇ ਵਧਾਇਆ ਜਾਵੇਗਾ ➢ ਬਹਾਦੁਰਗੜ੍ਹ ਦੇ ਵਿਕਾਸ ਕੰਮਾਂ ਲਈ ਮੁੱਖ ਮੰਤਰੀ ਨੇ ਕੀਤੀ 5 ਕਰੋੜ ਰੁਪਏ ਦੇਣ ਦਾ ਐਲਾਨ

**ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਅੱਜ ਸਾਵਿਤਰੀ ਬਾਈ ਫੂਲੇ ਜੈਯੰਤੀ ਮੌਕੇ 'ਤੇ ਬਹਾਦੁਰਗੜ੍ਹ ਵਿਚ ਪ੍ਰਬੰਧਿਤ ਪ੍ਰੋਗ੍ਰਾਮ ਵਿਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ 'ਤੇ ਉਨ੍ਹਾਂ ਨੇ ਸਾਵਿਤਰੀ ਬਾਈ ਫੂਲੇ ਨੂੰ ਨਮਨ ਕਰਦੇ ਹੋਏ ਕਿਹਾ ਕਿ ਸਾਵਿਤਰੀ ਬਾਈ ਫੂਲੇ ਨਾ ਸਿਰਫ ਭਾਰਤ ਦੀ ਪਹਿਲੀ ਮਹਿਲਾ ਅਧਿਆਪਕਾ ਸੀ, ਸਗੋ ਇਕ ਸੁਤੰਤਰ ਸ਼ਖਸੀਅਤ ਅਤੇ ਮਹਿਲਾਵਾਂ ਦੇ ਅਧਿਕਾਰਾਂ ਦੀ ਪ੍ਰਣੇਤਾ ਸੀ। ਮੁੱਖ ਮੰਤਰੀ ਨੇ ਸਮਾਰੋਹ ਦੌਰਾਨ ਐਲਾਨ ਕਰਦੇ ਹੋਏ ਕਿਹਾ ਕਿ ਮਾਤਾ ਸਾਵਿਤਰੀ ਬਾਈ ਫੂਲੇ ਦੀ ਜੈਯੰਤੀ ਨੂੰ ਸਰਕਾਰੀ ਪੱਧਰ 'ਤੇ ਮਨਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸਾਵਿਤਰੀ ਬਾਈ ਫੂਲੇ ਦੇ ਸਨਮਾਨ ਵਿਚ ਹਰਿਆਣਾ ਸਰਕਾਰ ਨੇ ਸਰਕਾਰੀ ਮਹਿਲਾ ਕਾਲਜ, ਲੋਹਾਰੂ, ਭਿਵਾਨੀ ਦਾ ਨਾਂਅ ਮਾਤਾ ਸਾਵਿਤਰੀ ਬਾਈ ਫੂਲੇ ਦੇ ਨਾਂਅ 'ਤੇ ਰੱਖਿਆ ਹੈ।

ਸ੍ਰੀ ਨਾਇਬ ਸਿੰਘ ਸੈਨੀ ਨੇ ਬਹਾਦੁਰਗੜ੍ਹ ਹਲਕਾਵਾਸੀਆਂ ਨੂੰ ਸੌਗਾਤ ਦਿੰਦੇ ਹੋਏ ਕਿਹਾ ਕਿ ਬਹਾਦੁਰਗੜ੍ਹ ਤੋਂ ਆਸੌਂਦਾ ਤੱਕ ਮੈਟਰੋ ਦੇ ਵਿਸਤਾਰ ਦੇ ਪ੍ਰਸਤਾਵ 'ਤੇ ਸੂਬਾ ਸਰਕਾਰ ਵੱਲੋਂ ਤੇਜੀ ਨਾਲ ਕੰਮ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਬਹਾਦੁਰਗੜ੍ਹ ਨਗਰ ਪਰਿਸ਼ਦ ਨੂੰ ਮਾਨਦੰਡ ਪੂਰਾ ਹੋਣ 'ਤੇ ਨਗਰ ਨਿਗਮ ਬਣਾਇਆ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਲਾਇਨ ਪਾਰ ਫਾਟਕ 'ਤੇ ਅੰਡਰਪਾਸ ਦੇ ਨਿਰਮਾਣ, ਬਹਾਦੁਰਗੜ੍ਹ ਸੜਕ ਦੇ ਨਵੀਨੀਕਰਣ, ਪੁਰਾਣੀ ਕੋਰਟ ਦੇ ਨਾਲ ਲਗਦੀ ਖਾਲੀ ਪਈ ਜਮੀਨ 'ਤੇ ਵਿਯਾਮਸ਼ਾਲਾ-ਯੋਗਸ਼ਾਲਾ ਬਨਾਉਣ ਦੇ ਸਬੰਧ ਵਿਚ ਫਿਜੀਬਿਲਿਟੀ ਚੈਕ ਕਰਵਾ ਕੇ ਇੰਨ੍ਹਾਂ ਪਰਿਯੋਜਨਾਵਾਂ ਨੂੰ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਅਧੂਰੇ ਪਏ ਉੱਤਰੀ ਬਾਈਪਾਸ ਦੇ ਨਿਰਮਾਣ ਅਤੇ ਨਵੀਂ ਅਨਾਜ ਮੰਡੀ ਦੇ ਨਿਰਮਾਣ ਕਾਰਜ ਵਿਚ ਤੇਜੀ ਲਿਆਈ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਅਥੋਰਾਇਜਡ ਕਲੋਨੀਆਂ ਨੂੰ ਸਰਕਾਰ ਵੱਲੋਂ ਨਿਯਮਤ ਕੀਤਾ ਜਾ ਚੁੱਕਾ ਹੈ ਅਤੇ ਉਨ੍ਹਾਂ ਵਿਚ ਮੁੱਢਲੀ ਸਹੂਲਤਾਂ ਵੀ ਉਪਲਬਧ ਕਰਵਾਈ ਜਾ ਰਹੀ ਹੈ। ਜੇਕਰ ਅਜਿਹੀ ਅਨਅਥੋਰਾਇਜਡ ਕਲੋਨੀਆਂ ਦੀ ਜਾਣਕਾਰੀ ਮਿਲਦੀ ਹੈ ਤਾਂ ਉਨ੍ਹਾਂ ਨੂੰ ਵੀ ਮਾਨਦੰਡ ਪੂਰਾ ਕਰਵਾ ਕੇ ਨਿਯਮਤ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਵਾਰਡ-7 ਅਤੇ 10 ਵਿਚ ਛੱਠ ਪੂਜਾ ਘਾਟ ਬਣਾਏ ਜਾਣਗੇ। ਮੁੱਖ ਮੰਤਰੀ ਨੇ ਬਹਾਦੁਰਗੜ੍ਹ ਦੇ ਵਿਕਾਸ ਕੰਮਾਂ ਲਈ ਵੱਖ ਤੋਂ 5 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ।

**ਸਾਵਿਤਰੀ ਬਾਈ ਫੂਲੇ ਸਿਰਫ ਨਾਂਅ ਨਹੀਂ, ਸਗੋ ਨਾਰੀ ਸ਼ਸ਼ਕਤੀਕਰਣ ਦੀ ਕਹਾਣੀ**

ਸ੍ਰੀ ਨਾਇਬ ਸਿੰਘ ਸੈਨੀ ਨੇ ਆਪਣੇ ਸੰਬੋਧਨ ਵਿਚ ਕਿਹਾ ਸਾਵਿਤਰੀ ਬਾਈ ਫੂਲੇ ਸਿਰਫ ਨਾਂਅ ਨਹੀਂ, ਸਗੋ ਨਾਰੀ ਸ਼ਸ਼ਕਤਪਕਰਣ ਅਤੇ ਬੇਟੀਆਂ ਦੀ ਸਿਖਿਆ ਦੀ ਇਕ ਪੂਰੀ ਕਹਾਣੀ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਮਹਿਲਾਵਾਂ ਨੂੰ ਸਿਖਿਅਤ ਕਰਨ ਅਤੇ ਸ਼ਸ਼ਕਤ ਬਨਾਉਣ ਲਈ ਵਚਨਬੱਧ ਹੈ ਅਤੇ ਇਸ ਸੰਕਲਪ ਨੂੰ ਪੂਰਾ ਕਰਨ ਲਈ ਲਗਾਤਾਰ ਅਣਥੱਕ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸਮਾਜਿਕ ਕ੍ਰਾਂਤੀ ਦੀ ਅਗਰਦੂਤ ਅਤੇ ਮਹਿਲਾ ਸ਼ਸ਼ਕਤੀਕਰਣ ਦੀ ਬੁਲੰਦ ਆਵਾਜ਼ ਸ੍ਰੀਮਤੀ ਸਾਵਿਤਰੀ ਬਾਈ ਫੂਲੇ ਭਾਰਤ ਦੀ ਪਹਿਲੀ ਮਹਿਲਾ ਅਧਿਆਪਕਾ ਹੀ ਨਹੀਂ, ਸਗੋ ਇਕ ਸੁਤੰਤਰ ਸ਼ਖਸੀਅਤ ਅਤੇ ਮਹਿਲਾਵਾਂ ਦੇ ਅਧਿਕਾਰਾਂ ਦੀ ਪ੍ਰਣੇਤਾ ਸੀ।

**ਸਾਵਿਤਰੀ ਬਾਈ ਫੂਲੇ ਦੇ ਸੰਕਲਪ 'ਤੇ ਚੱਲਦੇ ਹੋਏ ਹਰਿਆਣਾ ਸਰਕਾਰ ਨੇ ਮਹਿਲਾ ਸ਼ਸ਼ਕਤੀਕਰਣ ਨੂੰ ਦਿੱਤਾ ਪ੍ਰੋਤਸਾਹਨ**

ਮੁੱਖ ਮੰਤਰੀ ਨੇ ਕਿਹਾ ਕਿ ਸਾਵਿਤਰੀਬਾਈ ਨੇ ਆਪਣੇ ਜੀਵਨ ਨੂੰ ਮਹਿਲਾ ਸਿਖਿਆ ਅਤੇ ਸ਼ਸ਼ਕਤੀਕਰਣ ਦੇ ਪ੍ਰਤੀ ਸਮਰਪਿਤ ਕੀਤਾ। ਉਨ੍ਹਾਂ ਨੇ ਆਪਣੇ ਜੀਵਨ ਦਾ ਟੀਚਾ ਹੀ ਵਿਧਵਾ ਵਿਆਹ ਕਰਵਾਉਣਾ, ਛੁਆਛੂਤ ਮਿਟਾਉਣਾ, ਮਹਿਲਾਵਾਂ ਦੀ ਮੁਕਤੀ ਅਤੇ ਮਹਿਲਾਵਾਂ ਨੂੰ ਸਿਖਿਅਤ ਕਰਨਾ ਬਣਾ ਲਿਆ ਸੀ। ਮਹਿਲਾ ਉਥਾਨ ਵਿਚ ਸਾਵਿਤਰੀ ਬਾਈ ਫੂਲੇ ਸਾਡੀ ਪ੍ਰੇਰਣਾ ਸਰੋਤ ਹੈ। ਉਨ੍ਹਾਂ ਨੇ ਮਹਿਲਾ ਸਿਖਿਆ ਅਤੇ ਉਨ੍ਹਾਂ ਦੇ ਉਥਾਨ ਲਈ ਅਨੇਕ ਵਿਰੋਧਾਂ ਦੇ ਬਾਵਜੂਦ ਡੱਟ ਕੇ ਕੰਮ ਕੀਤਾ। ਉਨ੍ਹਾਂ ਨੇ 1848 ਵਿਚ ਮਹਾਰਾਸ਼ਟਰ ਦੇ ਪੂਣੇ ਵਿਚ ਪਹਿਲਾ ਬਾਲਿਕਾ ਸਕੂਲ ਖੋਲ੍ਹਿਆ। ਸਾਵਿਤਰੀਬਾਈ ਫੂਲ ਦੇ ਮਹਿਲਾ ਸਿਖਿਆ ਦੇ ਸੰਕਲਪ 'ਤੇ ਚੱਲਦੇ ਹੋਏ ਹਰਿਆਣਾ ਸਰਕਾਰ ਨੇ ਪਿਛਲੇ 10 ਸਾਲਾਂ ਵਿਚ ਉੱਚੇਰੀ ਸਿਖਿਆ ਪ੍ਰਦਾਨ ਕਰਨ ਲਈ ਹਰ 20 ਕਿਲੋਮੀਟਰ ਦੇ ਘੇਰੇ ਵਿਚ ਕਾਲਜ ਖੋਲੇ ਹਨ। ਇਸ ਦੌਰਾਨ 79 ਸਰਕਾਰੀ ਕਾਲਜ ਖੋਲੇ ਗਏ ਹਨ, ਇੰਨ੍ਹਾਂ ਵਿਚ 30 ਕਾਲਜ ਸਿਰਫ ਕੁੜੀਆਂ ਦੇ ਹਨ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਫਰਵਰੀ, 2015 ਵਿਚ ਪਾਣੀਪਤ ਤੋਂ ਦੇਸ਼ਵਿਆਪੀ ਬੇਟੀ ਬਚਾਓ-ਬੇਟੀ ਪੜਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਹਰਿਆਣਾ ਸਰਕਾਰ ਨੇ ਵੱਖ-ਵੱਖ ਐਨਜੀਓ ਰਾਹੀਂ ਇਸ ਮੁਹਿੰਮ ਦੇ ਤਹਿਤ ਬੇਟੀਆਂ ਨੂੰ ਬਚਾਉਣ ਦਾ ਕੰਮ ਕੀਤਾ। ਜਿੱਥੇ ਹਰਿਆਣਾ ਵਿਚ ਪਹਿਲਾਂ ਲਿੰਗਨੁਪਾਤ 871 ਸੀ ਉੱਥੇ ਅੱਜ ਵੱਧ ਕੇ 916 ਪਹੁੰਚ ਗਿਆ ਹੈ। ਅੱਜ ਹਰਿਆਣਾ ਵਿਚ ਗਿਣਤੀ ਬੇਟੀਆਂ ਨੂੰ ਮਾਰਨ ਵਾਲੇ ਸੂਬੇ ਵਿਚ ਨਹੀਂ ਹੁੰਦੀ ਸਗੋ ਬੇਟੀਆਂ ਨੂੰ ਅੱਗੇ ਵਧਾਉਣ ਵਾਲੇ ਸੂਬੇ ਵਜੋ ਹੁੰਦੀ ਹੈ। ਮਾਤਾ ਸਾਵਿਤਰੀ ਬਾਈ ਫੂਲੇ ਨੂੰ ਇਹੀ ਸਾਡੀ ਸੱਚੀ ਸ਼ਰਧਾਂਜਲੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਨਿਗਮਾਂ ਵਿਚ ਮਹਿਲਾਵਾਂ ਨੂੰ 50 ਫੀਸਦੀ ਨੁਮਾਇੰਦਗੀ ਦਿੱਤੀ ਹੈ। ਉਨ੍ਹਾਂ ਨੇ ਮਹਿਲਾਵਾਂ ਨੂੰ ਵਿਧਾਨਪਾਲਿਕਾ ਵਿਚ 33 ਫੀਸਦੀ ਰਾਖਵਾਂ ਦੇਣ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਮਹਿਲਾ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਹੁਣ ਤੱਕ ਸੂਬੇ ਵਿਚ 33 ਮਹਿਲਾ ਪੁਲਿਸ ਥਾਨੇ ਖੋਲੇ ਜਾ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਵਿਚ 5 ਲੱਖ ਲੱਖਪਤੀ ਦੀਦੀ ਬਨਾਉਣ ਦਾ ਟੀਚਾ ਰੱਖਿਆ ਹੈ। ਹੁਣ ਤੱਕ 1 ਲੱਖ 46 ਹਜਾਰ ਮਹਿਲਾਵਾਂ ਨੂੰ ਲੱਖਪਤੀ ਦੀਦੀ ਬਣਾਇਆ ਜਾ ਚੁੱਕਾ ਹੈ।

ਸੂਬੇ ਵਿਚ ਡਰੋਨ ਦੀਦੀ ਯੋਜਨਾ ਤਹਿਤ 5 ਹਜਾਰ ਮਹਿਲਾਵਾਂ ਨੂੰ ਡਰੋਨ ਪਾਇਲਟ ਦੀ ਮੁਫਤ ਸਿਖਲਾਈ ਪ੍ਰਦਾਨ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਦੇ ਤਹਿਤ ਸੂਬਾ ਸਰਕਾਰ 8 ਲੱਖ ਰੁਪਏ ਤੱਕ ਦੀ ਕੀਮਤ ਦਾ ਡਰੋਨ ਮੁਫਤ ਦਵੇਗੀ। ਹੁਣ ਤੱਕ 100 ਮਹਿਲਾਵਾਂ ਨੂੰ ਡਰੋਨ ਉੜਾਉਣ ਦੀ ਸਿਖਲਾਈ ਦੇ ਮੁਫਤ ਡਰੋਨ ਦਿੱਤੇ ਗਏ ਹਨ।

ਇਸ ਮੌਕੇ 'ਤੇ ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ 2014 ਤੋਂ ਪਹਿਲਾਂ ਦੇ ਹਾਲਾਤਾਂ ਦੇ ਬਾਰੇ ਵਿਚ ਜਨਤਾ ਸੱਭ ਜਾਣਦੀ ਹੈ, ਪਰ ਅੱਜ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੀ ਅਗਵਾਈ ਹੇਠ ਹਰਿਆਣਾ ਹਰ ਖੇਤਰ ਵਿਚ ਉਨੱਤੀ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮਾਤਾ ਸਾਵਿਤਰੀ ਫੂਲੇ ਨੇ ਮਹਿਲਾ ਸਿਖਿਆ ਨੂੰ ਲੈ ਕੇ ਇਕ ਮੁਹਿੰਮ ਸ਼ੁਰੂ ਕੀਤੀ ਸੀ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਅੱਜ ਮਹਿਲਾਵਾਂ ਦਾ ਸ਼ਸ਼ਕਤੀਕਰਣ ਹੋ ਰਿਹਾ ਹੈ, ਉਸ ਦੀ ਨੀਂਹ ਮਾਤਾ ਸਾਵਿਤਰੀਬਾਈ ਫੂਲੇ ਨੇ ਹੀ ਰੱਖੀ ਸੀ। ਅੱਜ ਜੋ ਮਹਿਲਾਵਾਂ ਨੂੰ ਅੱਗੇ ਵੱਧਣ ਦਾ ਅਧਿਕਾਰ ਅਤੇ ਸਮਾਨਤਾ ਦਾ ਅਧਿਕਾਰ ਮਿਲ ਰਿਹਾ ਹੈ, ਉਸ ਦੇ ਪਿੱਛੇ ਜੋਤੀਤਿਬਾ ਫੂਲ ਅਤੇ ਸਾਵਿਤਰੀ ਬਾਈ ਫੂਲੇ ਦੋਵਾਂ ਦਾ ਵਿਸ਼ੇਸ਼ ਯੋਗਦਾਨ ਹੈ।

ਵਿਧਾਇਕ ਸ੍ਰੀ ਰਾਜੇਸ਼ ਜੂਨ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦਾ ਸਵਾਗਤ ਕਜਦੇ ਹੋਏ ਕਿਹਾ ਕਿ ਮੁੱਖ ਮੰਤਰੀ 36 ਬਿਰਾਦਰੀ ਦੇ ਹਨ ਅਤੇ ਉਹ ਸੱਭਕਾ ਸਾਥ-ਸੱਭਕਾ ਵਿਕਾਸ ਦੇ ਮੂਲਮੰਤਰ 'ਤੇ ਚੱਲਦੇ ਹੋਏ ਪੂਰੇ ਹਰਿਆਣਾ ਨੂੰ ਵਿਕਾਸ ਦੇ ਪੱਥ 'ਤੇ ਅੱਗੇ ਵਧਾ ਰਹੇ ਹਨ।

# ਧੁੰਦ ਨੂੰ ਵੇਖਦਿਆਂ ਵਾਹਨ ਚਾਲਕਾਂ ਨੂੰ ਜ਼ਰੂਰੀ ਸਾਵਧਾਨੀਆਂ ਅਪਣਾਉਣ ਦੀ ਅਪੀਲ

**ਫਾਜ਼ਿਲਕਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਦੀ ਰੁਤ ਦੌਰਾਨ ਧੁੰਦ ਦੇ ਮੌਸਮ ਨੂੰ ਵੇਖਦਿਆਂ ਵਾਹਨ ਚਾਲਕਾਂ ਨੂੰ ਸਾਵਧਾਨੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਡੀ.ਐਮ. ਕੰਵਰਜੀਤ ਸਿੰਘ ਮਾਨ ਨੇ ਦੱਸਿਆ ਕਿ ਧੁੰਦ ਦੌਰਾਨ ਵਾਹਨਾਂ ਚਾਲਕਾਂ ਨੂੰ ਆਪਣੇ ਵਾਹਨ ਦੀ ਗਤੀ ਹੌਲੀ ਰੱਖਣੀ ਚਾਹੀਦੀ ਹੈ। ਵਾਹਨ ਚਾਲਕਾਂ ਨੂੰ ਆਪਣੇ ਵਾਹਨ ਦੀ ਲਾਈਟਾਂ ਨੂੰ ਲੋਅ ਬੀਮ *ਤੇ ਰੱਖਣਾ ਚਾਹੀਦਾ ਹੈ ਤਾਂ ਜ਼ੋ ਸਾਹਮਣੇ ਤੋਂ ਆਉਂਦਾ ਵਹੀਕਲ ਜਲਦੀ ਨਜਰ ਆ ਜਾਵੇ ਅਤੇ ਦੂਰੋਂ ਆਉਂਦੇ ਵਹੀਕਲ ਦੀ ਸੜਕ *ਤੇ ਰੋਸ਼ਨੀ ਨਜਰ ਆਵੇ। ਉਨ੍ਹਾਂ ਕਿਹਾ ਕਿ ਧੁੰਦ ਦੇ ਸਮੇਂ ਹਮੇਸ਼ਾ ਵਹੀਕਲ ਦੇ ਇੰਡੀਕੇਟਰ ਦੀ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ।

ਐਸ.ਡੀ.ਐਮ. ਨੇ ਕਿਹਾ ਕਿ ਵਹੀਕਲ ਚਲਾਉਂਦੇ ਸਮੇਂ ਮੋਬਾਈਲ ਜਾਂ ਹੋਰ ਕਿਸੇ ਸਮਾਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਬਲਕਿ ਹਮੇਸ਼ਾ ਸੜਕ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਹਮਣੇ ਤੋਂ ਆ ਰਹੇ ਵਹੀਕਲ ਦੀ ਵੀਜੀਬੀਲਟੀ ਘੱਟ ਹੋਣ ਕਾਰਨ ਵਹੀਕਲ ਚਲਾਉਂਦੇ ਸਮੇਂ ਆਲੇ—ਦੁਆਲੇ ਦੀ ਆਵਾਜ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜ਼ੋ ਕੋਹਰੇ ਦੌਰਾਨ ਕੋਈ ਦੁਰਘਟਨਾ ਨਾ ਹੋ ਸਕੇ।ਉਨ੍ਹਾਂ ਕਿਹਾ ਕਿ ਧੁੰਦ ਦੌਰਾਨ ਵਹੀਕਲ ਸੜਕ *ਤੇ ਬਣੀ ਹੋਈ ਲੇਨ ਅਨੁਸਾਰ ਹੀ ਚਲਾਉਣਾ ਚਾਹੀਦਾ ਹੈ ਅਤੇ ਵਹੀਕਲ ਓਵਰਟੇਕ ਕਰਨ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ।ਇਸੇ ਤਰਾਂ ਜੇਕਰ ਸੜਕ ਤੇ ਚਲਦੇ ਸਮੇਂ ਵਾਹਨ ਰੋਕਣਾਂ ਪਵੇ ਤਾਂ ਸੜਕ ਤੋਂ ਥੱਲੇ ਉਤਾਰ ਕੇ ਇਸ ਤਰਾਂ ਰੋਕਿਆ ਜਾਵੇ ਕਿ ਪਿੱਛੇ ਤੋਂ ਆ ਰਹੇ ਵਾਹਨ ਨਾਲ ਟੱਕਰ ਦੀ ਸੰਭਾਵਨਾ ਨਾ ਰਹੇ। ਹਮੇਸ਼ਾ ਆਪਣੇ ਵਹੀਕਲ ਦੀਆਂ ਬਾਰੀਆਂ ਸਾਫ ਰੱਖੀਆਂ ਜਾਣ ਤੇ ਵਹੀਕਲਾਂ ਵਿਚਕਾਰ ਜ਼ਰੂਰਤ ਅਨੁਸਾਰ ਦੂਰੀ ਲਾਜਮੀ ਬਣਾ ਕੇ ਰੱਖੀ ਜਾਵੇ ਤਾਂ ਜ਼ੋ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚਿਆਂ ਜਾ ਸਕੇ।

# ਜਲੰਧਰ ਦਿਹਾਤੀ ਪੁਲਿਸ ਨੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਨੂੰ ਦਿੱਤਾ ਵੱਡਾ ਝਟਕਾ; ਵਪਾਰਕ ਮਾਤਰਾ ਵਿੱਚ ਹੈਰੋਇਨ ਬਰਾਮਦ



**ਜਲੰਧਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਨਸ਼ੀਲੇ ਪਦਾਰਥਾਂ ਦੇ ਵਪਾਰ ਨੂੰ ਇੱਕ ਵੱਡਾ ਝਟਕਾ ਦਿੰਦੇ ਹੋਏ ਜਲੰਧਰ ਦਿਹਾਤੀ ਪੁਲਿਸ ਨੇ ਨਸ਼ੀਲੇ ਪਦਾਰਥਾਂ ਦੀ ਇੱਕ ਮਹੱਤਵਪੂਰਨ ਖੇਪ ਨੂੰ ਕਾਬੂ ਕੀਤਾ ਅਤੇ ਇੱਕ ਬਦਨਾਮ ਤਸਕਰ ਨੂੰ ਗ੍ਰਿਫਤਾਰ ਕੀਤਾ, ਜਿਸ ਨੇ ਪਿਛਲੇ ਐਨਡੀਪੀਐਸ ਕੇਸ ਵਿੱਚ ਜ਼ਮਾਨਤ ਮਿਲਣ ਤੋਂ ਤੁਰੰਤ ਬਾਅਦ ਗੈਰ-ਕਾਨੂੰਨੀ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਸਨ। ਓਪਰੇਸ਼ਨ ਦੌਰਾਨ 50 ਗ੍ਰਾਮ ਉੱਚ ਦਰਜੇ ਦੀ ਹੈਰੋਇਨ ਬਰਾਮਦ ਹੋਈ ਹੈ।

ਸੀਨੀਅਰ ਪੁਲਿਸ ਕਪਤਾਨ ਹਰਕਮਲਪ੍ਰੀਤ ਸਿੰਘ ਖੱਖ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੀ.ਆਈ.ਏ. ਸਟਾਫ਼ ਦੁਆਰਾ ਖੁਫੀਆ ਸੂਚਨਾਵਾਂ ਦੇ ਆਧਾਰ 'ਤੇ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ ਸੀ।

ਐਸਐਸਪੀ ਖੱਖ ਨੇ ਖੁਲਾਸਾ ਕੀਤਾ ਕਿ ਇੰਸਪੈਕਟਰ ਪੁਸ਼ਪ ਬਾਲੀ ਦੁਆਰਾ ਪ੍ਰਾਪਤ ਵਿਸ਼ੇਸ਼ ਸੂਚਨਾ 'ਤੇ ਕਾਰਵਾਈ ਕਰਦੇ ਹੋਏ, ਐਸਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਬਾਠ ਅਤੇ ਡੀ.ਐਸ.ਪੀ. ਇਨਵੈਸਟੀਗੇਸ਼ਨ ਸਰਵਨਜੀਤ ਸਿੰਘ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਟੀਮ ਨੇ ਸਿਨੇਮਾ ਮੋੜ ਕਰਤਾਰਪੁਰ ਦੇ ਨੇੜੇ ਇਹ ਕਾਮਯਾਬੀ ਹਾਸਲ ਕੀਤੀ।

ਮੁਲਜ਼ਮ ਦੀ ਪਛਾਣ ਰਣਜੀਤ ਸਿੰਘ ਉਰਫ਼ ਨੀਟੂ ਵਾਸੀ ਪਿੰਡ ਆਲਮਪੁਰ ਬੱਕਾ ਵਜੋਂ ਹੋਈ ਹੈ, ਜਿਸ ਨੂੰ ਪੁਲੀਸ ਟੀਮ ਵੱਲੋਂ ਕਾਬੂ ਕਰ ਲਿਆ ਗਿਆ ਹੈ।

ਐਸਐਸਪੀ ਖੱਖ ਨੇ ਕਿਹਾ, ÷ਪੁਲਿਸ ਦੀ ਮੌਜੂਦਗੀ ਨੂੰ ਦੇਖਦੇ ਹੋਏ ਨਸ਼ੀਲੇ ਪਦਾਰਥਾਂ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਦੇ ਬਾਵਜੂਦ, ਪੁਲਿਸ ਟੀਮ ਦੇ ਤੇਜ਼ ਜਵਾਬ ਨੇ ਹੈਰੋਇਨ ਦੀ ਬਰਾਮਦਗੀ ਅਤੇ ਦੋਸ਼ੀ ਦੀ ਗ੍ਰਿਫਤਾਰੀ ਨੂੰ ਯਕੀਨੀ ਬਣਾਇਆ ਹੈ।÷

ਮਹੱਤਵਪੂਰਨ ਗੱਲ ਇਹ ਹੈ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ 'ਤੇ ਪਹਿਲਾਂ ਮਾਰਚ 2022 (ਐਫਆਈਆਰ ਨੰਬਰ 48) ਥਾਣਾ ਕਰਤਾਰਪੁਰ ਵਿਖੇ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

ਐਨਡੀਪੀਐਸ ਐਕਟ ਦੀ ਧਾਰਾ 21ਬੀ-61-85 ਦੇ ਤਹਿਤ ਇੱਕ ਨਵਾਂ ਕੇਸ ਦਰਜ ਕੀਤਾ ਗਿਆ ਹੈ (ਐਫਆਈਆਰ ਨੰਬਰ 01 ਮਿਤੀ 02-01-2025)।ਪੁਲਿਸ ਇਸ ਜ਼ਬਤੀ ਦੇ ਵਿਆਪਕ ਪ੍ਰਭਾਵਾਂ ਦੀ ਜਾਂਚ ਕਰਨ ਲਈ ਵਿਸਤ੍ਰਿਤ ਹਿਰਾਸਤ ਦੀ ਮੰਗ ਕਰੇਗੀ, ਜਿਸ ਵਿੱਚ ਤਸ਼ੱਦਦ ਦੇ ਸਰੋਤ ਅਤੇ ਵੰਡ ਨੈਟਵਰਕ ਦੀ ਸੀਮਾ ਸ਼ਾਮਲ ਹੈ।

ਐਸਐਸਪੀ ਖੱਖ ਨੇ ਅੱਗੇ ਕਿਹਾ, ÷ਅਸੀਂ ਨਸ਼ੀਲੇ ਪਦਾਰਥਾਂ ਦੀ ਕਮਾਈ ਰਾਹੀਂ ਹਾਸਲ ਕੀਤੀਆਂ ਜਾਇਦਾਦਾਂ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ, ਇੱਕ ਵਿਆਪਕ ਵਿੱਤੀ ਜਾਂਚ ਸ਼ੁਰੂ ਕਰ ਰਹੇ ਹਾਂ। ਨਸ਼ੀਲੇ ਪਦਾਰਥਾਂ ਦੇ ਵਪਾਰ ਨਾਲ ਜੁੜੀ ਕਿਸੇ ਵੀ ਜਾਇਦਾਦ ਨਾਲ ਕਾਨੂੰਨ ਦੇ ਉਪਬੰਧਾਂ ਅਨੁਸਾਰ ਨਿਪਟਿਆ ਜਾਵੇਗਾ।ਐਸਐਸਪੀ ਖੱਖ ਨੇ ਅੱਗੇ ਕਿਹਾ ਕਿ ਜਲੰਧਰ ਦਿਹਾਤੀ ਪੁਲਿਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਸਖ਼ਤ ਰੁਖ ਅਪਣਾਉਂਦੇ ਹੋਏ, ਖੁਫੀਆ ਜਾਣਕਾਰੀ ਆਧਾਰਿਤ ਕਾਰਵਾਈਆਂ ਨੂੰ ਭਾਈਚਾਰਕ ਸ਼ਮੂਲੀਅਤ ਦੇ ਨਾਲ ਜੋੜ ਕੇ ਇੱਕ ਬਹੁ-ਪੱਖੀ ਰਣਨੀਤੀ ਨੂੰ ਲਾਗੂ ਕੀਤਾ ਹੈ।

ਉਨ੍ਹਾਂ ਨੇ ਨਾਗਰਿਕਾਂ ਨੂੰ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਨਸ਼ੀਲੇ ਪਦਾਰਥਾਂ ਵਿਰੁੱਧ ਲੜਾਈ ਵਿੱਚ ਆਪਣੀ ਅਹਿਮ ਭੂਮਿਕਾ ਨੂੰ ਜਾਰੀ ਰੱਖਣ ਦੀ ਤਾਕੀਦ ਕਰਦੇ ਹੋਏ ਆਪਰੇਸ਼ਨ ਟੀਮ ਦੀ ਪੇਸ਼ੇਵਰ ਕਾਰਵਾਈ ਦੀ ਸ਼ਲਾਘਾ ਕੀਤੀ।

# ਹੁਸ਼ਿਆਰਪੁਰ ਤੋਂ ਗੜ੍ਹਸ਼ੰਕਰ ਤੱਕ ਸੜਕ ਨੂੰ ਹਾਦਸਾਮੁਕਤ ਬਣਾਉਣ ਲਈ ਖਰਚ ਕੀਤੇ ਜਾ ਰਹੇ ਹਨ 8.21 ਲੱਖ ਰੁਪਏ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ 31 ਜਨਵਰੀ ਤੱਕ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਮੁਹਿੰਮ ਦਾ ਮਕਸਦ ਸੜਕ ਸੁਰੱਖਿਆ ਪ੍ਰਤੀ ਜਾਗਰੂਕਤਾ ਵਧਾਉਣਾ ਹੈ ਜਿਸ ਦਾ ਵਿਸ਼ਾ (ਥੀਮ) 'ਪਰਵਾਹ' ਜਾਂ 'ਦੇਖਭਾਲ' ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਸੜਕ ਦੁਰਘਟਨਾਵਾਂ ਨੂੰ ਘੱਟ ਕਰਨ ਲਈ ਵੱਡੀ ਯੋਜਨਾ ਬਣਾਈ ਹੈ। ਸੜਕ ਸੁਰੱਖਿਆ ਨੂੰ ਲੈ ਕੇ ਵੱਖ-ਵੱਖ ਵਿਭਾਗਾਂ ਅਤੇ ਹਿੱਸੇਦਾਰਾਂ ਦੇ ਸਹਿਯੋਗ ਨਾਲ ਮਿਲ ਕੇ ਲੋਕ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਵਿਸ਼ੇਸ਼ ਕਰਕੇ ਡਰਾਈਵਰਾਂ, ਪੈਦਲ ਯਾਤਰੀਆਂ ਅਤੇ ਹੋਰ ਆਵਾਜਾਈ ਵਿਚ ਸਕਰਾਤਮਕ ਬਦਲਾਅ ਲਿਆਉਣਾ ਹੈ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਸੜਕ 'ਤੇ ਰੋਡ ਮਾਰਕਿੰਗ, ਸਾਈਨ ਬੋਰਡ ਲਗਾਉਣ ਅਤੇ ਦੁਰਘਟਨਾਗ੍ਰਸਤ ਥਾਵਾਂ (ਬਲੈਕ ਸਪੋਟਸ) ਨੂੰ ਠੀਕ ਕਰਵਾਉਣ ਲਈ ਪੀ.ਡਬਲਯੂ.ਡੀ. (ਪੁੱਲ ਤੇ ਸੜਕਾਂ) ਹੁਸ਼ਿਆਰਪੁਰ ਦੇ ਐਕਸੀਅਨ ਨੂੰ 8 ਲੱਖ 21 ਹਜ਼ਾਰ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ। ਇਸ ਫ਼ੰਡ ਨਾਲ ਹੁਸ਼ਿਆਰਪੁਰ ਤੋਂ ਗੜ੍ਹਸ਼ੰਕਰ ਤੱਕ ਚੰਡੀਗੜ੍ਹ ਰੋਡ ਦਾ ਕੰਮ ਕਰਵਾ ਕੇ ਸੜਕ ਨੂੰ ਦੁਰਘਟਨਾਮੁਕਤ ਬਣਾਉਣ ਦੀ ਪਹਿਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਪਹਿਲ ਪੰਜਾਬ ਨੂੰ ਸੜਕ ਸੁਰੱਖਿਆ ਦੇ ਖੇਤਰ ਵਿਚ ਮੋਹਰੀ ਬਣਾਉਣ ਦੀ ਦਿਸ਼ਾ ਵਿਚ ਇਕ ਕਦਮ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਸੜਕਾਂ ਦੀ ਮੁਰੰਮਤ, ਬਲੈਕ ਸਪੋਟਸ ਦੀ ਪਹਿਚਾਣ, ਸੁਧਾਰ, ਸੜਕ ਨਿਸ਼ਾਨ ਅਤੇ ਰੋਡ ਮਾਰਕਿੰਗ ਦਾ ਕੰਮ ਪਹਿਲ ਦੇ ਆਧਾਰ ਕੀਤਾ ਜਾ ਰਿਹਾ ਹੈ। ਜ਼ਿਲ੍ਹੇ ਵਿਚ ਬਲੈਕ ਸਪੋਟਸ ਦੀ ਗਿਣਤੀ 44 ਤੋਂ ਘੱਟ ਕੇ 23 ਰਹਿ ਗਈ ਹੈ ਅਤੇ ਸੜਕ ਦੁਰਘਟਨਾਵਾਂ ਵਿਚ 43 ਫੀਸਦੀ ਦੀ ਕਮੀ ਦਰਜ਼ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਸੜਕ ਸੁਰੱਖਿਆ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ। ਵਿਸ਼ੇਸ਼ ਰੂਪ ਵਿਚ ਨੌਜਵਾਨਾਂ ਨੂੰ ਇਸ ਮਿਸ਼ਨ ਨਾਲ ਜੁੜਨ ਅਤੇ ਸੜਕ ਦੁਰਘਟਨਾਵਾਂ ਨੂੰ ਰੋਕਣ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 'ਪਰਵਾਹ' ਥੀਮ ਤਹਿਤ ਇਹ ਮੁਹਿੰਮ ਨਾ ਕੇਵਲ ਲੋਕਾਂ ਨੂੰ ਸੁਰੱਖਿਆ ਯਾਤਰਾ ਦਾ ਅਹਿਸਾਸ ਕਰਾਵੇਗੀ ਬਲਕਿ ਸੜਕ ਦੁਰਘਟਨਾਵਾਂ ਨੂੰ ਘੱਟ ਕਰਨ ਵਿਚ ਵੀ ਸਹਾਇਕ ਹੋਵੇਗੀ।

ਰੀਜਨਲ ਟਰਾਂਸਪੋਰਟ ਅਫ਼ਸਰ (ਆਰ.ਟੀ.ਓ) ਰਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸੜਕ ਇੰਜਨੀਅਰਿੰਗ ਆਡਿਟ ਲਈ ਸਥਾਨਕ ਇੰਜੀਨੀਅਰਿੰਗ ਕਾਲਜਾਂ ਨੂੰ ਨੋਡਲ ਏਜੰਸੀ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਸੋਸ਼ਲ ਮੀਡੀਆ, ਅਖ਼ਬਾਰਾਂ ਅਤੇ ਜਨ ਸਭਾਵਾਂ ਰਾਹੀਂ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਤੇਜ਼ ਰਫਤਾਰ, ਸ਼ਰਾਬ ਪੀ ਕੇ ਵਾਹਨ ਚਲਾਉਣ ਅਤੇ ਹੈਲਮੇਟ ਤੇ ਸੀਟ ਬੈਲਟ ਨਾ ਪਹਿਨਣ ਵਰਗੇ ਖਤਰਿਆਂ 'ਤੇ ਚਾਨਣਾ ਪਾਇਆ ਜਾ ਰਿਹਾ ਹੈ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆ ਨੂੰ ਵਿਸ਼ੇਸ਼ ਕਰਕੇ ਜਾਗਰੂਕ ਕੀਤਾ ਜਾ ਰਿਹਾ ਹੈ।

ਆਰ.ਟੀ.ਓ ਨੇ ਦੱਸਿਆ ਕਿ ਟ੍ਰੈਫਿਕ ਪੁਲਿਸ ਅਤੇ ਟਰਾਂਸਪੋਰਟ ਵਿਭਾਗ ਵਲੋਂ ਤੇਜ਼ ਰਫ਼ਤਾਰ, ਗਲਤ ਸਾਈਡ ਡਰਾਈਵਿੰਗ ਅਤੇ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਸੜਕ ਸੁਰੱਖਿਆ ਮਹੀਨੇ ਦੌਰਾਨ ਸਹਾਇਕ ਰੀਜ਼ਨਲ ਟਰਾਂਸਪੋਰਟ ਅਫ਼ਸਰ ਸੰਦੀਪ ਭਾਰਤੀ ਨੇ ਬੁੱਧਵਾਰ ਰਾਤ ਹੌਲੀ ਗਤੀ ਵਾਲੇ ਵਾਹਨਾਂ ਜਿਵੇਂ ਕਿ ਟਰੈਕਟਰ-ਟਰਾਲੀਆਂ ਅਤੇ ਆਟੋ ਰਿਕਸ਼ਾ ਦੇ ਪਿੱਛੇ ਰਿਫਲੈਕਟਰ ਟੇਪ ਲਗਾਏ ਤਾਂ ਜੋ ਧੁੰਦ ਦੌਰਾਨ ਦੁਰਘਟਨਾਵਾਂ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਰਾਤ ਨੂੰ ਹੀ ਆਪਣੀ ਟੀਮ ਨਾਲ ਉਨ੍ਹਾਂ ਨੇ ਓਵਰਲੋਡ ਅਤੇ ਤੇਜ਼ ਗਤੀ ਨਾਲ ਚੱਲਣ ਵਾਲੇ ਵਾਹਨਾਂ 'ਤੇ ਕਾਰਵਾਈ ਕਰਦੇ ਹੋਏ 17 ਵਾਹਨਾਂ ਦਾ ਚਾਲਾਨ ਵੀ ਕੀਤੇ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਸੜਕ ਸੁਰੱਖਿਆ ਲਈ ਵਿਸ਼ੇਸ਼ ਰੋਡ ਸੇਫਟੀ ਫੋਰਸ ਅਤੇ ਆਧੁਨਿਕ ਤਕਨੀਕ ਨਾਲ ਲੈਸ ਰੋਡ ਸੇਫਟੀ ਲੈਬਸ ਸਥਾਪਿਤ ਕੀਤੇ ਹਨ। ਨਤੀਜੇ ਵਜੋਂ ਰਾਜ ਵਿਚ ਸੜਕ ਦੁਰਘਟਨਾਵਾਂ ਅਤੇ ਉਨ੍ਹਾਂ ਨਾਲ ਹੋਣ ਵਾਲੀਆਂ ਮੌਤਾਂ ਵਿਚ ਕਮੀ ਆਈ ਹੈ।

# ਨਵੇਂ ਸਾਲ ਮੌਕੇ ਨਗਰ ਨਿਗਮ 'ਚ ਕਰਵਾਇਆ ਹਵਨ



**ਹੁਸ਼ਿਆਰਪੁਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਹੁਸ਼ਿਆਰਪੁਰ ਦੇ ਨਵੇਂ ਸਾਲ ਮੌਕੇ ਹਵਨ ਕਰਵਾਇਆ ਗਿਆ। ਇਸ ਦੌਰਾਨ ਸੰਸਦ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਮੇਅਰ ਸੁਰਿੰਦਰ ਕੁਮਾਰ ਨੇ ਹਵਨ ਵਿਚ ਭਾਗ ਲਿਆ ਅਤੇ ਸ਼ਹਿਰਵਾਸੀਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਉਨ੍ਹਾਂ ਦੀ ਸੁਖ-ਸ਼ਾਂਤੀ ਦੀ ਕਾਮਨਾ ਕੀਤੀ।ਸੰਸਦ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਨਵੇਂ ਸਾਲ ਦੀ ਸ਼ੁਰੂਆਤ ਇਸ ਤਰ੍ਹਾਂ ਦੇ ਅਧਿਆਤਮਕ ਅਤੇ ਸਕਾਰਾਤਮਕ ਸਮਾਰੋਹ ਨਾਲ ਹੋਣਾ ਸ਼ੁਭ ਸੰਕੇਤ ਹੈ। ਇਹ ਸਮਾਰੋਹ ਨਾ ਕੇਵਲ ਸ਼ਹਿਰਵਾਸੀਆਂ ਲਈ ਸੁਖ-ਸ਼ਾਂਤੀ ਲਈ ਪ੍ਰੇਰਣਾ ਹੈ ਬਲਕਿ ਨਗਰ ਨਿਗਮ ਦੇ ਕੰਮਾਂ ਵਿਚ ਪਾਰਦਰਸ਼ਤਾ ਅਤੇ ਸਮਰਪਣ ਨੂੰ ਵੀ ਦਰਸਾਉਂਦਾ ਹੈ। ਹਵਨ ਦਾ ਉਦੇਸ਼ ਕੇਵਲ ਧਾਰਮਿਕ ਸਮਾਰੋਹ ਨਹੀਂ ਹੈ, ਬਲਕਿ ਇਹ ਇਕ ਇਸ ਤਰ੍ਹਾਂ ਦਾ ਯਤਨ ਹੈ ਜੋ ਸਮੂਹਿਕ ਸ਼ਕਤੀ ਅਤੇ ਇਕਜੁੱਟਤਾ ਦਾ ਪ੍ਰਤੀਕ ਹੈ। ਉਨ੍ਹਾਂ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਨਿਰੰਤਰ ਯਤਨਾਂ ਕਾਰਨ ਹੁਸ਼ਿਆਰਪੁਰ ਸ਼ਹਿਰ ਦਾ ਵਿਕਾਸ ਤੇਜ਼ ਗਤੀ ਨਾ ਹੋ ਰਿਹਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਕੇਂਦਰ ਸਰਕਾਰ ਅਤੇ ਉਨ੍ਹਾਂ ਵਲੋਂ ਹਰ ਸੰਭਵ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਨਗਰ ਨਿਗਮ ਵਲੋਂ ਨਵੇਂ ਸਾਲ ਮੌਕੇ ਇਸ ਤਰ੍ਹਾਂ ਦੇ ਸਮਾਰੋਹ ਨਾ ਕੇਵਲ ਅਧਿਆਤਮਕ ਮਹੱਤਵ ਰੱਖਦੇ ਹਨ ਬਲਕਿ ਸਮਾਜ ਵਿਚ ਸਕਾਰਾਤਮਕ ਸੰਦੇਸ਼ ਵੀ ਦਿੰਦੇ ਹਨ। ਇਸ ਹਵਨ ਰਾਹੀਂ ਇਹ ਸੰਕਲਪ ਲਿਆ ਜਾ ਰਿਹਾ ਹੈ ਕਿ ਅਸੀਂ ਸਾਰੇ ਮਿਲ ਕੇ ਸ਼ਹਿਰ ਨੂੰ ਸਾਫ-ਸੁਥਰਾ, ਸੁੰਦਰ ਅਤੇ ਵਿਕਸਿਤ ਬਣਾਵਾਂਗੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦਾ ਵਿਕਾਸ ਉਨ੍ਹਾਂ ਦੀ ਮੁੱਖ ਤਰਜ਼ੀਹ ਹੈ ਅਤੇ ਇਸ ਦੇ ਲਈ ਰਾਜ ਸਰਕਾਰ ਨਗਰ ਨਿਗਮ ਨਾਲ ਮਿਲ ਕੇ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਰਮਚਾਰੀਆਂ ਦੀ ਮਿਹਨਤ ਅਤੇ ਯੋਗਦਾਨ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਨਗਰ ਨਿਗਮ ਦੇ ਸਫਾਈ ਕਰਮਚਾਰੀ ਅਤੇ ਅਧਿਕਾਰੀ ਸ਼ਹਿਰ ਦੇ ਅਸਲੀ ਹੀਰੋ ਹਨ ਜੋ ਦਿਨ-ਰਾਤ ਮਿਹਨਤ ਕਰਕੇ ਹੁਸ਼ਿਆਰਪੁਰ ਨੂੰ ਚਮਕਦਾਰ ਅਤੇ ਸੰਗਠਿਤ ਬਣਾਏ ਰੱਖਦੇ ਹਨ। ਹਵਨ ਉਪਰੰਤ ਸੰਸਦ ਚੱਬੇਵਾਲ ਅਤੇ ਵਿਧਾਇਕ ਜਿੰਪਾ ਨੇ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੱਤੀ ਅਤੇ ਉਨ੍ਹਾਂ ਦੇ ਸਮਰਪਣ ਅਤੇ ਉਪਰਾਲਿਆਂ ਲਈ ਧੰਨਵਾਦ ਕੀਤਾ। ਉਨ੍ਹਾਂ ਸਾਰੇ ਸ਼ਹਿਰਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਫ਼ਾਈ ਅਤੇ ਵਿਕਾਸ ਦੇ ਕੰਮਾਂ ਵਿਚ ਮੋਹਰੀ ਭੂਮਿਕਾ ਨਿਭਾਉਣ ਅਤੇ ਹੁਸ਼ਿਆਰਪੁਰ ਨੂੰ ਇਕ ਆਦਰਸ਼ ਸ਼ਹਿਰ ਬਣਾਉਣ ਵਿਚ ਮਦਦ ਕਰਨ।

ਨਗਰ ਨਿਗਮ ਕਮਿਸ਼ਨਰ ਡਾ. ਅਮਨਦੀਪ ਕੌਰ ਨੇ ਜਾਣਕਾਰੀ ਦਿੱਤੀ ਕਿ ਇਸ ਮੌਕੇ ਸਫ਼ਾਈ ਸੇਵਕਾਂ ਅਤੇ ਹੋਰ ਕਰਮਚਾਰੀਆਂ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਉਨ੍ਹਾਂ ਨੂੰ ਤਰੱਕੀ ਦਿੱਤੀ ਗਈ। ਇਸ ਵਿਚ 8 ਸਫ਼ਾਈ ਸੇਵਕਾਂ ਨੂੰ ਸਫ਼ਾਈ ਮੇਟ ਦੇ ਰੂਪ ਵਿਚ ਉਨਤੀ ਦਿੱਤੀ ਗਈ। 3 ਸਫ਼ਾਈ ਸੇਵਕਾਂ ਨੂੰ ਅਸਥਾਈ ਸਫਾਈ ਮੇਟ ਦੇ ਰੂਪ ਵਿਚ ਤਾਇਨਾਤ ਕੀਤਾ ਗਿਆ। 3 ਕਰਮਚਾਰੀਆਂ ਨੂੰ ਸੈਨੇਟਰੀ ਸੁਪਰਵਾਈਜ਼ਰ ਦੇ ਰੂਪ ਵਿਚ ਪ੍ਰਮੋਟ ਕੀਤਾ ਗਿਆ। ਇਕ ਕਰਮਚਾਰੀ ਨੂੰ ਦਫ਼ਤਰੀ ਅਹੁਦੇ 'ਤੇ ਤਰੱਕੀ ਦਿੱਤੀ ਗਈ। ਪਦਉੱਨਤ ਕਰਮਚਾਰੀਆਂ ਨੂੰ ਸੰਸਦ ਚੱਬੇਵਾਲ ਅਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵਲੋਂ ਤਰੱਕੀ ਪੱਤਰ ਸੌਂਪੇ ਗਏ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਕੋ-ਅਪਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ, ਕੌਂਸਲਰ ਬਲਵਿੰਦਰ ਕੁਮਾਰ, ਕੌਂਸਲਰ ਜਸਵੰਤ ਰਾਏ, ਕੌਂਸਲਰ ਆਸ਼ਾ ਦੱਤਾ, ਕੌਂਸਲਰ ਮੋਹਿਤ ਸੈਣੀ, ਕੌਂਸਲਰ ਰਜਨੀ ਡਡਵਾਲ, ਲਵਕੇਸ਼ ਓਹਰੀ, ਬਲਵਿੰਦਰ ਕੌਰ, ਰਾਜੇਸ਼ਵਰ ਦਿਆਲ ਬੱਬੀ, ਮੀਨਾ ਕੁਮਾਰੀ, ਅਸ਼ੋਕ ਮਹਿਰਾ, ਨਰਿੰਦਰ ਕੌਰ, ਹਰਵਿੰਦਰ ਸਿੰਘ, ਵਿਜੇ ਕੁਮਾਰ ਅਗਰਵਾਲ, ਦਵਿੰਦਰ ਕੌਰ ਮਾਨ ਤੋਂ ਇਲਾਵਾ ਹੋਰ ਵਾਰਡਾਂ ਦੇ ਕੌਂਸਲਰ, ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਅਤੇ ਯੂਨੀਅਨ ਦੇ ਪ੍ਰਤੀਨਿਧੀ ਵੀ ਮੌਜੂਦ ਸਨ।

# ਸ੍ਰੀ ਲਾਲ ਚੰਦ ਕਟਾਰੂਚੱਕ ਨੇ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਅੰਦਰ ਚਲ ਰਹੇ ਵਿਕਾਸ ਕਾਰਜਾਂ ਦਾ ਜਾਇਜਾ ਲੈਣ ਲਈ ਕੀਤਾ ਵਿਸੇਸ ਦੋਰਾ

**ਪਠਾਨਕੋਟ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਵਾਰ ਉਨ੍ਹਾਂ ਨੂੰ ਅਪਣੇ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਅੰਦਰ ਚਲ ਰਹੇ ਵਿਕਾਸ ਕਾਰਜਾਂ ਦਾ ਜਾਇਜਾ ਲੈਣ ਦਾ ਮੋਕਾ ਮਿਲਿਆ, ਇਸ ਤੋਂ ਇਲਾਵਾ ਵੱਖ ਵੱਖ ਪਿੰਡਾਂ ਅੰਦਰ ਲੋਕਾਂ ਨਾਲ ਮਿਲਣ ਦਾ ਵੀ ਮੋਕਾ ਮਿਲਿਆ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਆਉਂਣ ਵਾਲੇ ਸਮੇਂ ਦੋਰਾਨ ਪਿੰਡਾਂ ਅੰਦਰ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਲਈ ਵੀ ਯੋਜਨਾਂ ਤੇ ਵਿਚਾਰ ਕੀਤਾ ਗਿਆ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਵੱਖ ਵੱਖ ਪਿੰਡਾਂ ਦਾ ਦੋਰਾ ਕਰਨ ਮਗਰੋਂ ਪਿੰਡ ਸਾਹਿਬ ਚੱਕ ਵਿਖੇ ਇੱਕ ਜਨਸਮੂਹ ਨੂੰ ਸੰਬੋਧਤ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਪਠਾਨਕੋਟ, ਰਾਜਾ ਬਕਨੋਰ, ਸੁਰਿੰਦਰ ਸਾਹ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜਰ ਸਨ।

ਜਿਕਰਯੋਗ ਹੈ ਕਿ ਅੱਜ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਪਿੰਡ ਬਕਨੋਰ, ਤਾਰਾਗੜ੍ਹ, ਬੈਗੋਵਾਲ ਅਤੇ ਪੱਖੋਚੱਕ ਵਿਖੇ ਦੋਰਾ ਕਰਕੇ ਨਿਕਾਸੀ ਪਾਣੀ ਲਈ ਕੀਤੇ ਜਾਣ ਵਾਲੇ ਪ੍ਰਬੰਧ, ਪਿੰਡਾਂ ਅੰਦਰ ਛੱਪੜਾਂ ਦਾ ਨਵਨਿਰਮਾਣ ਆਦਿ ਦਾ ਜਾਇਜਾ ਲਿਆ ਗਿਆ।

ਪਿੰਡ ਸਾਹਿਬ ਚੱਕ ਵਿਖੇ ਜਨਸਮੂਹ ਨੂੰ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਉਨ੍ਹਾਂ ਵੱਲੋਂ ਵੱਖ ਵੱਖ ਪਿੰਡਾਂ ਅੰਦਰ ਪਹੁੰਚ ਕਰਕੇ ਪਿੰਡਾਂ ਵਿੱਚ ਨਿਕਾਸੀ ਪਾਣੀ ਦੀ ਸਮੱਸਿਆ ਦਾ ਜਾਇਜਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਜ ਉਹ ਸਭ ਤੋਂ ਪਹਿਲਾ ਪਿੰਡ ਬਕਨੋਰ ਅੰਦਰ ਬਣਾਏ ਜਾ ਰਹੇ ਥਾਪਰ ਮਾਡਲ(ਛੱਪੜ) ਦਾ ਜਾਇਜਾ ਲੈਣ ਗਏ , ਤਾਰਾਗੜ੍ਹ ਵਿਖੇ ਵੀ ਨਿਕਾਸੀ ਦਾ ਪਾਣੀ ਦੀ ਕੋਈ ਵਿਵਸਥਾ ਨਾ ਹੋਣ ਕਰਕੇ ਲੋਕਾਂ ਨੂੰ ਨਰਕ ਭਰਿਆ ਜੀਵਨ ਗੁਜਾਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਤਾਰਾਗੜ੍ਹ ਅਤੇ ਬੈਗੋਵਾਲ ਵੀ ਸਥਿਤੀ ਅਜਿਹੀ ਹੀ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦੋਰੇ ਦੋਰਾਨ ਜਿਨ੍ਹਾਂ ਪਿੰਡਾਂ ਵਿੱਚ ਪਹਿਲਾ ਤੋਂ ਵਿਕਾਸ ਕਾਰਜ ਚਲ ਰਹੇ ਹਨ ਉਨ੍ਹਾਂ ਕਾਰਜਾਂ ਵਿੱਚ ਤੇਜੀ ਲਿਆਉਂਣ ਅਤੇ ਵਿਕਾਸ ਕਾਰਜਾਂ ਨੂੰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਨ ਦੇ ਲਈ ਵੀ ਦਿਸਾ ਨਿਰਦੇਸ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਰਾਸੀ ਦੀ ਕੋਈ ਵੀ ਕਮੀ ਨਹੀਂ ਆਉਂਣ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਅੱਜ ਪਿੰਡ ਸਾਹਿਬ ਚੱਕ ਵਿਖੇ ਜਿੱਥੋਂ ਦੇ ਪਿੰਡ ਦੇ ਲੋਕਾਂ ਨੇ ਸਰਵਸੰਮਤੀ ਦੇ ਨਾਲ ਪੰਚਾਇਤ ਦੀ ਚੋਣ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਪਿੰਡ ਨੂੰ ਨਿਯਮਾਂ ਦੇ ਅਨੁਸਾਰ ਸਰਵਸੰਮਤੀ ਨਾਲ ਜਿਹੜੀ ਪੰਚਾਇਤ ਦੀ ਚੋਣ ਹੁੰਦੀ ਹੈ ਉਸ ਨੂੰ ਪੰਜ ਲੱਖ ਰੁਪਏ ਦੀ ਗ੍ਰਾਂਟ ਤਾਂ ਦਿੱਤੀ ਹੀ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਪਿੰਡ ਦੇ ਦੋਰੇ ਦੋਰਾਨ ਦੇਖਣ ਵਿੱਚ ਆਇਆ ਹੈ ਕਿ ਪਿੰਡ ਦਾ ਜੰਞ ਘਰ ਜੋ ਕਿ ਬਹੁਤ ਹੀ ਖਸਤਾ ਹਾਲਤ ਹੈ ਉਸ ਦੇ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ ਅਤੇ ਪਿੰਡ ਨੂੰ ਇੱਕ ਵਧੀਆ ਜੰਞਘਰ ਬਣਾ ਕੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਨੂੰ ਜੋ ਹੋਰ ਵੀ ਸਮੱਸਿਆਵਾਂ ਆ ਰਹੀਆਂ ਹਨ ਉਨ੍ਹਾਂ ਕਾਰਜਾਂ ਦੀ ਯੋਜਨਾ ਬਣਾ ਕੇ ਐਸਟੀਮੇਟ ਲਗਾਇਆ ਜਾਵੈ ਕਿ ਕਿੰਨਾ ਖਰਚ ਆ ਸਕਦਾ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪਿੰਡ ਵਿੱਚ ਜੋ ਵੀ ਵਿਕਾਸ ਕਾਰਜ ਰਹਿੰਦੇ ਹਨ ਉਨ੍ਹਾਂ ਸਾਰੇ ਵਿਕਾਸ ਕਾਰਜਾਂ ਨੂੰ ਕਰਵਾਇਆ ਜਾਵੇਗਾ।

# ਵਧੀਕ ਡਿਪਟੀ ਕਮਿਸ਼ਨਰ ਨੇ ਚਾਈਨਾ ਡੋਰ ਦੀ ਵਰਤੋਂ ਰੋਕਣ ਵਿੱਚ ਜ਼ਿਲ੍ਹਾ ਵਾਸੀਆਂ ਦਾ ਸਹਿਯੋਗ ਮੰਗਿਆ

**ਗੁਰਦਾਸਪੁਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਜ਼ਿਲ੍ਹੇ ਵਿੱਚ ਪਤੰਗਬਾਜ਼ੀ ਲਈ ਚਾਈਨਾ ਡੋਰ (ਸਿੰਥੈਟਿਕ ਡੋਰ) ਦੀ ਵਰਤੋਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਸਾਥ ਦੇਣ।

ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪਤੰਗਬਾਜ਼ੀ ਦੌਰਾਨ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਲਈ ਸਮਝਾਉਣਾ ਚਾਹੀਦਾ ਹੈ ਤਾਂ ਜੋ ਇਸ ਮਾੜੇ ਰੁਝਾਨ ਨੂੰ ਰੋਕਿਆ ਜਾ ਸਕੇ।

ਵਧੀਕ ਡਿਪਟੀ ਕਮਿਸ਼ਨਰ ਸ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਾਈਨਾ ਡੋਰ ਦੀ ਵਿੱਕਰੀ ਤੇ ਵਰਤੋਂ ਨੂੰ ਰੋਕਣ ਲਈ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਜਿਹੜਾ ਵੀ ਵਿਅਕਤੀ ਪਲਾਸਟਿਕ/ ਸਿੰਥੈਟਿਕ ਡੋਰ ਦੀ ਵਿੱਕਰੀ ਜਾਂ ਵਰਤੋਂ ਕਰੇਗਾ ਉਸ ਖ਼ਿਲਾਫ਼ ਧਾਰਾ 188 ਦੇ ਨਾਲ-ਨਾਲ ਇਨਵਾਇਰਮੈਂਟ ਪ੍ਰੋਟੈਕਸ਼ਨ ਐਕਟ ਦੇ ਸੈਕਸ਼ਨ 15 ਤਹਿਤ ਕਾਨੂੰਨੀ ਕਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਜਿਸ ਤਹਿਤ 5 ਸਾਲ ਦੀ ਸਜ਼ਾ ਅਤੇ 1 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

ਉਨ੍ਹਾਂ ਪਾਬੰਦੀਸ਼ੁਦਾ ਚਾਈਨਾ ਡੋਰ ਵੇਚਣ ਤੇ ਵਰਤੋਂ ਕਰਨ ਵਾਲੇ ਵਿਅਕਤੀਆਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਹੈ ਕਿ ਉਹ ਮਨੁੱਖੀ ਜਾਨਾਂ ਨਾਲ ਖੇਡਣ ਵਾਲੇ ਇਸ ਧੰਦੇ ਨੂੰ ਤੁਰੰਤ ਬੰਦ ਕਰ ਦੇਣ ਨਹੀਂ ਤਾਂ ਪ੍ਰਸ਼ਾਸਨ ਵੱਲੋਂ ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੰਥੈਟਿਕ/ਪਲਾਸਟਿਕ ਡੋਰ ਦੇ ਮਾੜੇ ਰੁਝਾਨ ਨੂੰ ਰੋਕਣ ਲਈ ਅੱਗੇ ਆਉਣ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ 28 ਜਨਵਰੀ ਤੱਕ ਯੋਗ ਵੋਟਰ ਫਾਰਮ ਭਰ ਕੇ ਆਪਣੀ ਵੋਟ ਜ਼ਰੂਰ ਬਣਾਉਣ

**ਹੁਸ਼ਿਆਰਪੁਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਗੁਰਦੁਆਰਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਣ ਵਾਲੇ ਸਮੂਹ 5 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣ ਹਲਕਾ 111-ਮੁਕੇਰੀਆਂ, 112-ਦਸੂਹਾ, 113-ਸ਼ਾਮਚੁਰਾਸੀ, 114-ਹੁਸ਼ਿਆਰਪੁਰ ਅਤੇ 115-ਗੜ੍ਹਸ਼ੰਕਰ ਦੀਆਂ ਵੋਟਰ ਸੂਚੀਆਂ ਦੀ ਮੁਢਲੀ ਪ੍ਰਕਾਸ਼ਨਾ ਡਿਪਟੀ ਕਮਿਸ਼ਨਰ ਦਫ਼ਤਰ, ਸਬੰਧਤ ਰਿਵਾਈਜਿੰਗ ਅਥਾਰਟੀਜ਼/ਰਿਟਰਨਿੰਗ ਅਧਿਕਾਰੀਆਂ ਦੇ ਦਫ਼ਤਰਾਂ, ਸਮੂਹ ਤਹਿਸੀਲ ਦਫ਼ਤਰਾਂ, ਪਟਵਾਰ ਸਰਕਲ ਦੇ ਪਟਵਾਰੀਆਂ ਦੇ ਦਫ਼ਤਰਾਂ ਅਤੇ ਸਮੂਹ ਨੋਟੀਫਾਇਡ ਸਿੱਖ ਗੁਰਦੁਆਰਿਆਂ ਵਿਚ ਮਿਤੀ 3 ਜਨਵਰੀ 2025 ਨੂੰ ਕਰਵਾ ਦਿੱਤੀ ਗਈ ਹੈ। 3 ਜਨਵਰੀ ਤੋਂ ਇਨ੍ਹਾਂ ਥਾਵਾਂ 'ਤੇ ਵੋਟਰ ਸੂਚੀਆਂ ਦੇਖਣ ਲਈ ਉਪਲਬਧ ਹੈ।

ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਸਮੂਹ ਹਲਕਿਆਂ ਦੀ ਰਿਵਾਈਜਿੰਗ ਅਥਾਰਟੀਆਂ 111-ਮੁਕੇਰੀਆਂ (ਐਸ.ਡੀ.ਐਮ. ਮੁਕੇਰੀਆਂ, 112-ਦਸੂਹਾ (ਐਸ.ਡੀ.ਐਮ. ਦਸੂਹਾ), 113-ਸ਼ਾਮਚੁਰਾਸੀ (ਨਗਰ ਨਿਗਮ ਕਮਿਸ਼ਨਰ ਹੁਸ਼ਿਆਰਪੁਰ), 114-ਹੁਸ਼ਿਆਰਪੁਰ (ਐਸ.ਡੀ.ਐਮ. ਹੁਸ਼ਿਆਰਪੁਰ) ਅਤੇ 115-ਗੜ੍ਹਸ਼ੰਕਰ (ਐਸ.ਡੀ.ਐਮ. ਗੜ੍ਹਸ਼ੰਕਰ) ਵਲੋਂ ਡਰਾਫਟ ਵੋਟਰ ਸੂਚੀਆਂ 'ਤੇ ਦਾਅਵੇ ਅਤੇ ਇਤਰਾਜ ਮਿਤੀ 3 ਜਨਵਰੀ ਤੋਂ 28 ਜਨਵਰੀ 2025 ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਪ੍ਰਾਪਤ ਹੋਏ ਦਾਅਵੇ ਅਤੇ ਇਤਰਾਜਾਂ ਦਾ ਨਿਪਟਾਰਾ ਮਿਤੀ 5 ਫਰਵਰੀ 2025 ਤੱਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਨਜ਼ੂਰ ਹੋਏ ਦਾਅਵੇ ਅਤੇ ਇਤਰਾਜਾਂ ਦੇ ਮਸੌਦੇ/ ਸਪਲੀਮੈਂਟ ਤਿਆਰ ਕਰਕੇ ਪ੍ਰਿੰਟਿੰਗ ਮਿਤੀ 24 ਫਰਵਰੀ 2025 ਤੱਕ ਕਰਵਾਈ ਜਾਵੇਗੀ ਅਤੇ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਮਿਤੀ 25 ਫਰਵਰੀ 2025 ਨੂੰ ਕਰਵਾਈ ਜਾਵੇਗੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਰ ਸੂਚੀਆਂ ਵਿਚ ਕੋਈ ਕਲੈਰੀਕਲ ਜਾਂ ਪ੍ਰਿੰਟਿੰਗ ਸਬੰਧੀ ਨੁਕਸ ਹੋਵੇ ਤਾਂ ਸਬੰਧਤ ਰਿਵਾਈਜਿੰਗ ਆਥਾਰਟੀ ਦੇ ਧਿਆਨ ਵਿਚ ਲਿਆਂਦੀ ਜਾਵੇ ਤਾਂ ਜੋ ਅੰਤਿਮ ਪ੍ਰਕਾਸ਼ਨਾ ਤੋਂ ਪਹਿਲਾਂ ਇਸ ਵਿਚ ਜ਼ਰੂਰੀ ਸੁਧਾਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਡਰਾਫ਼ਟ ਵੋਟਰ ਸੂਚੀ ਸਬੰਧੀ ਬਿਨੈਕਾਰ/ਇਤਰਾਜਕਰਤਾ ਆਪਣੇ ਦਾਅਵੇ/ਇਤਰਾਜ ਲਿਖਤੀ ਰੂਪ ਵਿਚ ਤਸਦੀਕ ਤੌਰ 'ਤੇ ਆਪਣੇ ਰਿਵਾਈਜਿੰਗ ਅਥਾਰਟੀ ਨੂੰ ਵਿਅਕਤੀਗਤ ਰੂਪ ਵਿਚ, ਲਿਖਤੀ, ਡਾਕ ਰਾਹੀਂ ਜਾਂ ਕਿਸੇ ਇਸ ਤਰ੍ਹਾਂ ਦੇ ਏਜੰਟ, ਜੋ ਕਿ ਲਿਖਤੀ ਤੌਰ 'ਤੇ ਮਨਜ਼ੂਰ ਹੋਣ, ਦੇ ਵਲੋਂ ਨਿਰਧਾਰਤ ਮਿਤੀ ਤੱਕ ਭੇਜ ਸਕਦੇ ਹਨ। ਕੇਵਲ ਉਹੀ ਵਿਅਕਤੀ, ਜਿਸ ਦੀ ਉਮਰ 21 ਸਾਲ ਜਾਂ ਇਸ ਤੋਂ ਉਪਰ ਹੋਵੇ ਅਤੇ ਜਿਸ ਦਾ ਨਾਮ ਇਸ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਪਹਿਲਾਂ ਤੋਂ ਦਰਜ ਹੋਵੇ, ਹੀ ਇਤਰਾਜ ਪੇਸ਼ ਕਰ ਸਕਦਾ ਹੈ।

# ਜ਼ਿਲ੍ਹਾ ਪੁਲਿਸ ਗੁਰਦਾਸਪੁਰ ਦੇ ਟਰੈਫ਼ਿਕ ਐਜੂਕੇਸ਼ਨ ਸੈੱਲ ਨੇ ਦੋਰਾਂਗਲਾ ਰੋਡ ਵਿਖੇ ਈ-ਰਿਕਸ਼ਾ ਚਾਲਕਾਂ ਤੇ ਆਮ ਲੋਕਾਂ ਨੂੰ ਆਵਾਜਾਈ ਨਿਯਮਾਂ ਤੋਂ ਜਾਣੂ ਕਰਵਾਇਆ

**ਗੁਰਦਾਸਪੁਰ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲਿਸ ਗੁਰਦਾਸਪੁਰ ਦੇ ਟਰੈਫ਼ਿਕ ਐਜੂਕੇਸ਼ਨ ਸੈੱਲ ਵੱਲੋਂ ਅੱਜ ਦੋਰਾਂਗਲਾ ਰੋਡ ਗੁਰਦਾਸਪੁਰ ਵਿਖੇ ਟਰੈਫ਼ਿਕ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਐਜੂਕੇਸ਼ਨ ਸੈੱਲ ਦੇ ਕਰਮੀਆਂ ਵੱਲੋਂ ਈ-ਰਿਕਸ਼ਾ ਚਾਲਕਾਂ ਤੇ ਆਮ ਲੋਕਾਂ ਨੂੰ ਆਵਾਜਾਈ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ।ਸੈਮੀਨਾਰ ਵਿੱਚ ਏ.ਐੱਸ.ਆਈ. ਅਮਨਦੀਪ ਸਿੰਘ, ਸੰਜੀਵ ਕੁਮਾਰ, ਸੁਭਾਸ਼ ਚੰਦਰ ਅਤੇ ਰਵਿੰਦਰ ਸਿੰਘ ਸਚਿਨ ਨੇ ਈ-ਰਿਕਸ਼ਾ ਚਾਲਕਾਂ ਨੂੰ ਕਿਹਾ ਕਿ ਉਹ ਸਵਾਰੀਆਂ ਚੜ੍ਹਾਉਂਦੇ ਤੇ ਉਤਾਰਦੇ ਸਮੇਂ ਈ-ਰਿਕਸ਼ੇ ਨੂੰ ਸੜਕ ਦੇ ਕਿਨਾਰੇ ਖੜ੍ਹਾ ਕਰਨ ਤਾਂ ਜੋ ਟਰੈਫ਼ਿਕ ਵਿੱਚ ਕੋਈ ਮੁਸ਼ਕਲ ਨਾ ਆਵੇ। ਇਸ ਦੌਰਾਨ ਉਨ੍ਹਾਂ ਲੋਕਾਂ ਨੂੰ ਆਵਾਜਾਈ ਨਿਯਮਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਕਿਸੇ ਨੂੰ ਵਾਹਨ ਚਲਾਉਂਦੇ ਸਮੇਂ ਆਵਾਜਾਈ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਆਪਣੇ ਵਾਹਨ ਦੇ ਕਾਗ਼ਜ਼ਾਤ ਅਤੇ ਡਰਾਈਵਿੰਗ ਲਾਇਸੰਸ ਜ਼ਰੂਰ ਰੱਖਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਨਾਬਾਲਗ ਬੱਚਿਆਂ ਨੂੰ ਵਾਹਨ ਨਹੀਂ ਚਲਾਉਣੇ ਚਾਹੀਦਾ ਅਤੇ ਜੇਕਰ ਕੋਈ ਨਾਬਾਲਗ ਬੱਚਾ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸਦੇ ਮਾਪਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋ ਸਕਦੀ ਹੈ।




ਟਰੈਫ਼ਿਕ ਐਜੂਕੇਸ਼ਨ ਸੈੱਲ ਦੇ ਕਰਮੀਆਂ ਨੇ ਕਿਹਾ ਕਿ ਨਸ਼ਾ ਕਰਕੇ ਕੋਈ ਵੀ ਵਾਹਨ ਨਹੀਂ ਚਲਾਉਣਾ ਚਾਹੀਦਾ ਇਹ ਗੈਰ-ਕਾਨੂੰਨੀ ਹੈ ਅਤੇ ਇਸ ਨਾਲ ਹਮੇਸ਼ਾ ਹੀ ਦੁਰਘਟਨਾ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਦੌਰਾਨ ਲੋਕਾਂ ਨੂੰ ਫ਼ਰਿਸ਼ਤੇ ਸਕੀਮ ਬਾਰੇ ਵੀ ਜਾਗਰੂਕ ਕਰਦਿਆਂ ਪ੍ਰੇਰਿਤ ਕੀਤਾ ਕਿ ਉਹ ਦੁਰਘਟਨਾ ਪੀੜਤ ਲੋਕਾਂ ਦੀ ਮਦਦ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਧੁੰਦ ਦੌਰਾਨ ਵਾਹਨ ਚਲਾਉਂਦੇ ਸਮੇਂ ਹੋਰ ਵੀ ਸਾਵਧਾਨੀ ਵਰਤੀ ਜਾਵੇ। ਇਸ ਮੌਕੇ ਹੈਲਪ ਲਾਈਨ ਨੰਬਰਾਂ 112, 1930 ਅਤੇ 1033 ਬਾਰੇ ਵੀ ਲੋਕਾਂ ਨੂੰ ਦੱਸਿਆ ਗਿਆ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ

**ਫਾਜ਼ਿਲਕਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਡਾ ਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਮਿਸ਼ਨਰ ਗੁਰਦੁਆਰਾ ਚੋਣਾਂ ਪੰਜਾਬ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਜਿਲ੍ਹਾ ਫਾਜਿਲਕਾ ਵਿਖੇ ਤਿੰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਚੋਣ ਹਲਕੇ ਪੈਂਦੇ ਹਨ। ਜਿੰਨਾ ਵਿੱਚੋਂ 15-ਅਬੋਹਰ, 16-ਫਾਜਿਲਕਾ ਅਤੇ 17-ਜਲਾਲਾਬਾਦ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਸਮੂਹ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਚੋਣ ਹਲਕਿਆਂ ਦੀ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਸਬੰਧਤ ਉਪ ਮੰਡਲ ਮੈਜਿਸਟਰੇਟ ਦੇ ਦਫਤਰਾਂ ਵਿਖੇ ਕਰਵਾ ਦਿੱਤੀ ਗਈ ਹੈ। ਅਬੋਹਰ ਨਾਲ ਸਬੰਧਤ ਵੋਟਰ ਸੂਚੀ ਉਪ ਮੰਡਲ ਮੈਜਿਸਟਰੇਟ ਅਬੋਹਰ ਦਫਤਰ, ਜਲਾਲਾਬਾਦ ਨਾਲ ਸਬੰਧਤ ਵੋਟਰ ਸੂਚੀ ਉਪ ਮੰਡਲ ਮੈਜਿਸਟਰੇਟ ਜਲਾਲਾਬਾਦ ਅਤੇ ਫਾਜ਼ਿਲਕਾ ਵੋਟਰ ਸੂਚੀ ਲਈ ਉਪ ਮੰਡਲ ਮੈਜਿਸਟਰਟ ਫਾਜ਼ਿਲਕਾ ਦੇ ਦਫਤਰ ਵਿਖੇ ਵੇਖਣ ਲਈ ਉਪਲਬਧ ਹੈ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਰ ਸੂਚੀ ਵਿੱਚ ਦਰਜ ਵੇਰਵਿਆਂ ਸਬੰਧੀ ਦਾਅਵੇ/ਇਤਰਾਜ਼ ਮਿਤੀ 28 ਜਨਵਰੀ 2025 ਤੱਕ ਸਬੰਧਤ ਰਿਵਾਈਜਿੰਗ ਅਥਾਰਟੀ ਦੇ ਦਫਤਰ ਵਿਖੇ ਜਮ੍ਹਾਂ ਕਰਵਾਏ ਜਾ ਸਕਦੇ ਹਨ।

# ਤੁਹਾਡੀ ਰਸੋਈ

## ਗੋਲ ਗੱਪੇ



ਗੋਲ ਗੱਪੇ ਖਾਣੇ ਕਿਸ ਨੂੰ ਪਸੰਦ ਨਹੀਂ ਹੁੰਦੇ, ਫ਼ਿਰ ਚਾਹੇ ਉਹ ਕੁੜੀ ਹੋਵੇ ਜਾਂ ਫ਼ਿਰ ਮੁੰਡਾ। ਇਹ ਖਾਣ 'ਚ ਬਹੁਤ ਹੀ ਸੁਆਦੀ ਅਤੇ ਚਟਪਟੇ ਹੁੰਦੇ ਹਨ। ਜੇਕਰ ਤੁਸੀਂ ਚਟਪਟੇ ਗੋਲ ਗੱਪੇ ਖਾਣ ਦੇ ਸ਼ੌਕੀਨ ਹੋ ਤਾਂ ਅੱਜ ਅਸੀਂ ਤੁਹਾਨੂੰ ਇਨ੍ਹਾਂ ਨੂੰ ਬਣਾਉਣ ਦਾ ਤਰੀਕਾ ਦੱਸਾਂਗੇ। ਇਨ੍ਹਾਂ ਨੂੰ ਤੁਸੀਂ ਘਰ 'ਚ ਹੀ ਬਹੁਤ ਆਸਾਨੀ ਨਾਲ ਬਣਾ ਸਕਦੇ ਹੋ। ਤਾਂ ਫ਼ਿਰ ਆਓ ਜਾਣੀਏ ਇਨ੍ਹਾਂ ਨੂੰ ਬਣਾਉਣ ਦਾ ਤਰੀਕਾ

ਗੋਲ ਗੱਪੇ ਬਣਾਉਣ ਦੀ ਸਮੱਗਰੀ
ਇੱਕ ਕੱਪ ਮੈਦਾ
ਇੱਕ ਕੱਪ ਸੂਜੀ
1 ਕੱਪ ਤੇਲ
ਚੁਟਕੀ ਭਰ ਸੋਡਾ
1 ਕੱਪ ਪਾਣੀ
ਸੁਆਦ ਮੁਤਾਬਕ ਲੂਣ

ਗੋਲ ਗੱਪੇ ਬਣਾਉਣ ਦੀ ਵਿਧੀ
1. ਸਭ ਤੋਂ ਪਹਿਲਾਂ ਇੱਕ ਭਾਂਡੇ 'ਚ ਸੂਜੀ, ਮੈਦਾ, ਲੂਣ, ਸੋਡਾ ਅਤੇ ਤੇਲ ਮਿਲਾਓ। ਬਾਅਦ 'ਚ ਇਸ ਸਾਰੇ ਮਿਸ਼ਰਣ ਨੂੰ ਪਾਣੀ ਦੇ ਨਾਲ ਗੁੰਨ ਲਵੋ।
2. ਹੁਣ ਇਸ ਗੁੰਨੇ ਹੋਏ ਆਟੇ ਨੂੰ 25-35 ਮਿੰਟਾਂ ਲਈ ਢੱਕ ਕੇ ਰੱਖ ਦਿਓ।
3. ਫ਼ਿਰ ਇਸ ਆਟੇ ਨੂੰ ਇੱਕ ਵਾਰ ਫ਼ਿਰ ਤੋਂ ਗੁੰਨ ਕੇ ਮੁਲਾਇਮ ਕਰ ਲਓ ਅਤੇ ਤਿੰਨ ਭਾਗਾਂ 'ਚ ਵੰਡ ਲਓ।
4. ਧਿਆਨ ਰਹੇ ਕਿ ਆਟਾ ਨਾ ਜ਼ਿਆਦਾ ਸਖ਼ਤ ਹੋਵੇ ਅਤੇ ਨਾ ਹੀ ਜ਼ਿਆਦਾ ਮੁਲਾਇਮ। ਫ਼ਿਰ ਇਸ ਦੇ ਇੱਕ ਹਿੱਸੇ ਨੂੰ ਪੂਰੀ ਦੇ ਵਾਂਗ ਵੇਲ ਲਵੋ।
5. ਹੁਣ ਇਸ ਵੇਲੇ ਹੋਏ ਆਟੇ ਨੂੰ ਕਿਸੇ ਗੋਲ ਸਾਂਚੇ ਨਾਲ ਦਬਾ ਕੇ ਛੋਟੇ-ਛੋਟੇ ਗੋਲ ਗੱਪੇ ਬਣਾ ਲਵੋ ਅਤੇ ਇਨ੍ਹਾਂ ਗੋਲ ਗੱਪਿਆਂ ਨੂੰ ਕਿਸੇ ਕੱਪੜੇ ਨਾਲ ਢੱਕ ਕੇ ਰੱਖ ਲਓ।
6. ਜਦੋਂ ਇਹ ਤਿਆਰ ਹੋ ਜਾਣ ਤਾਂ ਇੱਕ ਕੜਾਹੀ 'ਚ ਤੇਲ ਪਾ ਕੇ ਇਸ ਨੂੰ ਘੱਟ ਸੇਕ 'ਤੇ ਗੈਸ 'ਤੇ ਰੱਖ ਦਿਓ।
7. ਹੁਣ ਇਨ੍ਹਾਂ ਗੋਲ ਗੱਪਿਆਂ ਨੂੰ ਪੂੜੀਆਂ ਦੇ ਵਾਂਗ ਤਲ ਲਵੋ।
8. ਇਸ ਗੱਲ ਦਾ ਧਿਆਨ ਰੱਖੋ ਕਿ ਜੇਕਰ ਤੁਸੀਂ ਗੋਲ ਗੱਪਿਆਂ ਨੂੰ ਜ਼ਿਆਦਾ ਕਰਾਰਾ ਕਰਨਾ ਚਾਹੁੰਦੇ ਹੋ ਤਾਂ ਗੈਸ ਦਾ ਸੇਕ ਘੱਟ ਰੱਖੋ।
9. ਜਦੋਂ ਗੋਲ ਗੱਪੇ ਤਿਆਰ ਹੋ ਜਾਣ ਤਾਂ ਇਨ੍ਹਾਂ ਨੂੰ 3 ਘੰਟਿਆਂ ਲਈ ਇੱਕ ਖੁੱਲ੍ਹੇ ਭਾਂਡੇ 'ਚ ਪਾ ਕੇ ਸਖ਼ਤ ਹੋਣ ਲਈ ਰੱਖ ਦਿਓ
10. ਜਦੋਂ ਗੋਲ ਗੱਪੇ ਸਖ਼ਤ ਹੋ ਕੇ ਖਾਣ ਲਈ ਤਿਆਰ ਹੋ ਜਾਣ ਤਾਂ ਇਨ੍ਹਾਂ ਨੂੰ ਮਿੱਠੀ ਅਤੇ ਨਮਕੀਨ ਚਟਨੀ ਪਾ ਕੇ ਸਰਵ ਕਰੋ।

## ਮੈਂਗੋ ਕੇਕ



ਬਣਾਉਣ ਲਈ ਸਮੱਗਰੀ
250 ਗ੍ਰਾਮ ਮੈਦਾ
250 ਗ੍ਰਾਮ ਬਟਰ
4-5 ਅੰਡੇ
2 ਚਮਚ ਬੇਕਿੰਗ ਪਾਊਡਰ
200 ਗ੍ਰਾਮ ਚੀਨੀ
1 ਕੱਪ ਮੈਂਗੋ ਪਿਊਰੀ
1 ਚਮਚ ਮੈਂਗੋ ਅਸੈਂਸ
2-3 ਅੰਬ
3 ਕੱਪ ਕਰੀਮ

ਬਣਾਉਣ ਦੀ ਵਿਧੀ
1. ਸਭ ਤੋਂ ਪਹਿਲਾਂ ਓਵਨ ਨੂੰ 150 ਡਿਗਰੀ 'ਤੇ ਗਰਮ ਕਰੋ।
2. ਹੁਣ 1 ਬਾਊਲ 'ਚ ਅੰਡਾ ਅਤੇ ਬਟਰ ਚੰਗੀ ਤਰ੍ਹਾਂ ਫ਼ੈਂਟ ਲਓ।
3. ਫ਼ਿਰ ਇਸ 'ਚ 5 ਚਮਚ ਚੀਨੀ, ਨਮਕ, ਮੈਂਗੋ ਪਿਊਰੀ ਅਤੇ ਮੈਂਗੋ ਐਸੈਂਸ ਮਿਲਾ ਕੇ 5 ਮਿੰਟਾਂ ਲਈ ਰੱਖ ਦਿਓ।
4. ਹੁਣ ਇਕ ਬਰਤਨ 'ਚ ਮੈਦਾ ਅਤੇ ਬੇਕਿੰਗ ਪਾਊਡਰ ਲੈ ਲਓ ਅਤੇ ਉਸ 'ਚ ਤਿਆਰ ਅੰਡੇ ਦੀ ਪੂਰੀ ਸਮੱਗਰੀ ਨੂੰ ਮਿਲਾ ਕੇ 2 ਮਿੰਟਾਂ ਦੇ ਲਈ ਅਲੱਗ ਰੱਖ ਦਿਓ।
5. ਫ਼ਿਰ ਬੇਕਿੰਗ ਪੈਨ 'ਚ ਕੇਕ ਦੀ ਤਿਆਰ ਸਮੱਗਰੀ ਪਾਓ ਅਤੇ ਗਰਮ ਓਵਨ 'ਚ ਰੱਖੋ।
6. ਇਸ ਨੂੰ 35 ਤੋਂ 40 ਮਿੰਟਾਂ ਤੱਕ ਬੇਕ ਕਰ ਲਓ।
7. ਹੁਣ ਚੀਨੀ ਅਤੇ ਕਰੀਮ ਨੂੰ 1 ਬਾਊਲ 'ਚ ਚੰਗੀ ਤਰ੍ਹਾਂ ਫ਼ੈਂਟ ਲਓ।
8. ਜਦੋਂ ਕੇਕ ਬਣ ਜਾਵੇ ਤਾਂ ਉਸਦੀ ਪੂਰੀ ਸਾਈਡ ਕਰੀਮ ਨਾਲ ਕਵਰ ਕਰੋ ਅਤੇ ਕੇਕ ਨੂੰ ਅੰਬ ਦੇ ਟੁੱਕੜਿਆਂ ਨਾਲ ਸਜਾਓ।

## ਸ਼ੁੱਧ ਦੇਸੀ ਘਿਓ

ਦੇਸੀ ਘਿਓ ਬਣਾਉਣ ਲਈ ਸਮੱਗਰੀ
- ਮਲਾਈ
- ਘਿਓ ਪਕਾਉਣ ਦੇ ਲਈ ਕੜਾਈ
- ਛਾਣਨੀ

ਦੇਸੀ ਘਿਓ ਬਣਾਉਣ ਦੀ ਵਿਧੀ
ਤੁਸੀਂ ਦੁੱਧ ਤਾਂ ਰੋਜ਼ਾਨਾ ਖਰੀਦਦੇ ਹੋ ਦੁੱਧ ਉਬਾਲਣ ਤੋਂ ਬਾਅਦ ਉਸ 'ਤੇ ਜੰਮੀ ਮਲਾਈ ਨੂੰ ਰੋਜ਼ਾਨਾ ਇਕ ਬਰਤਨ 'ਚ ਜਮਾ ਕਰਦੇ ਜਾਓ। ਧਿਆਨ ਰੱਖੋ ਕਿ ਮਲਾਈ ਦੇ ਬਰਤਨ ਨੂੰ ਫ਼ਰਿੱਜ 'ਚ ਰੱਖਿਆ ਜਾਵੇ ਤਾਂ ਕਿ ਉਹ ਖਰਾਬ ਨਾ ਹੋ ਜਾਵੇ ਜਦੋਂ ਮਲਾਈ ਜ਼ਿਆਦਾ ਮਾਤਰਾ 'ਚ ਜਮਾ ਹੋ ਜਾਵੇ ਤਾਂ ਬਰਤਨ ਨੂੰ ਬਾਹਰ ਕੱਢ ਲਓ। ਹੁਣ ਇਸ 'ਚੋਂ ਮੱਖਣ ਕੱਢ ਲਓ। ਫ਼ਿਰ ਇਸ ਮੱਖਣ ਨੂੰ 3 ਤੋਂ 4 ਵਾਰ ਧੋ ਲਓ। ਇਸ ਮੱਖਣ ਨੂੰ ਇਕ ਕੜਾਈ 'ਚ ਪਾ ਕੇ ਗੈਸ 'ਤੇ ਰੱਖੋ। ਘੱਟ ਗੈਸ 'ਤੇ ਇਸ ਨੂੰ ਹਿਲਾਉਂਦੇ ਜਾਓ। ਪਹਿਲਾਂ ਇਹ ਗਾੜਾ ਹੋਵੇਗਾ। ਇਸ ਤੋਂ ਬਾਅਦ ਇਹ ਪਤਲਾ ਹੋਣਾ ਸ਼ੁਰੂ ਹੋਵੇਗਾ। ਧਿਆਨ ਰੱਖੋ ਕਿ ਇਹ ਕੜਾਈ ਦੇ ਤਲੇ ਦੇ ਨਾਲ ਚਿਪਕੇ ਨਾ। ਜਦੋਂ ਮੱਖਣ ਹੋਲੀ-ਹੋਲੀ ਪਿਘਲ ਕੇ ਪੱਕਣ ਲੱਗੇਗਾ ਤਾਂ ਘਿਓ ਬਣਨਾ ਸ਼ੁਰੂ ਹੋ ਜਾਵੇਗਾ। ਫ਼ਿਰ ਥੋੜ੍ਹੀ ਦੇਰ ਬਾਅਦ ਘਿਓ ਦੀ ਪਰਤ 'ਤੇ ਘਿਓ ਤੈਰਣ ਲੱਗੇਗਾ। ਹੁਣ ਗੈਸ ਬੰਦ ਕਰ ਦਿਓ ਅਤੇ ਠੰਡਾ ਹੋ ਜਾਣ ਤੋਂ ਬਾਅਦ ਇਸ ਨੂੰ ਦੂਜੇ ਬਰਤਨ 'ਚ ਛਾਣ ਲਓ। ਤੁਹਾਡਾ ਸ਼ੁੱਧ ਦੇਸੀ ਘਿਓ ਤਿਆਰ ਹੈ। ਜ਼ਰੂਰਤ ਪੈਣ 'ਤੇ ਇਸ ਘਿਓ ਦੀ ਵਰਤੋਂ ਕਰੋ।

# ਸੱਸ-ਨੂੰਹ 'ਚ ਤਣਾਅ ਕਿਉਂ ?

➢ ਗੁਰਵੀਰ ਸਿੰਘ ਚੀਮਾ



**ਚਿੰਤਾ ਜਾਂ ਘਬਰਾਹਟ ਭਰੇ ਅਤੇ ਭੜਕਾਊ ਸ਼ਬਦਾਂ ਦਾ ਇਸਤੇਮਾਲ ਨਾ ਕਰਕੇ ਸੱਚੀ, ਮਧੁਰ ਅਤੇ ਸਹਿਯੋਗੀ ਭਾਸ਼ਾ ਦੀ ਵਰਤੋਂ ਕਰੋ ਅਤੇ ਆਪਣੇ ਵਚਨਾਂ ਰਾਹੀਂ ਆਪਣੀ ਬਾਣੀ ਨੂੰ ਇਸ ਤਰ੍ਹਾਂ ਸਜਾਓ ਕਿ ਇੰਜ ਲੱਗੇ ਜਿਵੇਂ ਕਿਸੇ ਨੇ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸਜਾਇਆ ਹੋਵੇ। ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਅਦਾਮੀ ਦਾ ਸਭ ਤੋਂ ਵੱਡਾ ਗਹਿਣਾ ਉਸਦੀ ਮਿੱਠੀ ਬਾਣੀ ਹੈ।**

ਬੇਸ਼ੱਕ ਅਜੋਕਾ ਸਮਾਂ ਪੁਰਾਣੇ ਸਮੇਂ ਨਾਲੋਂ ਬਹੁਤ ਜ਼ਿਆਦਾ ਬਦਲ ਚੁੱਕਾ ਹੈ, ਪਰ ਕਈ ਸਮਾਜਿਕ ਰਿਸ਼ਤੇ ਅਜਿਹੇ ਹਨ ਜਿਹੜੇ ਹਾਲੇ ਵੀ ਉਸੇ ਰੂਪ ਵਿੱਚ ਹੰਢਾਏ-ਵਰਤਾਏ ਜਾ ਰਹੇ ਹਨ। ਇਨ੍ਹਾਂ ਰਿਸ਼ਤਿਆਂ ਵਿੱਚੋਂ ਨੂੰਹ-ਸੱਸ ਦਾ ਰਿਸ਼ਤਾ ਅਹਿਮ ਹੈ। ਸੱਸ ਅਤੇ ਨੂੰਹ ਬੇਸ਼ੱਕ ਦੋ ਔਰਤਾਂ ਹੀ ਹਨ, ਪਰ ਇਹ ਨਾਮ ਸੁਣ ਕੇ ਹਰੇਕ ਮਨ ਅੰਦਰ ਤਰ੍ਹਾਂ-ਤਰ੍ਹਾਂ ਦੇ ਖਿਆਲ ਉਪਜਣ ਲੱਗ ਪੈਂਦੇ ਹਨ। ਹਰ ਔਰਤ ਖ਼ੁਦ ਦਾ ਵਿਆਹ ਹੋਣ 'ਤੇ ਨੂੰਹ ਬਣਦੀ ਹੈ ਅਤੇ ਆਪਣੇ ਪੁੱਤ-ਧੀ ਦਾ ਵਿਆਹ ਕਰਨ 'ਤੇ ਸੱਸ ਦਾ ਰੂਪ ਧਾਰਨ ਕਰ ਲੈਂਦੀ ਹੈ। ਧੀ ਦਾ ਵਿਆਹ ਕਰਨ 'ਤੇ ਉਸ ਦੇ ਰੁਤਬੇ ਵਿੱਚ ਕੋਈ ਖ਼ਾਸ ਫ਼ਰਕ ਨਹੀਂ ਪੈਂਦਾ, ਪਰ ਪੁੱਤਰ ਦਾ ਵਿਆਹ ਕਰਨ ਉਪਰੰਤ ਉਹ ਆਪਣਾ ਸਾਰਾ ਸਾਮਰਾਜ ਬਦਲਿਆ-ਬਦਲਿਆ ਮਹਿਸੂਸ ਕਰਨ ਲੱਗ ਪੈਂਦੀ ਹੈ ਅਤੇ ਆਪਣੇ-ਆਪ ਨੂੰ ਆਪਣੇ ਮਨ ਦੇ ਖ਼ਿਆਲਾਂ ਨਾਲ ਘਰੇਲੂ ਸਾਮਰਾਜ ਦੀ ਮਹਾਰਾਣੀ ਐਲਾਨ ਲੈਂਦੀ ਹੈ। ਇੱਥੋਂ ਤਕ ਕਿ ਉਹ ਆਪਣੇ ਪੇਟੋਂ ਜੰਮੇ ਪੁੱਤ ਨੂੰ ਆਪਣੀ ਸਲਤਨਤ ਦਾ ਗ਼ੁਲਾਮ ਅਤੇ ਆਪਣੀ ਪਤਨੀ ਲਈ ਇੱਕ ਸਖ਼ਤ ਰਾਜਕੁਮਾਰ ਦੇਖਣਾ ਪਸੰਦ ਕਰਦੀ ਹੈ। ਹਾਲੇ ਤਕ ਸੱਸ ਦੇ ਇਸ ਮਾਨਸਿਕ ਸ਼ੌਕ ਜਾਂ ਮਜਬੂਰੀ ਦੇ ਕਾਰਨਾਂ ਦਾ ਕੋਈ ਠੋਸ ਪਤਾ ਨਹੀਂ ਲੱਗ ਸਕਿਆ। ਇਸ ਸਖ਼ਤ ਰਵੱਈਏ ਕਰਕੇ ਹੁਣ ਤਕ ਬਹੁ-ਗਿਣਤੀ ਵਿੱਚ ਨਵ-ਵਿਆਹੀਆਂ ਦੇ ਤਲਾਕ ਅਤੇ ਬਲੀਆਂ ਚੜ੍ਹੀਆਂ ਹਨ। ਸੱਸ ਰੂਪੀ ਨਾਮ ਦੇ ਡਰ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਹਰੇਕ ਕੁੜੀ ਨੂੰ ਵਿਆਹ ਪਿੱਛੋਂ ਹਰ ਇੱਕ ਦਾ ਇਹੀ ਸਵਾਲ ਹੁੰਦਾ ਹੈ 'ਤੇਰੀ ਸੱਸ ਕਿਹੋ-ਜਿਹੀ ਹੈ ? ਉਸ ਦਾ ਸੁਭਾਅ ਕਿਵੇਂ ਹੈ ? ਉਹ ਤੰਗ ਤਾਂ ਨੀਂ ਕਰਦੀ।' ਆਦਿ-ਆਦਿ।

ਵੈਸੇ ਪੰਜੇ ਉਂਗਲਾਂ ਇੱਕਸਾਰ ਨਹੀਂ ਹੁੰਦੀਆਂ। ਕਈ ਪਰਿਵਾਰਾਂ ਵਿੱਚ ਸੱਸ ਅਤੇ ਨੂੰਹ ਸਕੀਆਂ ਮਾਵਾਂ-ਧੀਆਂ ਨਾਲੋਂ ਵੀ ਵੱਧ ਪਿਆਰ-ਸਤਿਕਾਰ ਨਾਲ ਰਹਿ ਰਹੀਆਂ ਹਨ ਅਤੇ ਅਜਿਹੀਆਂ ਔਰਤਾਂ ਸਮਾਜ ਲਈ ਉਦਾਹਰਨ ਵੀ ਬਣਦੀਆਂ ਹਨ, ਪਰ ਸਾਡੇ ਸਮਾਜ ਦੀ ਬਦਕਿਸਮਤੀ ਹੈ ਕਿ ਸਮੇਂ ਦੇ ਬਦਲਣ ਅਤੇ ਹਰ ਇੱਕ ਦੇ ਸਾਖਰ ਹੋਣ ਦੇ ਬਾਵਜੂਦ ਵੀ ਅਜਿਹੇ ਸਵਰਗ ਪਰਿਵਾਰਾਂ ਦੀ ਗਿਣਤੀ ਬਹੁਤ ਘੱਟ ਹੈ। ਜ਼ਿਆਦਾਤਰ ਸਹੁਰਾ ਪਰਿਵਾਰਾਂ ਵਿੱਚ ਸੱਸ ਕੋਲ ਹੀ ਸੁਪਰੀਮ ਪਾਵਰ ਹੁੰਦੀ ਹੈ ਜਿਹੜੀ ਔਰਤ ਸਿਆਣੀ ਹੁੰਦੀ ਹੈ ਉਹ ਆਪਣੀ ਤੀਖਣ ਬੁੱਧੀ ਅਤੇ ਸਮੇਂ ਦੇ ਹਾਣ ਦੀ ਹੋ ਕੇ ਘਰ ਨੂੰ ਸਵਰਗ ਬਣਾ ਦਿੰਦੀ ਹੈ ਅਤੇ ਇਸ ਦੀ ਵਿਰੋਧੀ ਔਰਤ ਆਪਣੇ ਹੀ ਹੱਸਦੇ-ਵੱਸਦੇ ਪਰਿਵਾਰ ਨੂੰ ਲੜਾਈ-ਕਲੇਸ਼ ਦਾ ਅੱਡਾ ਬਣਾ ਲੈਂਦੀ ਹੈ। ਇਸ ਲੜਾਈ ਕਲੇਸ਼ ਦਾ ਬੁਰਾ ਅਸਰ ਕੇਵਲ ਦੋ ਔਰਤਾਂ ਉੱਤੇ ਹੀ ਨਹੀਂ ਸਗੋਂ ਪਰਿਵਾਰ ਦੇ ਬਾਕੀ ਮੈਂਬਰਾਂ ਉੱਪਰ ਵੀ ਪੈਂਦਾ ਹੈ। ਸੱਸ ਅਤੇ ਨੂੰਹ ਵਿਚਕਾਰ ਹੋਣ ਵਾਲੀ ਨੋਕ-ਝੋਕ ਦੇ ਕੋਈ ਬਹੁਤ ਵੱਡੇ ਕਾਰਨ ਨਹੀਂ ਹੁੰਦੇ, ਬਸ ਕੁਝ ਛੋਟੀਆਂ-ਮੋਟੀਆਂ ਸਵੈ-ਹਉਮੈ ਕਾਰਨ ਪੈਦਾ ਹੋਈਆਂ ਮਾਨਸਿਕ ਉਲਝਣਾਂ ਹਨ। ਇਹ ਮਾਨਸਿਕ ਉਲਝਣਾਂ ਹੌਲੀ-ਹੌਲੀ ਇੱਕ ਘਾਤਕ ਬਿਮਾਰੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਅਤੇ ਮਨ ਅੰਦਰ ਨਫ਼ਰਤ ਅਤੇ ਈਰਖਾ ਦਾ ਪੱਕੇ ਤੌਰ 'ਤੇ ਘਰ ਬਣਾ ਲੈਂਦੀਆਂ ਹਨ। ਇਸ ਨਾਲ ਪਤੀ-ਪਤਨੀ ਦਰਮਿਆਨ ਨੋਕ-ਝੋਕ ਵਧ ਜਾਂਦੀ ਹੈ, ਤਣਾਅ ਵਧਣ ਲੱਗ ਪੈਂਦਾ ਹੈ। ਕਈ ਵਾਰ ਅਜਿਹੇ ਮਾਮਲਿਆਂ ਵਿੱਚ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਅਜਿਹੇ ਹਾਲਾਤ ਦਾ ਬੱਚਿਆਂ ਉੱਪਰ ਬਹੁਤ ਗਹਿਰਾ ਅਸਰ ਪੈਂਦਾ ਹੈ। ਅਜੋਕਾ ਸਮਾਜ ਛੋਟੇ-ਛੋਟੇ ਪਰਿਵਾਰਾਂ ਦਾ ਸਮੂਹ ਰਹਿ ਗਿਆ ਹੈ, ਫਿਰ ਵੀ ਜ਼ਿਆਦਾਤਰ ਘਰਾਂ ਵਿੱਚ ਜਿਨ੍ਹਾਂ ਦੇ ਕੇਵਲ ਇੱਕ ਪੁੱਤਰ-ਧੀ ਹੁੰਦੇ ਹਨ, ਉੱਥੇ ਵੀ ਨੂੰਹ-ਸੱਸ ਦੇ ਰਿਸ਼ਤੇ ਵਿੱਚ ਤਰੇੜ ਆ ਜਾਂਦੀ ਹੈ ਅਤੇ ਸਿੱਟੇ ਵਜੋਂ ਮਾਂ-ਬਾਪ ਅਲੱਗ ਰਹਿੰਦੇ ਹਨ ਅਤੇ ਪਤੀ-ਪਤਨੀ ਅਲੱਗ। ਜਿਸ ਉਮਰ ਵਿੱਚ ਮਾਂ-ਬਾਪ ਨੂੰ ਆਪਣੀ ਸੇਵਾ ਕਰਾਉਣ ਦਾ ਵੇਲਾ ਹੁੰਦਾ ਹੈ ਉਹ ਆਪਣੇ ਸੁਭਾਅ ਜਾਂ ਆਪਣੇ ਪੁਰਾਣੇ ਖ਼ਿਆਲਾਂ ਕਾਰਨ ਇਕੱਲਤਾ ਦਾ ਜੀਵਨ ਬਤੀਤ ਕਰਦੇ ਹਨ ਹੁਣ ਬਦਲਦੇ ਦੌਰ ਦੇ ਹਿਸਾਬ ਨਾਲ ਹਰ ਔਰਤ ਨੂੰ ਆਪਣੀ ਮਾਨਸਿਕਤਾ ਬਦਲਣੀ ਚਾਹੀਦੀ ਹੈ। ਇਸ ਦੀ ਸ਼ੁਰੂਆਤ ਜੇਕਰ ਵੱਡਿਆਂ ਭਾਵ ਸੱਸ ਵੱਲੋਂ ਕੀਤੀ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ ਕਿਉਂਕਿ ਪਰਿਵਾਰ ਦੀ ਵੱਡੀ ਔਰਤ ਕੋਲ ਪੂਰੀ ਜ਼ਿੰਦਗੀ ਦਾ ਲੰਬਾ ਤਜਰਬਾ ਹੁੰਦਾ ਹੈ। ਉਸਨੇ ਨੂੰਹ-ਸੱਸ ਦੇ ਰਿਸ਼ਤੇ ਨੂੰ ਇੱਕ ਲੰਬਾ ਸਮਾਂ ਮਾਣਿਆ ਹੁੰਦਾ ਹੈ। ਉਸਨੂੰ ਆਪਣੇ-ਆਪ ਨੂੰ ਸਮੇਂ ਦੇ ਹਿਸਾਬ ਨਾਲ ਬਦਲ ਕੇ ਆਪਣੇ ਪੁੱਤ-ਨੂੰਹ ਦੀ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਲਈ ਉਨ੍ਹਾਂ ਅੱਗੇ ਰਾਹ ਦਾ ਰੋੜਾ ਨਹੀਂ ਸਗੋਂ ਸਿਆਣਪ ਅਤੇ ਯੋਗ ਅਗਵਾਈ ਨਾਲ ਅਗਾਂਹ ਵੱਲ ਨੂੰ ਤੋਰਨਾ ਚਾਹੀਦਾ ਹੈ। ਉਸ ਵੱਲੋਂ ਆਪਣੇ ਨੂੰਹ-ਪੁੱਤ ਨੂੰ ਤਿਆਰ ਹੋ ਕੇ ਕਿਧਰੇ ਜਾਂਦਿਆਂ ਵੇਖ ਕੇ ਗੁੱਸਾ ਜਾਂ ਈਰਖਾ ਨਹੀਂ ਕਰਨੀ ਚਾਹੀਦੀ ਸਗੋਂ ਹੱਸ ਕੇ ਤੋਰਨਾ ਚਾਹੀਦਾ ਹੈ। ਆਪਣੀ ਧੀ ਵਾਂਗ ਨੂੰਹ ਦੇ ਸ਼ੌਕ ਵੀ ਪੁਗਾਉਣੇ ਚਾਹੀਦੇ ਹਨ। ਬਿਨਾਂ ਗੱਲ ਤੋਂ ਰੋਕ-ਟੋਕ ਨਹੀਂ ਕਰਨੀ ਚਾਹੀਦੀ। ਕਈ ਵਾਰ ਨਵੀਂਆਂ ਵਿਆਹੀਆਂ ਕੁੜੀਆਂ ਤੋਂ ਕੁਝ ਖਾਣ-ਪੀਣ ਦਾ ਸਾਮਾਨ ਬਣਾਉਣ ਜਾਂ ਹੋਰ ਘਰੇਲੂ ਕੰਮ ਵਿੱਚ ਕੋਈ ਗ਼ਲਤੀ ਹੋ ਜਾਂਦੀ ਹੈ ਤਾਂ ਸੱਸ ਨੂੰ ਚਾਹੀਦਾ ਹੈ ਕਿ ਉਹ ਗ਼ਲਤੀ ਦਾ ਅਹਿਸਾਸ ਕਰਾਉਣ ਦੀ ਬਜਾਏ ਪਿਆਰ ਨਾਲ ਸਮਝਾਵੇ ਤਾਂ ਕਿ ਇੱਕ-ਦੂਜੇ ਮਨ ਅੰਦਰ ਕਿਸੇ ਤਰ੍ਹਾਂ ਦੀ ਹੀਣ-ਭਾਵਨਾ ਨਾ ਪੈਦਾ ਹੋਵੇ ਅਤੇ ਆਪਸੀ ਪਿਆਰ ਕਾਇਮ ਰਹਿ ਸਕੇ। ਜਿਹੜੇ ਕੰਮ ਨੂੰਹ ਨੂੰ ਨਾ ਆਉਂਦੇ ਹੋਣ ਉਨ੍ਹਾਂ ਨੂੰ ਉਸ ਦੀ ਸਿੱਖਣ ਸਮਰੱਥਾ ਦੇ ਹਿਸਾਬ ਨਾਲ ਸਿਖਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੱਲ-ਗੱਲ 'ਤੇ ਖ਼ੁਦ ਨੂੰ ਉੱਤਮ ਸਮਝਣ, ਦੂਜੇ 'ਤੇ ਰੋਅਬ ਝਾੜਨ ਜਾਂ ਨੀਵਾਂ ਦਿਖਾਉਣ ਨਾਲ ਸਬੰਧ ਖ਼ਰਾਬ ਹੀ ਹੁੰਦੇ ਹਨ। ਇਸ ਤੋਂ ਇਲਾਵਾ ਹਰ ਇੱਕ ਮਾਂ-ਬਾਪ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਧੀ ਨੂੰ ਚੰਗੀ ਵਿੱਦਿਆ ਦੇ ਨਾਲ-ਨਾਲ ਘਰੇਲੂ ਸੰਸਕਾਰਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਕਰਾਉਣ ਤਾਂ ਕਿ ਉਹ ਆਪਣੇ ਆਉਣ ਵਾਲੇ ਜੀਵਨ ਦੀਆਂ ਮੁਸੀਬਤਾਂ ਨੂੰ ਇੱਕ ਸੁਚੱਜੀ ਔਰਤ ਦੇ ਰੂਪ ਵਿੱਚ ਨਜਿੱਠਣਾ ਸਿੱਖ ਲੈਣ। ਨੂੰਹ ਬਣਨ ਉਪਰੰਤ ਉਹ ਆਪਣੇ ਸਹੁਰੇ ਪਰਿਵਾਰ ਦੇ ਰੀਤੀ-ਰਿਵਾਜਾਂ ਨੂੰ ਚੰਗੀ ਤਰ੍ਹਾਂ ਸਮਝ ਅਤੇ ਉਨ੍ਹਾਂ ਨੂੰ ਆਪਣੀ ਚੋਖ਼ੀ ਸੂਝ ਮੁਤਾਬਿਕ ਨਿਭਾਉਣ ਦਾ ਯਤਨ ਕਰ ਸਕਣ। ਉਹ ਆਪਣੀ ਸੱਸ ਦਾ ਮਾਂ ਵਾਂਗ ਹੀ ਸਤਿਕਾਰ ਕਰਨ। ਉਹ ਆਪਣੀ ਤੀਖਣ ਬੁੱਧੀ ਰਾਹੀਂ ਆਪਣੀ ਸੱਸ ਨੂੰ ਹੌਲੀ-ਹੌਲੀ ਪੁਰਾਣੇ ਖ਼ਿਆਲਾਂ ਵਿੱਚੋਂ ਕੱਢ ਕੇ ਨਵੀਂ ਸੱਭਿਅਤਾ ਦੇ ਹਾਣ ਦਾ ਬਣਾਉਣ ਵਿੱਚ ਮਦਦ ਕਰਨ ਤਾਂ ਕਿ ਉਸ ਦਾ ਸਾਰਾ ਪਰਿਵਾਰ ਇੱਕ ਸੁਖਾਵੇਂ ਮਾਹੌਲ ਦਾ ਆਨੰਦ ਮਾਣ ਸਕੇ।

# ਬਜ਼ੁਰਗਾਂ ਪ੍ਰਤੀ ਨਜ਼ਰੀਆ ਬਦਲੋ

ਗੁਰਤੇਜ ਸਿੰਘ



ਰਿਸ਼ਤਿਆਂ ਦਾ ਨਿੱਘ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੀ ਕਲਾ ਇਨਸਾਨ ਨੇ ਪਰਿਵਾਰ ਵਿੱਚ ਰਹਿ ਕੇ ਸਿੱਖੀ ਹੈ। ਆਦਿ ਮਾਨਵ ਤੋਂ ਮਨੁੱਖ ਬਣਨ ਤਕ ਦਾ ਸਫ਼ਰ ਪਰਿਵਾਰ 'ਤੇ ਆ ਕੇ ਮੁੱਕਿਆ ਹੈ। ਅਸੱਭਿਅਕ ਨੂੰ ਸੱਭਿਅਕ ਬਣਾਉਣਾ ਸਮਾਜ ਦੇ ਨਾਲ ਪਰਿਵਾਰ ਦੇ ਵੱਡੇ ਜੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ। ਪਰਿਵਾਰ ਦੇ ਹਰ ਮੈਂਬਰ ਦਾ ਆਪਣਾ ਵਿਲੱਖਣ ਰੋਲ ਹੁੰਦਾ ਹੈ, ਪਰ ਦੋ ਮੈਂਬਰਾਂ ਦੀ ਪਰਿਵਾਰ ਵਿੱਚ ਅਹਿਮੀਅਤ ਨੂੰ ਕਦੇ ਵੀ ਨਕਾਰਿਆ ਨਹੀਂ ਜਾ ਸਕਦਾ। ਉਹ ਦੋ ਮੈਂਬਰ ਹਨ ਮਾਤਾ ਪਿਤਾ ਜਿਨ੍ਹਾਂ ਤੋਂ ਬਿਨਾਂ ਘਰ ਪਰਿਵਾਰ ਅਧੂਰਾ ਹੁੰਦਾ ਹੈ।

ਅਜੋਕੇ ਅਗਾਂਹਵਧੂ ਯੁੱਗ ਵਿੱਚ ਭੱਜਦੌੜ ਵਾਲੀ ਜ਼ਿੰਦਗੀ ਵਿੱਚ ਲੋਕ ਕਿਤੇ ਨਾਂ ਕਿਤੇ ਆਪਣੀਆਂ ਸਾਕਾਰਾਤਮਕ ਪਰੰਪਰਾਵਾਂ ਤੋਂ ਮੂੰਹ ਫੇਰ ਰਹੇ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਕਿਸੇ ਕੋਲ ਇੰਨਾ ਵਕਤ ਹੀ ਨਹੀਂ ਕਿ ਉਹ ਦੂਜਿਆਂ ਦੀ ਸੁੱਖ ਸਾਂਦ ਪੁੱਛ ਸਕੇ। ਇਸ ਸਮੱਸਿਆ ਨਾਲ ਅੱਜ ਬਜ਼ੁਰਗ ਜੂਝ ਰਹੇ ਹਨ। ਜ਼ਿਆਦਾਤਰ ਘਰਾਂ ਵਿੱਚ ਉਨ੍ਹਾਂ ਨਾਲ ਸਿੱਧੇ ਮੂੰਹ ਨਾਲ ਗੱਲ ਤਕ ਨਹੀਂ ਕੀਤੀ ਜਾਂਦੀ। ਉਨ੍ਹਾਂ ਦੀ ਖ਼ੁਸ਼ੀ ਗ਼ਮੀ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ। ਸਮਾਜ ਦੇ ਮਜ਼ਬੂਤ ਥੰਮ ਇਨ੍ਹਾਂ ਬਜ਼ੁਰਗਾਂ ਨੇ ਸਾਰੀ ਉਮਰ ਆਪਣੀ ਔਲਾਦ ਦੇ ਨਾਂ ਲਗਾਈ ਹੁੰਦੀ ਹੈ ਜਦ ਉਹੀ ਔਲਾਦ ਆਪਣੇ ਪੈਰਾਂ 'ਤੇ ਖੜ੍ਹੀ ਹੁੰਦੀ ਹੈ ਤਾਂ ਬਜ਼ੁਰਗ ਮਾਪਿਆਂ ਨੂੰ ਤ੍ਰਿਸਕਾਰਨ ਲੱਗ ਜਾਂਦੀ ਹੈ। ਜਦੋਂ ਤਕ ਮਾਪੇ ਪੈਸੇ ਦੀ ਮਸ਼ੀਨ ਹੁੰਦੇ ਹਨ ਤਾਂ ਪੁੱਛ ਪੜਤਾਲ ਹੁੰਦੀ ਹੈ, ਬਾਅਦ ਵਿੱਚ ਬਿਗਾਨਿਆਂ ਵਾਲਾ ਵਰਤਾਉ ਹੋਣ ਲੱਗ ਜਾਂਦਾ ਹੈ। ਇਨ੍ਹਾਂ ਬਜ਼ੁਰਗਾਂ ਨਾਲ ਮਧੂ ਮੱਖੀਆਂ ਵਾਲੀ ਕਹਾਣੀ ਵਾਪਰਦੀ ਹੈ ਕਿ ਉਹ ਸਾਰੀ ਉਮਰ ਸ਼ਹਿਦ ਇਕੱਠਾ ਕਰਨ ਵਿੱਚ ਲਗਾਉਂਦੀਆਂ ਹਨ। ਅੰਤ ਵਿੱਚ ਇਨਸਾਨ ਧੂੰਆਂ ਕਰਕੇ ਜਾਂ ਹੋਰ ਤਰੀਕਿਆਂ ਨਾਲ ਮਧੂ ਮੱਖੀਆਂ ਨੂੰ ਛੱਤੇ ਤੋਂ ਦੂਰ ਭਜਾ ਦਿੰਦਾ ਹੈ ਤੇ ਸ਼ਹਿਦ ਆਪਣੇ ਘਰ ਲੈ ਆਉਂਦਾ ਹੈ। ਉਸੇ ਤਰ੍ਹਾਂ ਬਜ਼ੁਰਗਾਂ ਦੇ ਸਰਮਾਏ 'ਤੇ ਕਬਜ਼ਾ ਕਰਕੇ ਔਲਾਦ ਉਨ੍ਹਾਂ ਨੂੰ ਫਿਟਕਾਰਾਂ ਸੁਣਨ ਲਈ ਮਜਬੂਰ ਕਰ ਦਿੰਦੀ ਹੈ। ਅਸੱਭਿਅਕ ਸ਼ਬਦਾਂ ਨਾਲ ਸੰਬੋਧਨ ਤਕ ਕੀਤਾ ਜਾਂਦਾ ਹੈ।

ਆਖਿਰ ਅਜਿਹਾ ਕਿਉਂ ਹੁੰਦਾ ਹੈ ਜਿਨ੍ਹਾਂ ਦੀ ਖ਼ੁਸ਼ੀ ਲਈ ਮਾਪਿਆਂ ਨੇ ਦਿਨ ਰਾਤ ਇੱਕ ਕੀਤਾ ਹੁੰਦਾ ਹੈ, ਉਹੀ ਬੱਚੇ ਸਭ ਕੁਝ ਭੁੱਲ ਕੇ ਪੈਸੇ ਦੇ ਪੀਰ ਬਣ ਜਾਂਦੇ ਹਨ। ਮਾਪਿਆਂ ਨੂੰ ਬਜ਼ੁਰਗ ਹੁੰਦੇ ਘਰੋਂ ਕੱਢਣਾ ਸਾਡੇ ਸਮਾਜ ਦੇ ਚੰਦ ਲੋਕਾਂ ਦੀ ਸ਼ੁਰੂ ਤੋਂ ਹੀ ਪ੍ਰਥਾ ਰਹੀ ਹੈ। ਜਦੋਂ ਮਾਪੇ ਸਹਾਰਾ ਲੈਣ ਯੋਗ ਹੁੰਦੇ ਸਨ ਤਾਂ ਉਨ੍ਹਾਂ ਦੀ ਅਯੋਗ ਔਲਾਦ ਉਨ੍ਹਾਂ ਨੂੰ ਤੀਰਥਾਂ 'ਤੇ ਛੱਡ ਆਉਂਦੀ ਸੀ। ਅਜੋਕੇ ਦੌਰ ਅੰਦਰ ਬਿਰਧ ਆਸ਼ਰਮ ਸਮਾਜ ਦੇ ਮੱਥੇ 'ਤੇ ਬਹੁਤ ਵੱਡੇ ਕਲੰਕ ਹਨ ਜਿੱਥੇ ਪੰਜਾਹ ਫ਼ੀਸਦੀ ਬਜ਼ੁਰਗ ਘਰੋਂ ਠੁਕਰਾਏ ਹੁੰਦੇ ਹਨ। ਅਜੋਕੇ ਇਨਸਾਨ ਦੀ ਮਤਲਬਪ੍ਰਸਤੀ ਇਸ ਹੱਦ ਤਕ ਗਿਰ ਚੁੱਕੀ ਹੈ ਕਿ ਬਿਰਧ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਕੇ ਆਪ ਦੁਨੀਆਂ ਦੀਆਂ ਰੰਗ ਰਲੀਆਂ ਵਿੱਚ ਮਸਤ ਹੋ ਰਿਹਾ ਹੈ। ਜੋ ਆਪਣੇ ਜਨਮ ਦਾਤਾ ਦਾ ਨਹੀਂ ਹੋਇਆ, ਉਹ ਦੇਸ਼ ਸਮਾਜ ਦਾ ਕੀ ਸੰਵਾਰੇਗਾ।

ਸੋਚਣ ਦੀ ਗੱਲ ਹੈ ਕਿ ਜੇਕਰ ਜਨਮ ਸਮੇਂ ਸਾਡੇ ਮਾਪੇ ਸਾਡੇ ਵਾਂਗ ਮਤਲਬੀ ਹੋ ਜਾਂਦੇ ਤਾਂ ਸਾਡਾ ਭਵਿੱਖ ਕੀ ਹੁੰਦਾ। ਸ਼ਾਇਦ ਅਸੀਂ ਵੀ ਅੱਜ ਕਿਸੇ ਅਨਾਥ ਆਸ਼ਰਮ ਵਿੱਚ ਹੋਣਾ ਸੀ, ਪਰ ਉਹ ਖ਼ੁਦਗਰਜ਼ ਨਹੀਂ ਬਣੇ। ਉਨ੍ਹਾਂ ਨੇ ਇਸਨੂੰ ਨੈਤਿਕ ਫਰਜ਼ ਸਮਝ ਕੇ ਨਿਭਾਇਆ, ਫਿਰ ਅਸੀਂ ਅਨੈਤਿਕਤਾ 'ਤੇ ਕਿਉਂ ਉੱਤਰ ਆਏ ਹਾਂ। ਜੇਕਰ ਦੇਖਿਆ ਜਾਵੇ ਸਮਾਜ ਵਿੱਚ ਬਿਰਧ ਆਸ਼ਰਮ ਮੌਜੂਦ ਹਨ ਤਾਂ ਅਨਾਥ ਆਸ਼ਰਮਾਂ ਦੀ ਵੀ ਕੋਈ ਕਮੀ ਨਹੀਂ ਹੈ। ਮੰਨਿਆ ਮਸ਼ੀਨੀ ਯੁੱਗ ਵਿੱਚ ਮਸ਼ੀਨ ਬਣੇ ਬਿਨਾਂ ਪਾਰ ਨਹੀਂ ਪੈਂਦੀ, ਪਰ ਮਾਪਿਆਂ ਲਈ ਚੰਦ ਪਲ ਕੱਢਣੇ ਇੰਨੇ ਵੀ ਜ਼ਿਆਦਾ ਔਖੇ ਨਹੀਂ ਹਨ। ਬੱਚਿਆਂ ਨਾਲ ਪਿਕਨਿਕ 'ਤੇ ਜਾਣ ਲਈ, ਪਾਰਟੀਆਂ ਕਰਨ ਜਾਂ ਹੋਰ ਸਮਾਜਿਕ ਧਾਰਮਿਕ ਕੰਮਾਂ ਲਈ ਤਾਂ ਸਮਾਂ ਬਹੁਤ ਹੈ, ਪਰ ਮਾਪਿਆਂ ਲਈ ਵਕਤ ਦਾ ਕਾਲ ਕਿਉਂ ? ਸਾਨੂੰ ਅੱਜ ਇਹ ਜ਼ਰੂਰ ਦੇਖਣਾ ਹੋਵੇਗਾ ਕਿ ਅਸੀਂ ਆਪਣੇ ਬੱਚਿਆਂ ਨੂੰ ਕੀ ਸਿਖਾ ਰਹੇ ਹਾਂ। ਅੱਜ ਜੇਕਰ ਅਸੀਂ ਆਪਣੇ ਮਾਪਿਆਂ ਦਾ ਕਹਿਣਾ ਨਹੀਂ ਮੰਨਦੇ, ਉਨ੍ਹਾਂ ਦੀ ਸੇਵਾ ਸੰਭਾਲ ਨਹੀਂ ਕਰਦੇ ਤਾਂ ਕੀ ਸਾਡੀ ਆਉਣ ਵਾਲੀ ਪੀੜ੍ਹੀ ਸਾਡੀ ਆਗਿਆਕਾਰ ਹੋਵੇਗੀ ਤੇ ਸਾਡੇ ਅਰਮਾਨਾਂ 'ਤੇ ਖਰਾ ਉੱਤਰੇਗੀ ?



ਔਲਾਦ ਆਪਣੇ ਮਾਪਿਆਂ ਦੀ ਦੇਣ, ਸੰਘਰਸ਼ ਤੇ ਉਨ੍ਹਾਂ ਲਈ ਕੀਤੀਆਂ ਕੁਰਬਾਨੀਆਂ ਨੂੰ ਸਦਾ ਯਾਦ ਰੱਖੇ। ਜਿੰਨਾ ਕੁ ਉਨ੍ਹਾਂ ਨੂੰ ਗਿਆਨ ਸੀ, ਸ਼ਕਤੀ ਤੇ ਸਰਮਾਇਆ ਸੀ ਉਸ ਨਾਲ ਲਾਜ਼ਮੀ ਹੀ ਉਨ੍ਹਾਂ ਨੇ ਚੰਗੇਰਾ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ। ਆਪਣੀ ਜ਼ਿੰਦਗੀ ਵਿੱਚ ਦੋ ਵਿਅਕਤੀਆਂ ਨੂੰ ਕਦੇ ਨਾਂ ਭੁੱਲੋ, ਇੱਕ (ਪਿਤਾ) ਉਹ ਜੋ ਤੁਹਾਨੂੰ ਕਿਸੇ ਮੁਕਾਮ 'ਤੇ ਪਹੁੰਚਾਉਣ ਲਈ ਆਪਣਾ ਸਭ ਕੁਝ ਨਿਸ਼ਾਵਰ ਕਰਨ ਨੂੰ ਤਿਆਰ ਰਹਿੰਦਾ ਹੈ। ਦੂਜਾ ਉਹ (ਮਾਤਾ) ਜੋ ਹਰ ਦੁੱਖ ਦਰਦ ਵਿੱਚ ਤੁਹਾਡਾ ਸਾਥ ਦਿੰਦੀ ਹੈ। ਇਸ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਲੋਕ ਆਪਣੀ ਜ਼ਿੰਮੇਵਾਰੀ ਸਮਝਣ ਤੇ ਮਾਪਿਆਂ ਨੂੰ ਬਣਦਾ ਮਾਣ ਸਨਮਾਨ ਦੇਣ ਦੀ ਕੋਸ਼ਿਸ਼ ਕਰਨ। ਮਾਪੇ ਸਦਾ ਕੋਲ ਨਹੀਂ ਰਹਿੰਦੇ, ਉਨ੍ਹਾਂ ਦਾ ਵਿਛੋੜਾ ਹੀ ਉਨ੍ਹਾਂ ਦੀ ਅਹਿਮੀਅਤ ਦਾ ਅਹਿਸਾਸ ਕਰਾਉਂਦਾ ਹੈ। ਬਜ਼ੁਰਗ ਦੁਆਵਾਂ ਅਤੇ ਤਜਰਬੇ ਦੇ ਭੰਡਾਰ ਹੁੰਦੇ ਹਨ ਇਸਦਾ ਲਾਹਾ ਲਿਆ ਜਾਣਾ ਚਾਹੀਦਾ ਹੈ।

ਬਜ਼ੁਰਗ ਵੀ ਸਾਰਥਿਕ ਸੋਚ ਅਪਣਾਉਣ, ਜੇਕਰ ਉਨ੍ਹਾਂ ਦੀ ਸਲਾਹ ਨਹੀਂ ਪੁੱਛੀ ਜਾਂਦੀ ਤਾਂ ਆਪਣੀ ਟੰਗ ਨਾ ਅੜਾਉਣ। ਚੌਧਰ ਵਾਲੀ ਬਿਰਤੀ ਉਨ੍ਹਾਂ ਨੂੰ ਵੀ ਤਿਆਗਣੀ ਚਾਹੀਦੀ ਹੈ ਤੇ ਹਰ ਹੀਲੇ ਸੰਤੁਸ਼ਟੀ ਵਾਲਾ ਜੀਵਨ ਜਿਉਣ ਦੀ ਜਾਚ ਸਿੱਖਣੀ ਹੋਵੇਗੀ। ਸਭ ਤੋਂ ਵੱਡੀ ਗੱਲ ਦੋਨੋ ਪੀੜ੍ਹੀਆਂ ਆਪਸ ਵਿੱਚ ਮਤਭੇਦ ਖ਼ਤਮ ਕਰਨ ਅਤੇ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕਰਨ।

ਸੰਪਰਕ: 94641-72783

# ਤਿਉਹਾਰਾਂ ਤੋਂ ਪਹਿਲਾਂ ਖ਼ਰੀਦਦਾਰੀ



ਰੌਸ਼ਨੀਆਂ ਦੇ ਤਿਉਹਾਰਾਂ ਦੌਰਾਨ ਸਟੋਰਾਂ ਅਤੇ ਈ ਕਾਮਰਸ ਪੋਰਟਲਜ਼ 'ਤੇ ਛੋਟ ਦੇ ਨਾਲ ਇਸ ਮੌਕੇ ਦਾ ਪ੍ਰਭਾਵਸ਼ਾਲੀ ਢੰਗ ਨਾਲ ਕਿਸ ਤਰ੍ਹਾਂ ਉਪਯੋਗ ਕਰਨਾ ਚਾਹੀਦਾ ਹੈ, ਸਵਾਲ ਹੈ। ਤਿਉਹਾਰਾਂ ਦੌਰਾਨ ਆਪਣੇ ਲਈ, ਪਰਿਵਾਰ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਲਈ ਖਰੀਦਦਾਰੀ ਕਰਨ ਲਈ ਹਰ ਕਿਸੇ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਦੀਵਾਲੀ 'ਤੇ ਖ਼ਰੀਦਦਾਰੀ ਲਈ ਨੁਕਤੇ

1. ਆਪਣੀਆਂ ਲੋੜਾਂ ਨੂੰ ਸਮਝਣਾ : ਤੁਹਾਡੇ ਵਲੋਂ ਖ਼ਰੀਦਦਾਰੀ ਦੀ ਯੋਜਨਾ ਦੀ ਸ਼ੁਰੂਆਤ ਸਮੇਂ ਯਕੀਨੀ ਬਣਾਉਣ ਲਈ ਮੁੱਖ ਟੀਚਾ ਹੈ ਤੁਹਾਡੀਆਂ ਜ਼ਰੂਰਤਾਂ ਨੂੰ ਪਰਿਭਾਸ਼ਤ ਕਰਨਾ। ਆਪਣੀਆਂ ਜ਼ਰੂਰਤਾਂ ਤੋਂ ਬਾਅਦ ਆਪਣੀਆਂ ਤਰਜੀਹਾਂ ਨੂੰ ਯਕੀਨੀ ਬਣਾਓ ਜਾਂ ਨਿਰਧਾਰਤ ਕਰੋ। ਆਪਣੀਆਂ ਨਿੱਜੀ ਲੋੜਾਂ ਨੂੰ ਨਿਰਧਾਰਤ ਕਰਨ ਪਿੱਛੋਂ, ਹੁਣ ਸਮਾਂ ਹੈ ਤੁਹਾਡੇ ਨਜ਼ਦੀਕੀ ਤੇ ਪਿਆਰਿਆਂ ਦੀਆਂ ਲੋੜਾਂ ਅਤੇ ਇੱਛਾਵਾਂ ਸਬੰਧੀ ਜਾਨਣ ਦਾ।
2. ਬਜਟ ਸਬੰਧੀ ਯੋਜਨਾਬੰਦੀ : ਫਿਰ ਜ਼ਰੂਰੀ ਹਿੱਸਾ ਆਉਂਦਾ ਹੈ, ਜੋ ਤੁਹਾਡੀ ਖ਼ਰੀਦਦਾਰੀ ਨੂੰ ਪਰਿਭਾਸ਼ਤ ਕਰਦਾ ਹੈ। ਆਪਣੀਆਂ ਜ਼ਰੂਰਤਾਂ ਦੀ ਸੂਚੀ ਅਨੁਸਾਰ ਹਰ ਇਕ ਚੀਜ਼ ਲਈ ਆਪਣਾ ਬਜਟ ਨਿਰਧਾਰਤ ਕਰੋ। ਆਪਣੇ ਬਜਟ ਮੁਤਾਬਿਕ ਖਰਚ ਕਰਨ ਦੀ ਹੱਦ ਨੂੰ ਸਮਝੋ।
3. ਬਾਜ਼ਾਰ ਜਾਣਾ : ਸੂਚੀ ਤਿਆਰ ਕਰ ਲਈ ਗਈ ਹੈ ਅਤੇ ਬਜਟ ਨਿਰਧਾਰਤ ਕੀਤਾ ਗਿਆ ਹੈ। ਹੁਣ ਮਾਰਕੀਟ ਜਾਂ ਬਾਜ਼ਾਰ ਜਾਣ 'ਤੇ ਵਿਚਾਰ ਕਰਨਾ ਹੈ। ਹਮੇਸ਼ਾ ਖ਼ਰੀਦਦਾਰੀ ਸ਼ੁਰੂ ਕਰਨ ਤੋਂ ਪਹਿਲਾਂ ਇਹ ਯਕੀਨੀ ਯੋਜਨਾ ਬਣਾਈ ਜਾਵੇ ਕਿ ਕਿਸ ਬਾਜ਼ਾਰ ਜਾਣਾ ਹੈ ਅਤੇ ਕੀ ਆਨਲਾਈਨ ਲਿਆਂਦਾ ਜਾ ਸਕਦਾ ਹੈ।
4. ਸੌਦੇ ਅਤੇ ਛੋਟ ਸਬੰਧੀ ਦੇਖੋ : ਦੀਵਾਲੀ ਖ਼ਰੀਦਦਾਰੀ ਸਬੰਧੀ ਤਜਰਬੇ ਦਾ ਸਭ ਤੋਂ ਵਧੀਆ ਹਿੱਸਾ ਸੌਦਾ ਅਤੇ ਛੋਟ ਹੈ। ਹਮੇਸ਼ਾ ਸਭ ਤੋਂ ਵਧੀਆ ਸੌਦੇ ਨੂੰ ਪ੍ਰਾਪਤ ਕਰਨ ਲਈ ਯਕੀਨੀ ਬਣਾਓ ਤੇ ਆਪਣੀ ਪਸੰਦ ਦਾ ਖ਼ਿਆਲ ਰੱਖਣ ਤੋਂ ਪਹਿਲਾਂ ਉਪਲਬਧ ਵਧੀਆ ਸੌਦੇ ਆਨਲਾਈਨ 'ਤੇ ਲੱਭਣ ਲਈ ਵਕਤ ਲਗਾਓ।
5. ਹਮੇਸ਼ਾ ਤੁਲਨਾ ਕਰੋ : ਤੁਸੀਂ ਮਾਰਕੀਟ ਸਬੰਧੀ ਆਪਣਾ ਟੀਚਾ ਸਥਾਪਤ ਕਰ ਲਿਆ ਹੈ ਅਤੇ ਮਿਲਣ ਵਾਲੀ ਛੋਟ ਬਾਰੇ ਪਤਾ ਕਰ ਲਿਆ ਹੈ, ਹੁਣ ਇਸ ਸਭ ਦੀ ਤੁਲਨਾ ਕਰਨ ਦਾ ਸਮਾਂ ਹੈ। ਖ਼ਰੀਦਦਾਰੀ ਕਰਨ ਦਾ ਪ੍ਰਭਾਵਸ਼ਾਲੀ ਤਰੀਕਾ ਹਮੇਸ਼ਾ ਕਿਸੇ ਵੀ ਸਿੱਟੇ 'ਤੇ ਪੁੱਜਣ ਤੋਂ ਪਹਿਲਾਂ ਤੁਲਨਾ ਕਰਨਾ ਹੁੰਦਾ ਹੈ।
6. ਅਸਰਦਾਰ ਢੰਗ ਨਾਲ ਖ਼ਰੀਦਦਾਰੀ : ਹਮੇਸ਼ਾ ਹੈਰਾਨੀਜਨਕ ਕੰਮ ਨਾ ਕਰੋ। ਆਪਣੇ ਬਜਟ ਮੁਤਾਬਿਕ ਚੱਲੋ ਅਤੇ ਵੱਧ ਖਰਚ ਨਾ ਕਰੋ। ਤਿਉਹਾਰ ਵੱਡੇ ਬਿੱਲਾਂ ਦੇ ਨਾਲ ਖ਼ਤਮ ਕੀਤੇ ਬਿਨਾਂ ਖੁਸ਼ੀ ਫੈਲਾਉਣ ਬਾਰੇ ਹੁੰਦਾ ਹੈ।
7. ਪ੍ਰਦਰਸ਼ਨੀਆਂ 'ਤੇ ਜਾਓ : ਦੀਵਾਲੀ 'ਤੇ ਵਸਤੂਆਂ ਦੇ ਚੰਗੇ ਸੌਦੇ ਲਈ ਆਪਣੇ ਸ਼ਹਿਰ ਵਿਚ ਪ੍ਰਦਰਸ਼ਨੀਆਂ ਤੇ ਮੇਲਿਆਂ 'ਤੇ ਜਾਓ।
8. ਪਟਾਕਿਆਂ 'ਤੇ ਸਮਝਦਾਰੀ ਨਾਲ ਖ਼ਰਚੋ : ਦੀਵਾਲੀ ਕਿਉਂਕਿ ਇਕ ਰੌਸ਼ਨੀਆਂ ਦਾ ਤਿਉਹਾਰ ਹੈ, ਪਟਾਕੇ ਚਲਾਉਣਾ ਲੋਕਾਂ ਦੀ ਸੋਚ ਹੈ, ਇਸ ਲਈ ਇਹ ਯਕੀਨੀ ਬਣਾਓ ਕਿ ਪਟਾਕੇ ਖ਼ਰੀਦਣ 'ਤੇ ਵਧੇਰੇ ਖ਼ਰਚ ਨਹੀਂ ਕਰਨਾ ਚਾਹੀਦਾ।
9. ਖੁਸ਼ੀ ਦੀ ਆਪਣੀ ਟੋਕਰੀ ਨੂੰ ਸਾਂਝਾ ਕਰੋ : ਆਖ਼ਰੀ ਪਰ ਘੱਟੋ-ਘੱਟ ਨਹੀਂ, ਆਪਣੀ ਖੁਸ਼ੀ ਨੂੰ ਸਾਂਝੀ ਕਰੋ। ਇਸ ਤਿਉਹਾਰ ਦੇ ਮੌਸਮ ਦੌਰਾਨ ਗਰੀਬ ਲੋਕਾਂ ਦੇ ਨਾਲ ਕੁਝ ਮੁਸਕਾਨ ਸਾਂਝੀ ਕਰਨ ਲਈ ਬਜਟ ਦਾ ਕੁਝ ਹਿੱਸਾ ਰੱਖਣਾ ਨਾ ਭੁੱਲੋ।

ਆਪਣੀ ਉੱਚੀ ਆਤਮਾ, ਊਰਜਾ ਨੂੰ ਕਾਇਮ ਰੱਖੋ ਅਤੇ ਉਪਰੋਕਤ ਨੁਕਤੇ ਯਾਦ ਰੱਖੋ ਕਿ ਆਉਣ ਵਾਲੀ ਇਸ ਦੀਵਾਲੀ ਲਈ ਖ਼ਰੀਦਦਾਰੀ ਇਕ ਅਨੰਦਦਾਇਕ ਤਜਰਬਾ ਹੈ।

ਸ਼ੁੱਭ ਦੀਵਾਲੀ ਅਤੇ ਸ਼ੁੱਭ ਖ਼ਰੀਦਦਾਰੀ!

# 'ਫਿਰ ਲਾਏਂਗੇ ਕੇਜਰੀਵਾਲ' ਆਪ ਨੇ ਦਿੱਲੀ ਚੋਣਾਂ ਲਈ ਪਾਰਟੀ ਦਾ ਪ੍ਰਚਾਰ ਗੀਤ ਕੀਤਾ ਜਾਰੀ




ਗੀਤ ਲਾਂਚ ਕਰਨ ਸਮੇਂ ਇਕੱਤਰਤਾ ਨੂੰ ਸੰਬੋਧਨ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ

**ਨਵੀਂ ਦਿੱਲੀ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਮੁਖੀ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਲਈ ਪਾਰਟੀ ਦਾ ਪ੍ਰਚਾਰ ਗੀਤ ਜਾਰੀ ਕੀਤਾ। ਗ਼ੌਰਤਲਬ ਹੈ ਕਿ ਅੱਜ ਹੀ ਚੋਣ ਕਮਿਸ਼ਨ ਵੱਲੋਂ ਦਿੱਲੀ ਚੋਣਾਂ ਦੀਆਂ ਤਾਰੀਖ਼ਾਂ ਦਾ ਐਲਾਨ ਕੀਤੇ ਜਾਣ ਦੀ ਉਮੀਦ ਹੈ।

'ਫਿਰ ਲਾਏਂਗੇ ਕੇਜਰੀਵਾਲ' ਸਿਰਲੇਖ ਵਾਲਾ ਇਹ 3:29 ਮਿੰਟ ਦਾ ਗੀਤ 'ਆਪ' ਦੀ ਦਿੱਲੀ ਸਰਕਾਰ ਦੇ ਕਾਰਜਕਾਲ ਦੌਰਾਨ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦਾ ਹੈ। ਇਹ ਵੋਟਰਾਂ ਦੇ ਦਿਲ ਨੂੰ ਛੂਹਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਵਿੱਚ ਸਰਕਾਰ ਤੇ ਪ੍ਰਸ਼ਾਸਨ ਦੀ ਲਗਾਤਾਰਤਾ ਦੀ ਅਹਿਮਅਤ ਨੂੰ ਉਭਾਰਿਆ ਗਿਆ ਹੈ। ਗੀਤ ਜਾਰੀ ਕਰਨ ਤੋਂ ਬਾਅਦ ਕੇਜਰੀਵਾਲ ਨੇ ਕਿਹਾ, ਅਸੀਂ ਆਪਣੀਆਂ ਚੋਣਾਂ ਨੂੰ ਤਿਉਹਾਰਾਂ ਵਾਂਗ ਲੈਂਦੇ ਹਾਂ ਅਤੇ ਲੋਕ ਸਾਡੇ ਗੀਤ ਦਾ ਇੰਤਜ਼ਾਰ ਕਰਦੇ ਹਨ; ਹੁਣ ਇਹ ਜਾਰੀ ਹੋ ਗਿਆ ਹੈ ਅਤੇ ਲੋਕ ਇਸ 'ਤੇ ਨੱਚ ਸਕਦੇ ਹਨ।

ਭਾਜਪਾ 'ਤੇ ਤਨਜ਼ ਕਰਦਿਆਂ ਉਨ੍ਹਾਂ ਕਿਹਾ, ਮੈਂ ਜਾਣਦਾ ਹਾਂ ਕਿ ਭਾਜਪਾ ਦੇ ਆਗੂਆਂ ਨੂੰ ਵੀ ਸਾਡਾ ਇਹ ਗੀਤ ਪਸੰਦ ਆਵੇਗਾ।; ਉਹ ਵੀ ਆਪਣੇ ਕਮਰਿਆਂ ਦੇ ਅੰਦਰ ਸਾਡੇ ਗੀਤ 'ਤੇ ਨੱਚ ਸਕਦੇ ਹਨ। ਇਸ ਮੌਕੇ ਦਿੱਲੀ ਦੀ ਮੁੱਖ ਮੰਤਰੀ ਅਤਿਸ਼ੀ ਅਤੇ ਹੋਰ ਸੀਨੀਅਰ 'ਆਪ' ਆਗੂ ਮਨੀਸ਼ ਸਿਸੋਦੀਆ, ਸੌਰਭ ਭਾਰਦਵਾਜ, ਗੋਪਾਲ ਰਾਏ ਅਤੇ ਸੰਜੇ ਸਿੰਘ ਆਦਿ ਵੀ ਇਸ ਮੌਕੇ ਹਾਜ਼ਰ ਸਨ।

ਇਹ ਪ੍ਰਚਾਰ ਗੀਤ ਜਾਰੀ ਕਰ ਕੇ 'ਆਪ' ਨੇ ਇਕ ਹੋਰ ਮਾਮਲੇ ਵਿਚ ਆਪਣੀਆਂ ਮੁੱਖ ਵਿਰੋਧੀ ਪਾਰਟੀਆਂ ਨੂੰ ਪਛਾੜ ਦਿੱਤਾ ਹੈ। ਪਾਰਟੀ ਪਹਿਲਾਂ ਹੀ ਦਿੱਲੀ ਵਿਧਾਨ ਸਭਾ ਦੇ ਸਾਰੇ 70 ਹਲਕਿਆਂ ਲਈ ਆਪਣੇ ਉਮੀਦਵਾਰਾਂ ਦੇ ਨਾਂ ਐਲਾਨ ਚੁੱਕੀ ਹੈ ਕਿਉਂਕਿ ਪਾਰਟੀ ਲਗਾਤਾਰ ਤੀਜੀ ਵਾਰ ਦਿੱਲੀ ਦੀ ਸੱਤਾ ਸੰਭਾਲਣ ਦੀਆਂ ਕੋਸ਼ਿਸ਼ਾਂ ਵਿਚ ਜ਼ੋਰ-ਸ਼ੋਰ ਨਾਲ ਜੁਟੀ ਹੋਈ ਹੈ।

# ਜਬਰ ਜਨਾਹ ਕੇਸ 'ਚ ਸੰਤ ਆਸਾ ਰਾਮ ਬਾਪੂ ਨੂੰ 31 ਮਾਰਚ ਤੱਕ ਮਿਲੀ ਮ ਜ਼ਮਾਨਤ



**ਨਵੀਂ ਦਿੱਲੀ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਮੰਗਲਵਾਰ ਨੂੰ 2013 ਦੇ ਜਬਰ ਜਨਾਹ ਦੇ ਇੱਕ ਕੇਸ ਵਿੱਚ ਜੇਲ੍ਹ ਵਿੱਚ ਬੰਦ ਸੰਤ ਆਸਾਰਾਮ ਬਾਪੂ ਨੂੰ ਮੈਡੀਕਲ ਆਧਾਰ 'ਤੇ 31 ਮਾਰਚ ਤੱਕ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਜਸਟਿਸ ਐੱਮਐੱਮ ਸੁੰਦਰੇਸ਼ ਅਤੇ ਰਾਜੇਸ਼ ਬਿੰਦਲ ਦੀ ਬੈਂਚ ਨੇ ਸੰਤ ਆਸਾਰਾਮ ਬਾਪੂ ਨੂੰ ਰਿਹਾਈ ਤੋਂ ਬਾਅਦ ਆਪਣੇ ਪੈਰੋਕਾਰਾਂ ਨੂੰ ਨਾ ਮਿਲਣ ਦਾ ਨਿਰਦੇਸ਼ ਦਿੱਤਾ। ਸਿਖਰਲੀ ਅਦਾਲਤ ਨੇ ਕਿਹਾ ਕਿ 86 ਸਾਲਾ ਆਸਾਰਾਮ ਦਿਲ ਦੀ ਬਿਮਾਰੀ ਤੋਂ ਇਲਾਵਾ ਉਮਰ ਸੰਬੰਧੀ ਕਈ ਸਿਹਤ ਸਥਿਤੀਆਂ ਤੋਂ ਪੀੜਤ ਸਨ।

ਅਦਾਲਤ ਨੇ 2023 ਵਿੱਚ ਗਾਂਧੀਨਗਰ ਦੀ ਇੱਕ ਅਦਾਲਤ ਵੱਲੋਂ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਨੂੰ ਮੁਅੱਤਲ ਕਰਨ ਲਈ ਆਸਾਰਾਮ ਦੀ ਪਟੀਸ਼ਨ 'ਤੇ ਗੁਜਰਾਤ ਸਰਕਾਰ ਦਾ ਜਵਾਬ ਮੰਗਿਆ ਸੀ। 29 ਅਗਸਤ 2024 ਨੂੰ ਗੁਜਰਾਤ ਹਾਈ ਕੋਰਟ ਨੇ ਮੁਅੱਤਲੀ ਦੀ ਮੰਗ ਕਰਨ ਵਾਲੀ ਆਸਾਰਾਮ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਅਤੇ ਉਸ ਨੂੰ ਰਾਹਤ ਦੇਣ ਦਾ ਕੋਈ ਮਾਮਲਾ ਨਹੀਂ ਮਿਲਿਆ।

ਇੱਕ ਔਰਤ, ਜੋ ਗਾਂਧੀਨਗਰ ਨੇੜੇ ਸੰਤ ਆਸਾਰਾਮ ਬਾਪਦੇ ਆਸ਼ਰਮ ਵਿੱਚ ਰਹਿੰਦੀ ਸੀ, ਵੱਲੋਂ 2013 ਵਿਚ ਦਾਇਰ ਕੀਤੇ ਕੇਸ ਵਿਚ ਹੇਠਲੀ ਅਦਾਲਤ ਨੇ ਜਨਵਰੀ 2023 ਵਿੱਚ ਆਸਾਰਾਮ ਨੂੰ ਦੋਸ਼ੀ ਠਹਿਰਾਇਆ ਸੀ। ਆਸਾਰਾਮ ਇਸ ਸਮੇਂ ਬਲਾਤਕਾਰ ਦੇ ਇੱਕ ਹੋਰ ਮਾਮਲੇ ਵਿੱਚ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿੱਚ ਬੰਦ ਹੈ।

# ਦਿੱਲੀ ਵਿਧਾਨ ਸਭਾ ਦੀਆਂ 70 ਸੀਟਾਂ ਲਈ ਚੋਣਾਂ ਦੀ ਤਾਰੀਖ ਦਾ ਐਲਾਨ

## ਸਿਆਸੀ ਪਾਰਟੀਆਂ ਚੋਣਾਂ ਦੌਰਾਨ ਮਰਿਆਦਾ ਬਣਾਈ ਰੱਖਣ: ਮੁੱਖ ਚੋਣ ਕਮਿਸ਼ਨਰ

**ਨਵੀਂ ਦਿੱਲੀ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਚੋਣ ਅਧਿਕਾਰੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਤਾਰੀਖ਼ਾਂ ਦਾ ਐਲਾਨ ਕੀਤਾ ਹੈ। ਦਿੱਲੀ ਅਸੈਂਬਲੀ ਦੀਆਂ 70 ਸੀਟਾਂ ਲਈ ਵੋਟਾਂ 5 ਫਰਵਰੀ 2024 ਨੂੰ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਲਈ 8 ਫਰਵਰੀ 2024 ਤੈਅ ਕੀਤੀ ਗਈ ਹੈ। ਚੋਣਾਂ ਦੇ ਐਲਾਨ ਤੋਂ ਬਾਅਦ ਸਿਆਸੀ ਪਾਰਟੀਆਂ ਦੇ ਚੋਣਾਂ ਵਿਚ ਰੁਚੀ ਰੱਖਣ ਵਾਲਿਆਂ ਕੋਲ ਇਕ ਮਹੀਨੇ ਦਾ ਸਮਾਂ ਹੈ।

ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਮੰਗਲਵਾਰ ਨੂੰ ਸਿਆਸੀ ਪਾਰਟੀਆਂ ਨੂੰ ਚੋਣਾਂ ਦੌਰਾਨ ਮਰਿਆਦਾ ਬਰਕਰਾਰ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਚੋਣ ਕਮਿਸ਼ਨ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਜਾਂਚ ਕਰੇਗਾ। ਕੁਮਾਰ ਦਿੱਲੀ ਵਿੱਚ ਵਿਧਾਨ ਸਭਾ ਚੋਣਾਂ ਦੇ



ਪ੍ਰੋਗਰਾਮ ਦਾ ਐਲਾਨ ਕਰਨ ਲਈ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।

ਕੁਮਾਰ ਨੇ ਕਿਹਾ, ਅਸੀਂ ਪੈਸੇ-ਮੁਕਤ ਚੋਣਾਂ ਨੂੰ ਯਕੀਨੀ ਬਣਾਉਣ ਲਈ ਸਾਰਿਆਂ ਦੀ ਜਾਂਚ ਕਰਾਂਗੇ। ਹਾਲ ਹੀ ਦੀਆਂ ਚੋਣਾਂ ਦੌਰਾਨ ਰੌਲਾ ਪਾਇਆ ਗਿਆ ਕਿ ਕੁਝ ਹੈਲੀਕਾਪਟਰਾਂ ਦੀ ਜਾਂਚ ਕੀਤੀ ਗਈ। ਲੋਕ ਪੋਲਿੰਗ ਅਫਸਰਾਂ ਨੂੰ ਧਮਕੀਆਂ ਤੱਕ ਵੀ ਦਿੰਦੇ ਹਨ।

ਉਨ੍ਹਾਂ ਕਿਹਾ, "ਸਟਾਰ ਪ੍ਰਚਾਰਕਾਂ ਅਤੇ ਸਿਆਸੀ ਪ੍ਰਚਾਰ ਕਰਨ ਵਾਲਿਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਸ਼ਿਸ਼ਟਾਚਾਰ ਦੀ ਪਾਲਣਾ ਕੀਤੀ ਜਾਵੇ, ਅਸੀਂ ਬਹੁਤ ਸਖ਼ਤ ਹੋਵਾਂਗੇ। ਸਟਾਰ ਪ੍ਰਚਾਰਕਾਂ ਨੂੰ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਆਮ ਵੋਟਰਾਂ ਨੂੰ ਨਿਰਾਸ਼ ਕੀਤਾ ਜਾਵੇ।"

ਜ਼ਿਕਰਯੋਗ ਹੈ ਕਿ ਦੋ ਵਿਧਾਨ ਸਭਾ ਹਲਕਿਆਂ - ਉੱਤਰ ਪ੍ਰਦੇਸ਼ ਦੇ ਮਿਲਕੀਪੁਰ ਅਤੇ ਤਾਮਿਲਨਾਡੂ ਦੇ ਇਰੋਡ ਲਈ ਵੀ ਜ਼ਿਮਨੀ ਚੋਣਾਂ ਉਸੇ ਮਿਤੀ ਨੂੰ ਹੋਣਗੀਆਂ।

# 'ਬਲੈਕ ਸਪੌਟਸ' ਕਰਕੇ ਅਜਾਂਈ ਨਹੀਂ ਜਾਣੀ ਚਾਹੀਦੀ ਕਿਸੇ ਰਾਹਗੀਰ ਦੀ ਜਾਨ : ਡਾ. ਪ੍ਰੀਤੀ ਯਾਦਵ

## ਡਿਪਟੀ ਕਮਿਸ਼ਨਰ ਵੱਲੋਂ ਰੋਡ ਸੇਫਟੀ ਕਮੇਟੀ ਦੀ ਬੈਠਕ ਮੌਕੇ ਬਲੈਕ ਸਪੌਟਸ ਪਛਾਣ ਕੇ ਤੁਰੰਤ ਠੀਕ ਕਰਨ ਦੀ ਹਦਾਇਤ



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਸੜ੍ਹਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ। ਉਨ੍ਹਾਂ ਦੇ ਨਾਲ ਏ.ਡੀ.ਸੀ ਇਸ਼ਾ ਸਿੰਗਲ ਤੇ ਹੋਰ ਅਧਿਕਾਰੀ ਵੀ ਨਜ਼ਰ ਆ ਰਹੇ ਹਨ।

**ਪਟਿਆਲਾ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਇੱਥੇ ਜ਼ਿਲ੍ਹਾ ਸੜ੍ਹਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਹਦਾਇਤ ਕੀਤੀ ਹੈ ਕਿ ਸੜਕਾਂ 'ਤੇ ਹਾਦਸਿਆਂ ਵਾਲੇ ਬਣੇ 'ਬਲੈਕ ਸਪੌਟਸ' ਕਰਕੇ ਕਿਸੇ ਰਾਹਗੀਰ ਦੀ ਕੀਮਤੀ ਜਾਨ ਅਜਾਂਈ ਨਹੀਂ ਜਾਣੀ ਚਾਹੀਦੀ। ਉਨ੍ਹਾਂ ਨੇ ਟਰਾਂਸਪੋਰਟ ਵਿਭਾਗ ਸਮੇਤ ਸੜਕਾਂ ਦਾ ਰੱਖ-ਰਖਾਓ ਕਰਦੇ ਵੱਖ-ਵੱਖ ਵਿਭਾਗਾਂ, ਅਤੇ ਟ੍ਰੈਫਿਕ ਪੁਲਿਸ ਨੂੰ ਹਦਾਇਤ ਕੀਤੀ ਕਿ ਸੜਕਾਂ 'ਤੇ ਹਾਦਸੇ ਹੋਣ ਵਾਲੀਆਂ ਥਾਵਾਂ, ਜਿਨ੍ਹਾਂ ਨੂੰ ਬਲੈਕ ਸਪੌਟ ਕਿਹਾ ਜਾਂਦਾ ਹੈ, ਇਹ ਬਦਲਦੇ ਰਹਿੰਦੇ ਹਨ, ਇਸ ਲਈ ਅਜਿਹੇ ਥਾਵਾਂ ਦੀ ਲਗਾਤਾਰ ਪਛਾਣ ਕਰਕੇ ਇਨ੍ਹਾਂ ਨੂੰ ਠੀਕ ਕਰਨ ਦੀ ਕਾਰਵਾਈ 'ਚ ਕੋਈ ਕੁਤਾਹੀ ਨਾ ਵਰਤੀ ਜਾਵੇ। ਡਿਪਟੀ ਕਮਿਸ਼ਨਰ ਨੇ ਸਮੂਹ ਐਸ.ਡੀ.ਐਮਜ ਨੂੰ ਕਿਹਾ ਕਿ ਉਹ ਆਪਣੀਆਂ ਸਬ-ਡਵੀਜਨਾਂ 'ਚ ਸ਼ਹਿਰਾਂ ਦੀਆਂ ਅੰਦਰੂਨੀ ਸੜਕਾਂ ਸਮੇਤ ਪਿੰਡਾਂ ਦੀਆਂ ਸੜਕਾਂ ਦਾ ਮੁਆਇਨਾ ਕਰਨ ਅਤੇ ਹਾਦਸਿਆਂ ਵਾਲੀਆਂ ਥਾਵਾਂ ਦੀ ਪਛਾਣ ਕਰਕੇ ਇਨ੍ਹਾਂ ਦੀ ਮੁਰੰਮਤ ਲਈ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਤਵ ਹੈ ਕਿ ਰਾਹਗੀਰਾਂ ਨੂੰ ਸੁਰੱਖਿਅਤ ਤੇ ਹਾਦਸੇ ਰਹਿਤ ਸੜਕਾਂ ਮਿਲਣ, ਕਿਉਂਕਿ ਹਾਦਸਿਆਂ ਕਰਕੇ ਮਨੁੱਖੀ ਜਾਨਾਂ ਗਵਾਉਣ ਵਾਲਿਆਂ ਦੇ ਪਰਿਵਾਰਾਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਭਾਗ ਦੀ ਅਣਗਹਿਲੀ ਕਰਕੇ ਕੋਈ ਹਾਦਸਾ ਵਾਪਰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਸਬੰਧਤ ਵਿਭਾਗ ਜਾਂ ਏਜੰਸੀ ਦੀ ਹੋਵੇਗੀ। ਡਾ. ਪ੍ਰੀਤੀ ਯਾਦਵ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਧੁੰਦ ਕਰਕੇ ਕਈ ਹਾਦਸੇ ਵਾਪਰਦੇ ਹਨ, ਇਸ ਲਈ ਸੜਕਾਂ ਕਿਨਾਰੇ ਰੇਹੜੀਆਂ ਜਾਂ ਕੋਈ ਹੋਰ ਰੁਕਾਵਟ ਨਾ ਖੜ੍ਹੀ ਹੋਵੇ ਅਤੇ ਸੜਕਾਂ ਦੇ ਕਿਨਾਰੇ ਕੀਤੇ ਨਾਜਾਇਜ਼ ਕਬਜ਼ੇ ਛੁਡਵਾਕੇ ਸੜਕਾਂ ਨੂੰ ਆਵਾਜਾਈ ਲਈ ਸੁਰੱਖਿਅਤ ਕੀਤਾ ਜਾਵੇ। ਇਸ ਤੋਂ ਬਿਨ੍ਹਾਂ ਉਨ੍ਹਾਂ ਨੇ ਸੜਕਾਂ 'ਚ ਟੋਏ ਠੀਕ ਕਰਨ, ਸੜਕਾਂ ਟੁੱਟਣ ਨਾ ਇਸ ਲਈ ਲਗਾਤਾਰ ਮੁਆਇਨਾਂ ਕਰਨ ਸਮੇਤ ਚਿੱਟੀ ਪੱਟੀ, ਕੈਟ ਆਈ ਰਿਫਲੈਕਟਰ, ਝੰਡੇ ਲਗਾਉਣ ਸਮੇਤ ਸਾਇਕਲ, ਰੇਹੜੀਆਂ ਤੇ ਟਰਾਲੀਆਂ ਦੇ ਪਿਛਲੇ ਪਾਸੇ ਰਿਫਲੈਕਟਰ ਲਗਾਉਣ, ਸੜਕਾਂ ਕਿਨਾਰੇ ਲੱਗੇ ਸਾਈਨ ਬੋਰਡ ਠੀਕ ਕਰਨ ਅਤੇ ਸੜਕਾਂ ਦੇ ਕਿਨਾਰੇ ਖੜ੍ਹੇ ਦਰਖ਼ਤਾਂ ਦੀਆਂ ਟਾਹਣੀਆਂ ਛਾਂਗਣ ਦੀ ਵੀ ਹਦਾਇਤ ਕੀਤੀ।

ਡਾ. ਪ੍ਰੀਤੀ ਯਾਦਵ ਨੇ ਸੇਫ ਸਕੂਲ ਵਾਹਨ ਪਾਲਿਸੀ ਲਾਗੂ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਕੂਲ ਖੁੱਲ੍ਹਣ 'ਤੇ ਸਕੂਲੀ ਬੱਸਾਂ ਦੀ ਸੁਰੱਖਿਅਤ ਆਵਾਜਾਈ ਤੇ ਨਿਯਮ ਲਾਗੂ ਕਰਨੇ ਵੀ ਯਕੀਨੀ ਬਣਾਏ ਜਾਣ। ਉਨ੍ਹਾਂ ਨੇ ਏ.ਡੀ.ਸੀ. ਤੇ ਆਰ.ਟੀ.ਓ. ਨੂੰ 'ਹਿਟ ਐਂਡ ਰਨ ਮੋਟਰ ਐਕਸੀਡੈਂਟ ਸਕੀਮ-2022 'ਚ ਮੁਆਵਜਾ ਦੇ ਕੇਸ ਨਿਪਟਾਉਣ ਲਈ ਵੀ ਕਿਹਾ।

# ਪੰਜਾਬ ਦੀ ਅੰਤਿਮ ਵੋਟਰ ਸੂਚੀ 2025 ਦੀ ਪ੍ਰਕਾਸ਼ਨਾ ਹੋਈ: ਮੁੱਖ ਚੋਣ ਅਧਿਕਾਰੀ ਸਿਬਿਨ ਸੀ

## ਪੰਜਾਬ ਵਿੱਚ ਕੁੱਲ ਵੋਟਰਾਂ ਦੀ ਗਿਣਤੀ 2.13 ਕਰੋੜ ਤੋਂ ਵੱਧ



**ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ ਸੂਬੇ ਦੀਆਂ ਸਮੂਹ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅੰਤਿਮ ਪ੍ਰਕਾਸ਼ਨਾਂ ਦੀਆਂ ਬਿਨਾਂ ਫੋਟੋ ਵੋਟਰ ਸੂਚੀ ਦੀਆਂ ਸੀਡੀਜ਼ ਸੌਂਪੀਆਂ ਹਨ।

ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵਿਖੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਸਿਬਿਨ ਸੀ. ਨੇ ਦੱਸਿਆ ਕਿ 8 ਜਨਵਰੀ, 2025 ਨੂੰ ਅੰਤਿਮ ਵੋਟਰ ਸੂਚੀਆਂ ਦੀ ਪ੍ਰਕਾਸ਼ਨਾ ਤੱਕ ਪੰਜਾਬ ਵਿਚ ਕੁੱਲ ਵੋਟਰਾਂ ਦੀ ਗਿਣਤੀ 2 ਕਰੋੜ 13 ਲੱਖ 80 ਹਜ਼ਾਰ 565 ਹੈ। ਜਿਨ੍ਹਾਂ ਵਿੱਚੋਂ ਮਰਦ ਵੋਟਰ 1 ਕਰੋੜ 12 ਲੱਖ 31 ਹਜ਼ਾਰ 744, ਔਰਤਾਂ 1 ਕਰੋੜ 01 ਲੱਖ 48 ਹਜ਼ਾਰ 76, ਤੀਜਾ ਲਿੰਗ 745, ਐਨ.ਆਰ.ਆਈ 1611, ਦਿਵਿਆਂਗ ਵੋਟਰ 1 ਲੱਖ 56 ਹਜ਼ਾਰ 130 ਅਤੇ ਸਰਵਿਸ ਵੋਟਰ 1 ਲੱਖ 1 ਹਜ਼ਾਰ 257 ਹਨ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸਮੇਂ ਪੰਜਾਬ ਵਿੱਚ ਕੁੱਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 24 ਹਜ਼ਾਰ 446 ਹੈ, ਜਿਸ ਵਿੱਚ ਸ਼ਹਿਰੀ ਪੋਲਿੰਗ ਸਟੇਸ਼ਨਾਂ ਦੀ ਗਿਣਤੀ 8062 ਅਤੇ ਪੇਂਡੂ ਪੋਲਿੰਗ ਸਟੇਸ਼ਨਾਂ ਦੀ ਗਿਣਤੀ 16,384 ਹੈ। ਉਨ੍ਹਾਂ ਦੱਸਿਆ ਕਿ ਸਾਰੇ ਪੋਲਿੰਗ ਸਟੇਸ਼ਨਾਂ ਉੱਤੇ ਵੋਟਰਾਂ ਲਈ ਰੈਂਪ, ਪੀਣ ਵਾਲਾ ਪਾਣੀ, ਲਾਈਟਿੰਗ, ਬੈਠਣ ਲਈ ਕੁਰਸੀਆਂ ਅਤੇ ਪਖਾਨਿਆਂ ਦੀ ਵਿਵਸਥਾ ਕੀਤੀ ਗਈ ਹੈ।

ਮੁੱਖ ਚੋਣ ਅਧਿਕਾਰੀ ਨੇ ਮੀਟਿੰਗ ਦੌਰਾਨ ਸਿਆਸੀ ਪਾਰਟੀਆਂ ਦੇ ਨੁਮਾਇੰਦੀਆਂ ਨੂੰ ਅਪੀਲ ਕੀਤੀ ਕਿ ਉਹ ਹਰ ਇਕ ਪੋਲਿੰਗ ਸਟੇਸ਼ਨ 'ਤੇ ਆਪਣੇ ਬੂਥ ਲੈਵਲ ਏਜੰਟ ਨਿਯੁਕਤ ਕਰਨ ਤਾਂ ਜੋ ਅੱਗੋਂ ਵੀ ਵੋਟਰ ਸੂਚੀਆਂ ਪ੍ਰਕਾਸ਼ਨ ਦੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਜਾਰੀ ਰਹੇ।

# ਡਾ. ਬਲਜੀਤ ਕੌਰ ਵੱਲੋਂ ਅਧਿਕਾਰੀਆਂ ਨੂੰ 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਬਜ਼ੁਰਗਾਂ ਦੇ ਜੀਵਨ ਪੱਧਰ ਸਬੰਧੀ ਸਰਵੇਖਣ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼

**ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਵਿਭਾਗੀ ਅਧਿਕਾਰੀਆਂ ਨੂੰ ÷ਸਾਡੇ ਬਜ਼ੁਰਗ ਸਾਡਾ ਮਾਣ÷ ਮੁਹਿੰਮ ਤਹਿਤ ਕਰਵਾਏ ਜਾ ਰਹੇ ਬਜੁਰਗਾਂ ਦੇ ਜੀਵਨ ਪੱਧਰ ਸਬੰਧੀ ਸਰਵੇਖਣ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਸ ਸਰਵੇਖਣ ਦੌਰਾਨ ਜਿਹੜੇ ਬਜੁਰਗ ਪੈਨਸ਼ਨ ਤੋਂ ਵਾਂਝੇ ਰਹਿ ਗਏ ਹਨ, ਜਿਹੜੇ ਬਜੁਰਗ ਮਰੀਜ਼ ਹਨ ਜੋ ਆਪਣਾ ਇਲਾਜ ਨਹੀ ਕਰਵਾ ਸਕਦੇ ਅਤੇ ਜਿਹੜੇ ਬਜੁਰਗਾਂ ਨੂੰ ਉਹਨਾਂ ਦੇ ਬੱਚੇ ਨਹੀ ਸੰਭਾਲ ਰਹੇ। ਇਹਨਾਂ ਸਬੰਧੀ ਮੁਕੰਮਲ ਰਿਪੋਰਟ ਜਲਦੀ ਤੋਂ ਜਲਦੀ ਤਿਆਰ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾਵੇ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਵੱਖ-ਵੱਖ ਵਰਗਾਂ ਦੀ ਭਲਾਈ ਲਈ ਸਮਰਪਿਤ ਹੈ, ਉਥੇ ਬਜ਼ੁਰਗਾਂ ਦੇ ਜੀਵਨ ਨੂੰ ਬਿਹਤਰ ਬਣਾਉਣ 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ।

ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬਾ ਸਰਕਾਰ ਵੱਲੋਂ



ਬਜ਼ੁਰਗਾਂ ਦੀ ਭਲਾਈ ਲਈ ਲਈ ਤਿਆਰ ਕੀਤੀਆਂ ਸਕੀਮਾਂ ਜ਼ਮੀਨੀ ਪੱਧਰ 'ਤੇ ਬਿਨਾਂ ਕਿਸੇ ਦੇਰੀ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤੀਆਂ ਜਾਣ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਤਹਿਤ ਵਿਭਾਗੀ ਸੁਪਰਵਾਈਜ਼ਰਾਂ ਵੱਲੋਂ ਐਮ ਸੇਵਾ ਐਪ ਰਾਹੀਂ ਸਰਵੇਖਣ ਕੀਤਾ ਜਾ ਰਿਹਾ ਹੈ। ਉਹਨਾਂ ਹੁਸ਼ਿਆਰਪੁਰ, ਫਿਰੋਜ਼ਪੁਰ, ਐਸ.ਏ.ਐਸ.ਨਗਰ ਅਤੇ ਪਠਾਨਕੋਟ ਜ਼ਿਲ੍ਹਿਆਂ ਵੱਲੋਂ ਕੀਤੇ ਸਰਵੇਖਣ ਦੀ ਪ੍ਰਗਤੀ ਦੀ ਸ਼ਲਾਘਾ ਕੀਤੀ ਅਤੇ ਬਾਕੀ ਜ਼ਿਲ੍ਹਿਆਂ ਨੂੰ ਆਪਣੇ ਯਤਨਾਂ ਵਿੱਚ ਤੇਜ਼ੀ ਲਿਆਉਣ ਲਈ ਕਿਹਾ।

ਮੰਤਰੀ ਨੇ ਸਪੱਸ਼ਟ ਕੀਤਾ ਕਿ ਬਜ਼ੁਰਗਾਂ ਦੇ ਹਿੱਤਾਂ ਦੀ ਰਾਖੀ ਦੇ ਉਦੇਸ਼ ਨਾਲ ਸਰਵੇਖਣ ਦੀ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਆਪਣੀ ਜ਼ਿੰਮੇਵਾਰੀ ਵਿੱਚ ਕੁਤਾਹੀ ਕਰਦਾ ਪਾਇਆ ਗਿਆ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣਾ ਚਾਹੁੰਦੀ ਹੈ। ਇਸ ਲਈ ਪੰਜਾਬ ਸਰਕਾਰ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਅਧਿਕਾਰੀਆਂ ਨੂੰ ਆਪਸੀ ਸਹਿਯੋਗ ਅਤੇ ਸਮਰਪਣ ਭਾਵਨਾ ਨਾਲ ਕੰਮ ਕਰਨ ਲਈ ਕਿਹਾ।

# ਸ਼ਰਾਬੀ 'ਚੇਲੇ' ਨੇ ਥਾਣੇਦਾਰ ਦੀ ਕਾਰ ਨਾਲ i20 ਨੂੰ ਮਾਰੀ ਟੱਕਰ, 2 ਔਰਤਾਂ ਸਣੇ 3 ਜ਼ਖ਼ਮੀ

**ਧਰਮਕੋਟ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਸਬ ਡਿਵੀਜ਼ਨ ਦੇ ਥਾਣਾ ਮਹਿਣਾ ਦੇ ਸਫ਼ਾਈ ਸੇਵਕ ਮਨਜੀਤ ਸਿੰਘ ਉਰਫ ਚੇਲਾ ਨੇ ਲੰਘੀ ਦੇਰ ਸ਼ਾਮ ਕਥਿਤ ਸ਼ਰਾਬੀ ਹਾਲਤ ਵਿਚ ਡਰਾਈਵਿੰਗ ਕਰਦਿਆਂ ਮੋਗਾ-ਲੁਧਿਆਣਾ ਹਾਈਵੇਅ ਉੱਤੇ ਜਗਰਾਉਂ ਜਾ ਰਹੀ ਆਈ20 (i20) ਕਾਰ ਨੂੰ ਟੱਕਰ ਮਾਰ ਦਿੱਤੀ। ਇਸ ਕਾਰਨ i20 ਕਾਰ ਵਿਚ ਸਵਾਰ ਦੋ ਔਰਤਾਂ ਸਣੇ ਤਿੰਨ ਜਣੇ ਜ਼ਖ਼ਮੀ ਹੋ ਗਏ। ਜ਼ਖ਼ਮੀ ਕਾਰ ਸਵਾਰ ਮੁਕਤਸਰ ਨਜ਼ਦੀਕ ਮੰਡੀ ਬਰੀਵਾਲਾ ਦੇ ਦੱਸੇ ਜਾ ਰਹੇ ਹਨ, ਜੋ ਜਗਰਾਉਂ ਵਿਖੇ ਇਕ ਡਾਕਟਰ ਤੋਂ ਦਵਾਈ ਲੈਣ ਜਾ ਰਹੇ ਸਨ। ਸਾਰੇ ਜ਼ਖਮੀਆਂ ਨੂੰ ਮੋਗਾ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇਹ ਘਟਨਾ ਲੰਘੀ ਸ਼ਾਮ ਪੰਜ ਵਜੇ ਦੇ ਕਰੀਬ ਵਾਪਰੀ ਹੈ। ਮਿਲੀ ਜਾਣਕਾਰੀ ਮੁਤਾਬਕ ਥਾਣਾ ਮਹਿਣਾ ਦਾ ਸਫ਼ਾਈ ਸੇਵਕ ਦੱਸਿਆ ਜਾਂਦਾ ਮਨਜੀਤ ਸਿੰਘ ਉਰਫ ਚੇਲਾ ਆਪਣੇ ਕਿਸੇ ਕੰਮ ਥਾਣੇ 'ਚ ਤਾਇਨਾਤ ਸਹਾਇਕ ਥਾਣੇਦਾਰ ਇਕਬਾਲ ਸਿੰਘ ਦੀ ਸਵਿਫਟ ਕਾਰ ਮੰਗਵੀਂ ਲੈ ਕੇ ਨਜ਼ਦੀਕ ਪਿੰਡ ਗਿਆ ਸੀ। ਵਾਪਸੀ ਉੱਤੇ ਉਸ ਨੇ ਕਥਿਤ ਤੌਰ 'ਤੇ ਸ਼ਰਾਬ ਪੀ ਲਈ। ਜਦੋਂ ਉਹ ਥਾਣੇ ਨਜ਼ਦੀਕ ਪੁੱਜਾ ਤਾਂ ਉਸ ਨੇ ਅਣਗਹਿਲੀ ਨਾਲ ਆਪਣੀ ਤੇਜ਼ ਰਫ਼ਤਾਰ ਕਾਰ ਲਿੰਕ ਸੜਕ ਤੋਂ ਹਾਈਵੇ ਉੱਤੇ ਚੜ੍ਹਾ ਦਿੱਤੀ।

ਇਸੇ ਦੌਰਾਨ ਹੀ ਮੋਗਾ ਵਲੋਂ ਆ ਰਹੀ ਆਈ20 ਕਾਰ ਨਾਲ ਉਸ ਦੀ ਟੱਕਰ ਹੋ ਗਈ। ਟੱਕਰ ਐਨੀ ਜ਼ਬਰਦਸਤ ਸੀ ਕਿ ਆਈ20 ਕਾਰ ਸੜਕ ਉੱਤੇ 6 ਪਲਟੀਆਂ ਖਾ ਗਈ ਪਰ ਖੁਸ਼ਕਿਸਮਤ ਨਾਲ ਸਾਰੇ ਸਵਾਰ ਵਾਲ ਵਾਲ ਬਚ ਗਏ। ਪੁਲੀਸ ਪਾਸ ਜ਼ਖ਼ਮੀ ਕਾਰ ਚਾਲਕ ਜਸਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮੰਡੀ ਬਰੀਵਾਲਾ ਨੇ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਥਾਣਾ ਮੁਖੀ ਇਕਬਾਲ ਹੁਸੈਨ ਨੇ ਇਸ ਹਾਦਸੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮਨਜੀਤ ਸਿੰਘ ਉਰਫ ਚੇਲਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਡਾਕਟਰੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। ਉਸ ਤੋਂ ਬਾਅਦ ਹੀ ਬਣਦੀ ਕਾਰਵਾਈ ਕੀਤੀ ਜਾਵੇਗੀ।

# 120 ਦਿਨਾਂ ਅੰਦਰ ਲਗਾਏ ਜਾਣਗੇ 663 ਹੋਰ ਖੇਤੀ ਸੋਲਰ ਪੰਪ: ਅਮਨ ਅਰੋੜਾ



**ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਖੇਤੀਬਾੜੀ ਸੈਕਟਰ ਨੂੰ ਕਾਰਬਨ-ਮੁਕਤ ਕਰਨ ਲਈ ਕੁਦਰਤੀ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਵਾਸਤੇ ਪੰਜਾਬ ਸਰਕਾਰ ਵੱਲੋਂ ਅਗਲੇ 120 ਦਿਨਾਂ ਦੇ ਅੰਦਰ 663 ਹੋਰ ਖੇਤੀ ਸੋਲਰ ਪੰਪ ਲਾਏ ਜਾਣਗੇ। ਇਹ ਐਲਾਨ ਅੱਜ ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਕੀਤਾ।

ਸ੍ਰੀ ਅਮਨ ਅਰੋੜਾ ਨੇ ਖੇਤੀਬਾੜੀ ਵਾਸਤੇ 663 ਖੇਤੀ ਸੋਲਰ ਪੰਪ ਲਗਾਉਣ ਲਈ ਅੱਜ ਮੈਸਰਜ਼ ਏ.ਵੀ.ਆਈ. ਰੀਨਿਊਏਬਲਜ਼ ਐਨਰਜੀ ਪ੍ਰਾਈਵੇਟ ਲਿਮਟਿਡ ਨੂੰ ਵਰਕ ਆਰਡਰ ਸੌਂਪਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ 2,356 ਸੋਲਰ ਪੰਪ ਲਗਾਉਣ ਲਈ ਵਰਕ ਆਰਡਰ ਜਾਰੀ ਕੀਤੇ ਗਏ ਸਨ।

ਉਨ੍ਹਾਂ ਨੇ ਪੇਡਾ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਕਿਸਾਨਾਂ ਦੀ ਭਲਾਈ ਲਈ ਸੂਬੇ ਵਿੱਚ 20,000 ਖੇਤੀ ਸੋਲਰ ਪੰਪ ਲਗਾਉਣ ਦੇ ਟੀਚੇ ਦੀ ਪ੍ਰਾਪਤੀ ਲਈ ਹਰ ਯਤਨ ਤੇਜ਼ ਕਰਨ।

# ਤਿੱਬਤ ਵਿਚ 6.8 ਦੀ ਸ਼ਿੱਦਤ ਵਾਲੇ ਭੂਚਾਲ ਦੇ ਝਟਕੇ; 53 ਮੌਤਾਂ, 62 ਜ਼ਖ਼ਮੀ ਨੇਪਾਲ ਵਿਚ ਵੀ ਮਹਿਸੂਸ ਕੀਤੇ ਗਏ ਝਟਕੇ

**ਪੇਈਚਿੰਗ,8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਨ ਦੇ ਕਬਜ਼ੇ ਵਾਲੇ ਤਿੱਬਤ ਦੇ ਸ਼ਿਗਾਜੇ ਸ਼ਹਿਰ ਵਿਚ ਅੱਜ ਸਵੇਰੇ 6.8 ਦੀ ਸ਼ਿੱਦਤ ਵਾਲਾ ਭੂਚਾਲ ਆਇਆ, ਜਿਸ ਵਿਚ ਘੱਟੋ ਘੱਟ 53 ਵਿਅਕਤੀਆਂ ਦੀ ਮੌਤ ਹੋ ਗਈ ਤੇ 62 ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਭੂਚਾਲ ਦੇ ਝਟਕੇ ਨਾਲ ਲੱਗਦੇ ਨੇਪਾਲ ਵਿਚ ਵੀ ਮਹਿਸੂਸ ਕੀਤੇ ਗਏ ਹਨ। ਖੇਤਰੀ ਆਫ਼ਤ ਰਾਹਤ ਦਫ਼ਤਰ ਮੁਤਾਬਕ ਮੰਗਲਵਾਰ ਸਵੇਰੇ 9:05 ਵਜੇ (ਚੀਨ ਦੇ ਸਮੇਂ ਅਨੁਸਾਰ) ਤਿੱਬਤ ਦੇ ਸ਼ਿਗਾਜੇ ਸ਼ਹਿਰ ਵਿਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ।



ਸਰਕਾਰੀ ਖ਼ਬਰ ਏਜੰਸੀ ਸਿਨਹੂਆ ਮੁਤਾਬਕ 6.8 ਦੀ ਸ਼ਿੱਦਤ ਵਾਲੇ ਭੂਚਾਲ ਕਰਕੇ 53 ਲੋਕਾਂ ਦੀ ਜਾਨ ਜਾਂਦੀ ਰਹੀ ਤੇ 62 ਹੋਰ ਜ਼ਖ਼ਮੀ ਹੋ ਗਏ। ਯੂਐੱਸਜੀਐੱਸ ਤੇ ਭਾਰਤੀ ਰਾਸ਼ਟਰੀ ਭੂਚਾਲ ਕੇਂਦਰ ਨੇ ਭੂਚਾਲ ਦੀ ਸ਼ਿੱਦਤ 7.1 ਦੱਸਦਿਆਂ ਕਿਹਾ ਕਿ ਇਸ ਦਾ ਕੇਂਦਰ ਚੀਨ ਦੇ ਟਿੰਗਰੀ ਕਾਊਂਟੀ ਵਿਚ ਸ਼ਿਜਾਂਗ ਸੀ, ਜੋ ਉੱਤਰ ਪੂਰਬੀ ਨੇਪਾਲ ਦੇ ਖੁੰਬੂ ਹਿਮਾਲਾ ਪਰਬੱਤਮਾਲਾ ਵਿਚ ਲੋਬੁਤਸ ਤੋਂ 90 ਕਿਲੋਮੀਟਰ ਉੱਤਰ ਪੂਰਬ ਵਿਚ ਸਥਿਤ ਹੈ। ਹਾਲਾਂਕਿ ਚੀਨ ਨੇ ਭੂਚਾਲ ਦੀ ਸ਼ਿੱਦਤ 6.8 ਦਰਜ ਕੀਤੀ ਹੈ। ਇਸ ਦੌਰਾਨ ਨੇਪਾਲ ਦੇ ਕਾਠਮੰਡੂ ਵਿਚ ਆਏ ਜ਼ੋਰਦਾਰ ਭੂਚਾਲ ਕਰਕੇ ਲੋਕ ਆਪਣੇ ਘਰਾਂ 'ਚੋਂ ਬਾਹਰ ਨਿਕਲ ਆਏ।

# ਖਡੂਰ ਸਾਹਿਬ ਦੇ ਐਮਪੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਘਰ 'ਚ ਨਜ਼ਰਬੰਦ; ਪੁਲਿਸ ਨੇ ਤੜਕੇ ਹੀ ਕੀਤੀ ਰਿਹਾਇਸ਼ ਦੀ ਘੇਰਾਬੰਦੀ

## ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਪੁਲਿਸ ਅਤੇ ਪ੍ਰਸ਼ਾਸਨ 'ਤੇ ਲਾਇਆ 'ਧੱਕੇਸ਼ਾਹੀ' ਦਾ ਦੋਸ਼; ਲੋਕਾਂ ਨੂੰ ਦਿੱਤਾ ਮੁਹਾਲੀ ਦੇ ਕੌਮੀ ਇਨਸਾਫ਼ ਮੋਰਚੇ ਦੀ ਹਮਾਇਤ ਕਰਨ ਦਾ ਸੱਦਾ

**ਰਈਆ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਨੇ ਮੰਗਲਵਾਰ ਸਵੇਰੇ ਹਲਕਾ ਖਡੂਰ ਸਾਹਿਬ ਦੇ ਐਮਪੀ ਅੰਮ੍ਰਿਤਪਾਲ ਸਿੰਘ ਘਰ ਦੀ ਘੇਰਾਬੰਦੀ ਕਰ ਕੇ ਉਨ੍ਹਾਂ ਦੇ ਪਿਤਾ ਨੂੰ ਘਰ ਵਿਚ ਨਜ਼ਰਬੰਦ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐਮਪੀ ਦੇ ਪਿਤਾ ਤਰਸੇਮ ਸਿੰਘ ਵੱਲੋਂ ਐਸਏਐਸ ਨਗਰ (ਮੁਹਾਲੀ) ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗੇ ਹੋਏ ਕੌਮੀ ਇਨਸਾਫ਼ ਮੋਰਚੇ ਵਿਚ ਜਾਣ ਦਾ ਫ਼ੈਸਲਾ ਕੀਤਾ ਗਿਆ ਸੀ।

ਇਸ ਦੇ ਮੱਦੇਨਜ਼ਰ ਅੱਜ ਤੜਕੇ ਹੀ ਪੁਲੀਸ ਵੱਲੋਂ ਘੇਰਾਬੰਦੀ ਕਰ ਕੇ ਉਨ੍ਹਾਂ ਨੂੰ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਇਸ ਮੌਕੇ ਤਰਸੇਮ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਇਹ ਬਹੁਤ ਵੱਡੀ ਧੱਕੇਸ਼ਾਹੀ ਹੈ। ਅਸੀਂ ਕੱਲ੍ਹ ਕੌਮੀ ਇਨਸਾਫ ਮੋਰਚੇ ਵਿਚ ਜਾਣ ਵਾਸਤੇ ਸੋਚ ਰਹੇ ਸੀ ਤੇ ਸਾਨੂੰ ਹੁਣੇ ਪੁਲੀਸ ਨੇ ਚਾਰੇ ਪਾਸਿਆਂ ਘੇਰਾ ਪਾ ਲਿਆ ਗਿਆ ਹੈ।"





ਉਨ੍ਹਾਂ ਕਿਹਾ ਕਿ 'ਲੋਕਤੰਤਰ ਦੇ ਵਿੱਚ' ਉਨ੍ਹਾਂ ਨਾਲ ਬਹੁਤ ਧੱਕਾ ਹੋ ਰਿਹਾ ਹੈ। ਉਨ੍ਹਾਂ ਕਿਹਾ, "ਇਹੋ ਜਿਹੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ ਕਿ ਅਸੀਂ ਧੱਕੇਸ਼ਾਹੀ ਖਿਲਾਫ ਆਵਾਜ਼ ਵੀ ਨਹੀਂ ਬੁਲੰਦ ਕਰ ਸਕਦੇ।" ਉਨ੍ਹਾਂ ਪ੍ਰਸ਼ਾਸਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਲੋਕਾਂ ਨੂੰ ਆਪਣੀ ਗੱਲ ਵੀ ਕਰਨ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ।

**ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਘਰ ਨੇੜੇ ਤਾਇਨਾਤ ਭਾਰੀ ਪੁਲੀਸ ਫੋਰਸ।**

ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਪਹੁੰਚ ਕੇ ਮੁਹਾਲੀ ਵਿਖੇ ਕੌਮੀ ਇਨਸਾਫ਼ ਮੋਰਚੇ ਦਾ ਸਮਰਥਨ ਕਰਨ ਤਾਂ ਕਿ ਬੰਦੀ ਸਿੰਘਾਂ ਦੀ ਰਿਹਾਈ ਹੋ ਸਕੇ। ਇਸ ਮੌਕੇ ਸੁਖਚੈਨ ਸਿੰਘ, ਕੁਲਵੰਤ ਸਿੰਘ, ਪਰਗਟ ਸਿੰਘ, ਜਰਮਨਜੀਤ ਸਿੰਘ ਸਰਾਂ, ਕਰਮਜੀਤ ਸਿੰਘ ਫਿਰੋਜ਼ਪੁਰ, ਬਲਦੇਵ ਸਿੰਘ ਬਿੱਟਾ ਅਤੇ ਪਰਮਜੀਤ ਸਿੰਘ ਖੈੜਾ ਆਦਿ ਹਾਜ਼ਰ ਸਨ।

# ਪੰਜਾਬ ਪੁਲਿਸ ਵੱਲੋਂ ਵੱਖ-ਵੱਖ ਕਾਰਵਾਈਆਂ ਦੌਰਾਨ ਨਸ਼ਾ ਤਸਕਰੀ ਦਾ ਪਰਦਾਫਾਸ਼; 4 ਦੋਸ਼ੀ ਗ੍ਰਿਫ਼ਤਾਰ

**ਚੰਡੀਗੜ੍ਹ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ 4 ਦੋਸ਼ੀਆਂ ਨੂੰ ਗ੍ਰਿਫਤਾਰ ਕਰਦਿਆਂ ਸਰਹੱਦ ਪਾਰ ਨਸ਼ਾ ਤਸਕਰੀ ਦਾ ਪਰਦਾਫਾਸ਼ ਕੀਤਾ ਹੈ। ਤਸਕਰਡਰੋਨ ਦੀ ਵਰਤੋਂ ਕਰਕੇ ਸਰਹੱਦ ਪਾਰੋਂ ਨਸ਼ਿਆਂ ਨੂੰ ਮੰਗਵਾਉਣ ਲਈ ਪਾਕਿਸਤਾਨ ਸਥਿਤ ਸਮੱਗਲਰਾਂ ਦੇ ਸੰਪਰਕ ਵਿੱਚ ਸਨ।

ਇਸ ਸਬੰਧੀ ਡੀਜੀਪੀ ਪੰਜਾਬ ਨੇ 'ਐਕਸ' 'ਤੇ ਜਾਣਕਾਰੀ ਸਾਂਝੀ ਕਰਦਿਆ ਕਿਹਾ ਕਿ ਪੰਜਾਬ ਪੁਲੀਸ ਨੇ ਕਾਰਵਾਈ ਕਰਦਿਆਂ 5 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਸਬੰਧੀ ਥਾਣਾ ਛੇਹਰਟਾ ਅੰਮ੍ਰਿਤਸਰ ਵਿਖੇ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਕਾਬੂ ਕੀਤੇ ਗਏ ਵਿਅਕਤੀਆਂ ਦੇ ਹੋਰ ਸਬੰਧਾਂ ਬਾਰੇ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

ਉਧਰ ਇਕ ਹੋਰ ਮਾਮਲੇ ਵਿਚ ਗੋਲੀਬਾਰੀ ਦੌਰਾਨ ਤਰਨਤਾਰਨ ਪੁਲੀਸ ਨੇ ਦੋ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡੀਜੀਪੀ ਪੰਜਾਬ ਗੌਰਵ ਯਾਦਵ ਨੇ 'ਐਕਸ' ਪੋਸਟ ਰਾਂਹੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਪਰਾਧੀਆਂ ਨੇ ਗ੍ਰਿਫ਼ਤਾਰੀ ਮੌਕੇ ਪੁਲੀਸ ਟੀਮ 'ਤੇ ਹਮਲਾ ਕੀਤਾ ਅਤੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲੀਸ ਨੇ ਜਵਾਬੀ ਕਾਰਵਾਈ ਕਰਦਿਆਂ ਗੋਲੀ ਚਲਾਈ, ਜਿਸ ਵਿੱਚ ਦੋਹਾਂ ਅਪਰਾਧੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਨ੍ਹਾਂ ਨੂੰ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਹੈ।

ਪੁਲੀਸ ਨੇ ਦੋਹਾਂ ਕੋਲੋਂ ਇੱਕ 32 ਬੋਰ ਪਿਸਤੌਲ, ਜ਼ਿੰਦਾ ਕਾਰਤੂਸ ਅਤੇ ਇੱਕ ਐਕਟਿਵਾ ਬਰਾਮਦ ਕੀਤੀ ਹੈ।

# ਜ਼ਿਲ੍ਹਾ ਚੋਣ ਅਫਸਰ ਡਾ: ਸੋਨਾ ਥਿੰਦ ਨੇ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਫੋਟੋ ਵੋਟਰ ਸੂਚੀਆਂ ਤੇ ਸੀ.ਡੀਜ਼ ਸੌਂਪੀਆਂ

**ਫ਼ਤਹਿਗੜ੍ਹ ਸਾਹਿਬ, 8 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਆਸੀ ਪਾਰਟੀਆਂ ਦੇ ਨੁਮਾਇੰਦੇ ਜ਼ਿਲ੍ਹੇ ਵਿੱਚ 18 ਤੋਂ 19 ਸਾਲ ਦੇ ਨੌਜਵਾਨਾਂ ਨੂੰ ਵੋਟਾਂ ਬਣਾਉਣ ਲਈ ਵੱਧ ਤੋਂ ਵੱਧ ਜਾਗਰੂਕ ਕਰਨ ਤਾਂ ਜੋ ਨੌਜਵਾਨ ਆਪਣੇ ਸੰਵਿਧਾਨਕ ਹੱਕ ਦੀ ਸੁਚੱਜੇ ਢੰਗ ਨਾਲ ਵਰਤੋਂ ਕਰਕੇ ਦੇਸ਼ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾ ਸਕਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾਂ ਸਬੰਧੀ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਤੇ ਸਮਾਜ ਦਾ ਭਵਿੱਖ ਹੁੰਦੇ ਹਨ ਅਤੇ ਸਾਡਾ ਭਵਿੱਖ ਤਾਂ ਹੀ ਸੁਰੱਖਿਅਤ ਰਹਿ ਸਕਦਾ ਹੈ ਕਿ ਜੇਕਰ ਸਾਡੇ ਨੌਜਵਾਨ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਹੋ ਕੇ ਲੋਕਤੰਤਰ ਦੀ ਮਜਬੂਤੀ ਵਿੱਚ ਆਪਣਾ ਯੋਗਦਾਨ ਪਾ ਸਕਣ। ਉਨ੍ਹਾਂ ਇਸ ਮੌਕੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਫੋਟੋ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਦੀ ਕਾਪੀ ਤੇ ਸੀ.ਡੀਜ਼ ਵੀ ਸੌਂਪੀਆਂ।

ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਵੋਟਰ ਸੂਚੀਆਂ ਦੀ ਸਪੈਸ਼ਲ ਸਰਸਰੀ ਸੁਧਾਈ ਕਰਵਾਉਣ ਉਪਰੰਤ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਗਈ ਹੈ ਜਿਸ ਅਨੁਸਾਰ ਜ਼ਿਲ੍ਹੇ ਅੰਦਰ ਕੁੱਲ 04 ਲੱਖ 49 ਹਜ਼ਾਰ 222 ਵੋਟਰ ਰਜਿਸਟਰ ਹੋਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚ 02 ਲੱਖ 36 ਹਜ਼ਾਰ 113 ਮਰਦ ਵੋਟਰ, 02 ਲੱਖ 13 ਹਜ਼ਾਰ 098 ਮਹਿਲਾ ਵੋਟਰ ਅਤੇ 11 ਤੀਜੇ ਲਿੰਗ ਦੇ ਵੋਟਰ ਹਨ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਉਪਰੰਤ ਜ਼ਿਲ੍ਹੇ ਅੰਦਰ 18 ਤੋਂ 19 ਸਾਲ ਦੇ 6640 ਵੋਟਰ ਹਨ।

ਡਾ: ਸੋਨਾ ਥਿੰਦ ਨੇ ਦੱਸਿਆ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਵੱਧ ਤੋਂ ਵੱਧ ਨੌਜਵਾਨਾਂ ਦੀਆਂ ਵੋਟਾਂ ਬਣਾਉਣ ਲਈ ਇੱਕ ਸਾਲ ਅੰਦਰ ਚਾਰ ਮਿਤੀਆਂ ਤੈਅ ਕੀਤੀਆਂ ਗਈਆਂ ਹਨ ਤਾਂ ਜੋ ਸਾਰੇ ਯੋਗ ਨੌਜਵਾਨਾਂ ਦੀਆਂ ਵੋਟਾਂ ਬਣਾਈਆਂ ਜਾ ਸਕਣ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਤੈਅ ਕੀਤੀਆਂ ਮਿਤੀਆਂ ਅਨੁਸਾਰ 01 ਜਨਵਰੀ, 01 ਅਪ੍ਰੈਲ, 01 ਜੁਲਾਈ ਤੇ 01 ਅਕਤੂਬਰ ਨੂੰ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਨੌਜਵਾਨ ਫਾਰਮ ਨੰਬਰ 06 ਭਰ ਕੇ ਆਪਣੀ ਵੋਟ ਬਣਵਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਨੌਜਵਾਨ ਆਪਣੀ ਵੋਟ ਬਣਵਾਉਣ ਲਈ ਭਾਰਤੀ ਚੋਣ ਕਮਿਸ਼ਨ ਦੀ ਵੈਬ ਸਾਇਟ www.nvsp.in ਜਾਂ ਵੋਟਰ ਹੈਲਪ ਲਾਇਨ ਮੋਬਾਇਲ ਐਪ ਰਾਹੀਂ ਆਨ ਲਾਇਨ ਵੀ ਫਾਰਮ ਨੰਬਰ 6 ਭਰ ਸਕਦੇ ਹਨ। ਜ਼ਿਲ੍ਹਾ ਚੋਣ ਅਫਸਰ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾ ਲਈ ਵੋਟਰ ਸੂਚੀ ਦਾ ਖਰੜਾ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਇਸ ਖਰੜਾ ਵੋਟਰ ਸੂਚੀ ਸਬੰਧੀ 24 ਜਨਵਰੀ ਤੱਕ ਦਾਅਵੇ ਤੇ ਇਤਰਾਜ ਦਾਖਲ ਕਰਵਾਏ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਦਾਅਵੇ ਤੇ ਇਤਰਾਜਾਂ ਦਾ ਨਿਪਟਾਰਾ 06 ਫਰਵਰੀ ਤੱਕ ਕੀਤਾ ਜਾਵੇਗਾ ਅਤੇ 25 ਫਰਵਰੀ ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾਂ ਕੀਤੀ ਜਾਵੇਗੀ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਨਵਦੀਪ ਸਿੰਘ ਨਵੀ, ਭਾਰਤੀ ਜਨਤਾ ਪਾਰਟੀ ਦੇ ਹਰੀਸ਼ ਅਗਰਵਾਲ, ਸ਼੍ਰੋਮਣੀ ਅਕਾਲੀ ਦਲ (ਬ) ਦੇ ਹਰਵਿੰਦਰ ਸਿੰਘ ਬੱਬਲ, ਬਹੁਜਨ ਸਮਾਜ ਪਾਰਟੀ ਦੇ ਮੋਹਨ ਸਿੰਘ ਭੱਟਮਾਜਰਾ, ਚੋਣ ਤਹਿਸੀਲਦਾਰ ਨਿਰਮਲਾ ਰਾਣੀ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜਰ ਸਨ।

# ਕੈਬਨਿਟ ਮੰਤਰੀ ਅਰੋੜਾ ਨੇ 5 ਪਿੰਡਾਂ 'ਚ ਬਣਨ ਵਾਲੇ ਆਂਗਣਵਾੜੀ ਕੇਂਦਰਾਂ ਦੀ ਕਰਵਾਈ ਸ਼ੁਰੂਆਤ

ਏਜੰਸੀਆਂ

ਚੀਮਾ ਮੰਡੀ 8 ਜਨਵਰੀ। ਆਂਗਣਵਾੜੀ ਕੇਂਦਰਾਂ 'ਚ ਬੱਚਿਆਂ ਅਤੇ ਮਾਵਾਂ ਲਈ ਅਨੁਕੂਲ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਉਪਰਾਲੇ ਤੇਜ ਕਰ ਦਿੱਤੇ ਗਏ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਵਿਧਾਨ ਸਭਾ ਹਲਕੇ ਦੇ



ਵੱਖ-ਵੱਖ 5 ਪਿੰਡਾਂ 'ਚ 10-10 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣਨ ਵਾਲੇ ਆਂਗਣਵਾੜੀ ਕੇਂਦਰਾਂ ਦੇ ਨੀਂਹ-ਪੱਥਰ ਰੱਖਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮਹਾਤਮਾ ਗਾਂਧੀ ਰਾਸਟਰੀ ਪੇਂਡੂ ਰੋਜਗਾਰ ਗਾਰੰਟੀ ਐਕਟ (ਨਰੇਗਾ) ਅਤੇ ਪੰਚਾਇਤੀ ਫੰਡ 'ਚੋਂ 50 ਲੱਖ ਰੁਪਏ ਦੀ ਰਾਸੀ ਨਾਲ ਇਨ੍ਹਾਂ ਕੇਂਦਰਾਂ ਦਾ ਨਿਰਮਾਣ ਕਰਵਾਇਆ ਜਾਵੇਗਾ ਅਤੇ ਇਸ ਨੂੰ ਹਰ ਲੋੜੀਂਦੀ ਸੁਵਿਧਾ ਪ੍ਰਦਾਨ ਕੀਤੀ ਜਾਵੇਗੀ। ਅਰੋੜਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਸੁਨਾਮ ਅਧੀਨ ਆਉਂਦੇ ਹਰ ਪਿੰਡ, ਕਸਬੇ ਅਤੇ ਸਹਿਰ ਦੇ ਲੋਕਾਂ ਦੀਆਂ ਜਰੂਰਤਾਂ ਨੂੰ ਪ੍ਰਮੁੱਖਤਾ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਆਂਗਣਵਾੜੀ ਕੇਂਦਰਾਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਦੀ ਗੁਣਵੱਤਾ 'ਚ ਵਾਧਾ ਕਰਨ ਦੇ ਉਦੇਸ ਨਾਲ ਢੁੱਕਵੇਂ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਅੱਜ ਪਿੰਡ ਝਾੜੋਂ, ਸਿੰਘਪੁਰਾ, ਬੁਗਰਾਂ, ਢੱਡਰੀਆਂ ਅਤੇ ਸੇਰੋ ਵਿਖੇ ਬਣਨ ਵਾਲੇ ਇਨ੍ਹਾਂ ਨਵੇਂ ਆਂਗਣਵਾੜੀ ਕੇਂਦਰਾਂ ਦੇ ਨੀਂਹ-ਪੱਥਰ ਰੱਖੇ ਅਤੇ ਪਿੰਡ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਬੀ. ਡੀ. ਪੀ. ਓ. ਸੰਜੀਵ ਕੁਮਾਰ, ਨਾਇਬ ਤਹਿਸੀਲਦਾਰ ਮਨਮੋਹਨ ਸਿੰਘ, ਬਲਾਕ ਪ੍ਰਧਾਨ ਸਾਹਿਬ ਸਿੰਘ ਚੀਮਾ, ਮਨਿੰਦਰ ਸਿੰਘ ਲਖਮੀਰਵਾਲਾ, ਹਰਜਿੰਦਰ ਕੁਮਾਰ ਸਰਪੰਚ, ਜਗਸੀਰ ਸਿੰਘ ਜੱਗਾ ਸਮੇਤ ਹੋਰ ਆਗੂ ਤੇ ਵਰਕਰ ਮੌਜੂਦ ਸਨ।

# ਪੰਜਾਬ 'ਚ ਲੱਗਣਗੀਆਂ ਆਨਲਾਈਨ ਕਲਾਸਾਂ, ਸਰਦੀ ਦੀਆਂ ਛੁੱਟੀਆਂ ਵਧਣ ਮਗਰੋਂ ਨਵਾਂ ਫੈਸਲਾ

ਲੁਧਿਆਣਾ 8 ਜਨਵਰੀ। ਪੰਜਾਬ ਸਰਕਾਰ ਵੱਲੋਂ ਵਧਦੀ ਠੰਢ ਕਾਰਨ ਬੱਚਿਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਸਕੂਲਾਂ ਦੀਆਂ ਛੁੱਟੀਆਂ 7 ਜਨਵਰੀ ਤੱਕ ਵਧਾ ਦਿੱਤੀਆਂ ਗਈਆਂ ਹਨ ਪਰ ਪ੍ਰੀਖਿਆਵਾਂ ਦੇ ਦਿਨਾਂ ਦੌਰਾਨ ਇਨ੍ਹਾਂ ਛੁੱਟੀਆਂ ਦਾ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਕੋਈ ਅਸਰ ਨਾ ਪਵੇ, ਇਸ ਲਈ ਸਕੂਲਾਂ ਨੇ ਆਨਲਾਈਨ ਕਲਾਸਾਂ ਦਾ ਫਾਰਮੂਲਾ ਵਰਤਣ ਦਾ ਪ੍ਰਬੰਧ ਕੀਤਾ ਹੈ। ਸਕੂਲਾਂ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਜਿਥੇ ਇਕ ਪਾਸੇ ਸਰਕਾਰ ਦੇ ਹੁਕਮ ਲਾਗੂ ਹੋਣਗੇ, ਉੱਥੇ ਹੀ ਬੱਚਿਆਂ ਦੀ ਪੜ੍ਹਾਈ 'ਤੇ ਵੀ ਕੋਈ ਅਸਰ ਨਹੀਂ ਪਵੇਗਾ। ਜਾਣਕਾਰੀ ਅਨੁਸਾਰ ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ 1 ਜਨਵਰੀ ਤੋਂ ਕਈ ਸਕੂਲਾਂ 'ਚ ਕਲਾਸਾਂ ਸੁਰੂ ਹੋਣੀਆਂ ਸਨ ਪਰ ਸਰਕਾਰ ਦੇ ਅਚਾਨਕ ਆਏ ਹੁਕਮਾਂ ਨੇ ਪ੍ਰਿੰਸੀਪਲਾਂ ਦੀ ਸਿਰਦਰਦੀ ਵਧਾ ਦਿੱਤੀ ਹੈ। ਸੀ. ਬੀ. ਐੱਸ. ਈ. ਸਕੂਲਾਂ 'ਚ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ 15 ਫਰਵਰੀ ਅਤੇ ਆਈ. ਸੀ. ਐੱਸ. ਈ. ਐਫੀਲੇਸ਼ਨ ਨਾਲ ਸਬੰਧਤ ਸਕੂਲਾਂ 'ਚ 13 ਫਰਵਰੀ ਤੋਂ ਸੁਰੂ ਹੋ ਰਹੀਆਂ ਹਨ। ਇਸ ਤੋਂ ਪਹਿਲਾਂ ਵਿਦਿਆਰਥੀਆਂ ਦੀ ਪਰਫਾਰਮੈਂਸ ਚੈੱਕ ਕਰਨ ਲਈ ਸਕੂਲ ਪ੍ਰੀ-ਬੋਰਡ ਐਗਜਾਮ ਕਰਵਾਉਂਦੇ ਹਨ, ਤਾਂ ਕਿ ਵਿਦਿਆਰਥੀ ਦੀਆਂ ਵਿਸ਼ੇ ਨਾਲ ਸਬੰਧਤ ਕਮੀਆਂ ਨੂੰ ਸਮੇਂ ਸਿਰ ਸੁਧਾਰਿਆ ਜਾ ਸਕੇ। ਇਸ ਦੇ ਲਈ ਸਕੂਲਾਂ ਨੇ ਡੇਟਸ਼ੀਟ ਵੀ ਤਿਆਰ ਕਰ ਲਈ ਸੀ ਪਰ ਹੁਣ ਛੁੱਟੀਆਂ ਵਧਣ ਦੇ ਫੈਸਲੇ ਤੋਂ ਬਾਅਦ ਇਸ ਵਿਚ ਬਦਲਾਅ ਕਰਨਾ ਪਵੇਗਾ। ਉੱਥੇ ਕਈ ਸਕੂਲਾਂ ਨੇ ਤਾਂ ਪ੍ਰੀਖਿਆਵਾਂ ਤੋਂ ਪਹਿਲਾਂ 12ਵੀਂ ਦੇ ਵਿਦਿਆਰਥੀਆਂ ਲਈ ਫੇਅਰਵੈੱਲ ਪਾਰਟੀ ਵੀ ਰੱਖੀ ਸੀ, ਜਿਸ ਦੀਆਂ ਤਰੀਕਾਂ 'ਚ ਵੀ ਸਕੂਲਾਂ ਨੂੰ ਬਦਲਾਅ ਕਰਨਾ ਪੈ ਰਿਹਾ ਹੈ। ਉੱਧਰ ਕਈ ਸਕੂਲ ਇਸ ਤਰ੍ਹਾਂ ਦੇ ਵੀ ਹਨ, ਜਿਨ੍ਹਾਂ ਨੇ ਹਰ ਵਾਰ ਜਨਵਰੀ ਮਹੀਨੇ 'ਚ ਸਰਦੀ ਵਧਣ ਦੇ ਪਿਛਲੇ ਰਿਕਾਰਡ ਨੂੰ ਦੇਖਦੇ ਹੋਏ ਆਪਣੇ ਸਕੂਲਾਂ 'ਚ ਛੁੱਟੀਆਂ ਹੀ 1 ਜਨਵਰੀ ਤੋਂ ਕੀਤੀਆਂ ਹਨ। ਇਸ ਦੌਰਾਨ ਉਕਤ ਸਕੂਲਾਂ ਨੇ ਆਪਣੀ ਪ੍ਰੀ-ਬੋਰਡ ਐਗਜਾਮ ਦਾ ਇਕ ਪੜਾਅ ਤਾਂ ਪੂਰਾ ਕਰ ਲਿਆ ਹੈ, ਜਦਕਿ ਦੂਜਾ ਪੜਾਅ 18 ਜਨਵਰੀ। ਤੋਂ ਕੰਡਸਟ ਕਰਨਾ ਤੈਅ ਕੀਤਾ ਹੈ। ਗੱਲ ਰਹੀ ਆਨਲਾਈਨ ਕਲਾਸਾਂ ਦੀ ਤਾਂ, ਹੁਣ ਫਿਰ ਤੋਂ ਉਨ੍ਹਾਂ ਮਾਪਿਆਂ ਲਈ ਨਵੀਂ ਪ੍ਰੇਸ਼ਾਨੀ ਖੜ੍ਹੀ ਹੋ ਗਈ ਹੈ, ਜਿਨ੍ਹਾਂ ਕੋਲ 1 ਹੀ ਮੋਬਾਈਲ ਹੈ। ਇਸ ਦੌਰਾਨ ਮਾਪਿਆਂ ਨੂੰ ਜੋ ਵਰਕਿੰਗ ਵੀ ਹਨ, ਇਹ ਚਿੰਤਾ ਸਤਾ ਰਹੀ ਹੈ ਕਿ ਜੇਕਰ ਇਕ ਮੋਬਾਈਲ ਦੀ ਵਜ੍ਹਾ ਨਾਲ ਉਨ੍ਹਾਂ ਦੇ ਬੱਚੇ ਦੀ ਪੜ੍ਹਾਈ ਪ੍ਰਭਾਵਿਤ ਹੁੰਦੀ ਹੈ ਤਾਂ ਕਿਤੇ ਸਕੂਲ ਕੋਈ ਐਕਸ਼ਨ ਨਾ ਲਵੇ। ਇਸ ਵਜ੍ਹਾ ਨਾਲ ਵਰਕਿੰਗ ਮਾਪੇ ਆਪਣੇ ਬੱਚਿਆਂ ਦੀ ਖਾਤਿਰ ਆਪਣੇ ਵਰਕਿੰਗ ਪਲੇਸ ਤੋਂ ਛੁੱਟੀ ਲੈਣ ਦਾ ਵਿਚਾਰ ਕਰਨ ਲੱਗੇ ਹਨ, ਤਾਂ ਕਿ ਬੱਚਿਆਂ ਨੂੰ ਮੋਬਾਈਲ ਦੇ ਕੇ ਉਨ੍ਹਾਂ ਦੀਆਂ ਕਲਾਸਾਂ ਲਗਵਾ ਸਕਣ।

# ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ ਫਰੀਦਕੋਟ ਜੇਲ੍ਹ ਦਾ ਦੌਰਾ, ਕੈਦੀ ਔਰਤਾਂ ਦੇ ਬੱਚਿਆਂ ਲਈ ਕੀਤਾ ਵੱਡਾ ਐਲਾਨ

ਸਰਦੂਲ ਸਿੰਘ

ਜੈਤੋ 8 ਜਨਵਰੀ। ਪੰਜਾਬ ਸੂਬੇ ਦੀਆਂ ਜੇਲ੍ਹਾਂ ਵਿੱਚ ਕੈਦੀ ਮਹਿਲਾਵਾਂ ਦੇ ਬੱਚਿਆਂ ਨੂੰ ਆਂਗਣਵਾੜੀ ਸੈਂਟਰਾਂ ਵਿੱਚ ਇਨਰੋਲ ਕਰਕੇ ਉਨ੍ਹਾਂ ਨੂੰ ਪੌਸਟਿਕ ਆਹਾਰ ਦੇਣ ਅਤੇ ਮੁੱਢਲੀ ਸਿੱਖਿਆ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਣਗੇ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਫਰੀਦਕੋਟ ਜੇਲ੍ਹ ਦੇ ਦੌਰੇ ਦੌਰਾਨ ਕੀਤਾ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਾਡਰਨ ਕੇਂਦਰੀ ਜੇਲ੍ਹ ਫਰੀਦਕੋਟ ਵਿੱਚ ਕੈਦੀ ਮਹਿਲਾਵਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਦਾ ਮੁਲਾਂਕਣ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕੈਦੀ ਮਹਿਲਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਭਲਾਈ ਲਈ ਵਚਨਬੱਧ ਹੈ। ਇਸ ਭਲਾਈ ਪਹਿਲਕਦਮੀ ਦੇ ਹਿੱਸੇ ਵਜੋਂ, ਜੇਲ੍ਹ ਵਿੱਚ ਕੈਦੀ ਮਹਿਲਾਵਾਂ ਦੇ ਬੱਚਿਆਂ ਨੂੰ ਆਂਗਣਵਾੜੀ ਕੇਂਦਰਾਂ ਵਿੱਚ ਦਾਖਲ ਕੀਤਾ ਗਿਆ ਤਾਂ ਕਿ ਉਨ੍ਹਾਂ ਬੱਚਿਆਂ ਨੂੰ ਸਪਲੀਮੈਂਟਰੀ ਨਿਊਟ੍ਰੀਸ਼ਨ ਪ੍ਰੋਗਰਾਮ ਤਹਿਤ ਲਾਭ ਦਿੱਤਾ ਜਾ ਸਕੇ ਅਤੇ ਜਰੂਰੀ ਸੁਰੂਆਤੀ ਸਿੱਖਿਆ ਪ੍ਰੋਗਰਾਮਾਂ ਨਾਲ ਜੋੜਿਆ ਜਾ ਸਕੇ। ਕੈਬਨਿਟ ਮੰਤਰੀ ਨੇ ਦੱਸਿਆ ਕਿ ਕੈਦੀ ਮਹਿਲਾਵਾਂ ਨੂੰ ਸਸਕਤ ਕਰਨ ਲਈ, ਉਨ੍ਹਾਂ ਨੂੰ ਹੁਨਰ ਵਿਕਾਸ ਦੇ ਮੌਕੇ ਪ੍ਰਦਾਨ ਕਰਨ, ਉਨ੍ਹਾਂ ਦੀ ਆਤਮ-ਨਿਰਭਰਤਾ ਨੂੰ ਵਧਾਉਣ ਅਤੇ ਜੇਲ੍ਹ ਤੋਂ ਬਾਹਰ ਦੀ ਜ਼ਿੰਦਗੀ ਲਈ ਉਨ੍ਹਾਂ ਨੂੰ ਤਿਆਰ ਕਰਨ ਲਈ ਜੇਲ੍ਹ ਵਿੱਚ ਇੱਕ ਸਿਲਾਈ ਸੈਂਟਰ ਦੀ ਸੁਰੂਆਤ ਕੀਤੀ ਗਈ। ਇਸ ਤੋਂ ਇਲਾਵਾ, ਇਸ ਮੌਕੇ ਜੇਲ੍ਹ ਵਿੱਚ ਸੱਭਿਆਚਾਰਕ ਪ੍ਰੋਗਰਾਮ ਹੋਇਆ, ਜਿੱਥੇ ਔਰਤਾਂ ਨੇ ਆਪਣੀ ਪ੍ਰਤਿਭਾ ਅਤੇ ਰਚਨਾਤਮਕਤਾ ਦਾ ਪ੍ਰਦਰਸਨ ਕਰਦੇ ਹੋਏ ਉਤਸਾਹ ਨਾਲ ਭਾਗ ਲਿਆ। ਡਾ. ਬਲਜੀਤ ਕੌਰ ਨੇ ਜੇਲ੍ਹਾਂ ਵਿੱਚ ਕੈਦੀ ਮਹਿਲਾਵਾਂ ਦੇ ਬੱਚਿਆਂ ਦੀ ਸਿਹਤ ਅਤੇ ਸਿੱਖਿਆ



ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਆਂਗਣਵਾੜੀ ਕੇਂਦਰ ਇਨ੍ਹਾਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਪੌਸਟਿਕ ਭੋਜਨ ਅਤੇ ਬੁਨਿਆਦੀ ਸਿੱਖਿਆ ਪ੍ਰਦਾਨ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਜਿੱਥੇ ਸੂਬੇ ਦੀਆਂ ਮਹਿਲਾਵਾਂ ਦੀ ਸਿਹਤ ਜਾਂਚ ਸਬੰਧੀ ਅਤੇ ਉਨ੍ਹਾਂ ਨੂੰ ਰੁਜਗਾਰ ਦੇਣ ਸਬੰਧੀ ਲਗਾਤਾਰ ਕੈਂਪ ਲਗਾ ਕੇ ਉਨ੍ਹਾਂ ਨੂੰ ਜਾਗਰੂਕ ਕਰ ਰਹੀ ਹੈ, ਉੱਥੇ ਹੀ ਇਨ੍ਹਾਂ ਦਾ ਲਾਭ ਹਰ ਮਹਿਲਾ ਤੱਕ ਪਹੁੰਚਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ, ਤਾਂ ਜੋ ਸੂਬੇ ਦੀ ਕੋਈ ਵੀ ਮਹਿਲਾ ਇਹਨਾਂ ਦਾ ਲਾਭ ਲੈਣ ਤੋਂ ਵਾਂਝੀ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਜਿਲ੍ਹਾ ਫਰੀਦਕੋਟ ਵਿੱਚ ਵੀ ਅਜਿਹੇ ਕੈਂਪ ਦਾ ਆਯੋਜਨ ਕਰਕੇ ਮਹਿਲਾਵਾਂ ਨੂੰ ਇਨ੍ਹਾਂ ਸਹੂਲਤਾਂ ਦਾ ਲਾਭ ਦਿੱਤਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਜੇਲ੍ਹ ਵਿੱਚ ਕੈਦੀ ਮਹਿਲਾਵਾਂ ਦੀ ਸਿਹਤ ਜਾਂਚ, ਉਨ੍ਹਾਂ ਦੀ ਸਰੀਰਕ ਸਥਿਤੀ, ਉਨ੍ਹਾਂ ਦੇ ਬੱਚਿਆ ਲਈ ਸਹੂਲਤਾਂ ਆਦਿ ਦੇਖਣ ਲਈ ਉਨ੍ਹਾਂ ਵੱਲੋਂ ਇਹ ਦੌਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਤਰੱਕੀ ਵੱਲ ਲਿਜਾਣ ਲਈ ਜੇਲ੍ਹ ਵਿੱਚ ਕੈਦੀ ਮਹਿਲਾਵਾਂ ਨੂੰ ਵੀ ਨਾਲ ਲੈ ਕੇ ਚੱਲਿਆ ਜਾਵੇਗਾ। ਇਸ ਮੌਕੇ ਉਨ੍ਹਾਂ ਮਹਿਲਾਵਾਂ ਨੂੰ ਚੰਗੀ ਸਿੱਖਿਆ ਲੈ ਕੇ ਜੇਲ੍ਹ ਤੋਂ ਬਾਹਰ ਆ ਕੇ ਆਪਣੇ ਰੁਜਗਾਰ ਸ਼ੁਰੂ ਕਰਨ ਅਤੇ ਉਨ੍ਹਾਂ ਦੇ ਬੱਚਿਆ ਲਈ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ। ਜੇਲ੍ਹ ਦੇ ਸੁਪਰਡੈਂਟ ਵੱਲੋਂ ਜੇਲ੍ਹ ਵਿਚ ਕੈਦੀ ਮਹਿਲਾਵਾਂ ਲਈ ਕੀਤੇ ਵਧੀਆ ਪ੍ਰਬੰਧਾਂ ਤੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਉਨ੍ਹਾਂ ਦੀ ਸਲਾਘਾ ਕੀਤੀ ਗਈ ਅਤੇ ਭਵਿੱਖ ਵਿੱਚ ਵੀ ਜੇਲ੍ਹ ਅੰਦਰ ਵਧੀਆ ਪ੍ਰਬੰਧ ਜਾਰੀ ਰੱਖਣ ਲਈ ਨਿਰਦੇਸ ਦਿੱਤੇ। ਇਸ ਮੌਕੇ ਉਨ੍ਹਾਂ ਦੇ ਨਾਲ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੀ ਡਾਇਰੈਕਟਰ ਸ਼ੇਨਾ ਅਗਰਵਾਲ ਅਤੇ ਐਸ.ਐਸ.ਪੀ. ਡਾ. ਪ੍ਰਗਿਆ ਜੈਨ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਡਾ. ਅੰਬੇਡਕਰ ਦੇ ਬੁੱਤ 'ਤੇ ਅਣਪਛਾਤੇ ਵਿਅਕਤੀ ਨੇ ਪਾਇਆ 'ਮੋਬਿਲ ਆਇਲ'

ਬਲੀਆ 8 ਜਨਵਰੀ। ਉੱਤਰ ਪ੍ਰਦੇਸ ਦੇ ਬਲੀਆ ਜ਼ਿਲ੍ਹੇ ਦੇ ਇਕ ਪਿੰਡ ਵਿਚ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਉੱਤੇ 'ਮੋਬਿਲ ਆਇਲ' ਪਾਉਣ ਦੇ ਮਾਮਲੇ ਵਿਚ ਪੁਲਸ ਨੇ ਇਕ ਅਣਪਛਾਤੇ ਵਿਅਕਤੀ ਖ਼ਿਲਾਫ ਕੇਸ ਦਰਜ ਕੀਤਾ ਹੈ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਪੁਲਸ ਮੁਤਾਬਕ ਰੇਵਤੀ ਥਾਣਾ ਖੇਤਰ ਦੇ ਚੌਬੇ ਛਪਰਾ ਪਿੰਡ 'ਚ ਸਥਿਤ ਡਾ. ਅੰਬੇਡਕਰ ਦੇ ਬੁੱਤ 'ਤੇ ਮੰਗਲਵਾਰ ਰਾਤ ਸਰਾਰਤੀ ਅਨਸਰਾਂ ਨੇ 'ਮੋਬਿਲ ਆਇਲ' ਪਾ ਦਿੱਤਾ, ਜਿਸ ਦੀ ਸੂਚਨਾ ਸਥਾਨਕ ਲੋਕਾਂ ਨੇ ਬੁੱਧਵਾਰ ਸਵੇਰੇ ਪੁਲਸ ਨੂੰ ਦਿੱਤੀ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਇਸ ਮਾਮਲੇ ਦੇ ਸਬੰਧ ਵਿਚ ਥਾਣਾ ਸਦਰ ਦੇ ਇੰਚਾਰਜ ਰੋਹਨ ਰਾਕੇਸ ਸਿੰਘ ਨੇ ਦੱਸਿਆ ਕਿ ਸਥਾਨਕ ਵਾਸੀ ਵਿਕਾਸ ਕੁਮਾਰ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀ ਖ਼ਿਲਾਫ ਭਾਰਤੀ ਨਿਆਂ ਸੰਹਿਤਾ ਦੀ ਸਬੰਧਤ ਧਾਰਾ ਤਹਿਤ ਕੇਸ ਦਰਜ ਕਰ ਕੇ ਇਸ ਮਾਮਲੇ ਦੀ ਜਾਂਚ ਕਰਨੀ ਸੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬੁੱਤ ਦੀ ਸਫਾਈ ਕਰਵਾਉਣ ਦੇ ਨਾਲ-ਨਾਲ ਸਾਂਤੀ ਬਣਾਈ ਰੱਖਣ ਲਈ ਮੌਕੇ 'ਤੇ ਪੁਲਸ ਤਾਇਨਾਤ ਕਰ ਦਿੱਤੀ ਗਈ ਹੈ।

# ਸਰਕਾਰੀ ਨੌਕਰੀ ਦਿਵਾਉਣ ਦੇ ਨਾਂ 'ਤੇ ਠੱਗੇ ਲੱਖਾਂ, ਪਿਓ-ਪੁੱਤ ਸਣੇ ਚਾਰ 'ਤੇ ਮਾਮਲਾ ਦਰਜ

ਏਜੰਸੀਆਂ

ਖਰੜ 8 ਜਨਵਰੀ। ਮੰਤਰੀ, ਸੰਤਰੀ ਅਤੇ ਹਾਈ ਪ੍ਰੋਫਾਈਲ ਰਸੂਖਦਾਰ ਲੋਕਾਂ ਦੇ




ਨਾਲ ਜਾਣ-ਪਛਾਣ ਦੀਆਂ ਗੱਲਾਂ ਕਰ ਲੋਕਾਂ ਨੂੰ ਆਪਣੇ ਜਾਲ 'ਚ ਫਸਾ ਕੇ ਸਰਕਾਰੀ ਨੌਕਰੀ ਦਿਵਾਉਣ ਦਾ ਝਾਂਸਾ ਦੇਣ ਵਾਲਿਆਂ 'ਤੇ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ ਤਹਿਤ ਸਿਟੀ ਪੁਲਸ ਨੇ ਪਿਓ-ਪੁੱਤਰ ਸਣੇ 4 ਵਿਅਕਤੀਆਂ ਖ਼ਿਲਾਫ ਪਿੰਡ ਮੱਛਲੀ ਕਲਾਂ ਨਿਵਾਸੀ ਗੌਰਵ ਕੁਮਾਰ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਹੈ। ਇਹ ਮਾਮਲਾ ਗੁਰਪ੍ਰੀਤ ਸਿੰਘ ਮਾਤਾ ਗੁਜਰੀ ਕਾਲੋਨੀ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਗੁਰਪ੍ਰੀਤ ਸਿੰਘ ਸੈਕਟਰ-43 ਚੰਡੀਗੜ੍ਹ, ਗੁਰਪ੍ਰੀਤ ਸਿੰਘ ਅਤੇ ਪ੍ਰੀਤਮ ਸਿੰਘ ਮਾਲਕ ਗੁਰੂ ਸਕਿਓਰਟੀ ਸੈਕਟਰ-70 ਮੋਹਾਲੀ ਖ਼ਿਲਾਫ ਦਰਜ ਕੀਤਾ ਗਿਆ ਹੈ। ਸ਼ਿਕਾਇਤ 'ਚ ਗੌਰਵ ਨੇ ਦੱਸਿਆ ਕਿ ਉਸ ਦੇ ਭਰਾ ਕਮਲਜੀਤ ਸਿੰਘ ਨੂੰ ਪ੍ਰੀਤਮ ਸਿੰਘ ਨਾਂ ਦਾ ਵਿਅਕਤੀ ਮਿਲਿਆ ਸੀ। ਜਿਸ ਨੇ ਉਸ ਨੂੰ ਫਾਇਰਮੈਨ ਦੀ ਨੌਕਰੀ ਦਿਵਾਉਣ ਦਾ ਝਾਂਸਾ ਦਿੰਦਿਆਂ ਉਸ ਕੋਲੋਂ 7 ਲੱਖ ਰੁਪਏ ਦੀ ਮੰਗ ਕੀਤੀ ਸੀ। ਉਨ੍ਹਾਂ ਦੋਵੇਂ ਭਰਾਵਾਂ ਨੂੰ ਨੌਕਰੀ ਲਗਵਾਉਣ ਲਈ ਇਕ ਤਰ੍ਹਾਂ ਨਾਲ ਪੇਸਗੀ ਵਜੋਂ ਇਕ ਲੱਖ ਰੁਪਏ ਦਿੱਤੇ ਸਨ। ਬਦਲੇ 'ਚ ਪ੍ਰੀਤਮ ਸਿੰਘ ਨੇ ਇਕ ਲੱਖ ਦਾ ਸਕਿਓਰਿਟੀ ਚੈੱਕ ਵੀ ਦਿੱਤਾ ਸੀ। ਤਿੰਨ ਮਹੀਨੇ ਬਾਅਦ ਪ੍ਰੀਤਮ ਸਿੰਘ ਨੇ ਕਿਹਾ ਕਿ ਦੋਹਾਂ ਭਰਾਵਾਂ ਦੇ ਨਾਮ ਲਿਸਟ ਵਿਚ ਆ ਗਏ ਹਨ ਅਤੇ ਹੁਣ ਉਹ ਤੁਰੰਤ 4 ਲੱਖ ਰੁਪਏ ਜਮ੍ਹਾਂ ਕਰਵਾ ਦੇਣ। ਉਨ੍ਹਾਂ ਨੇ ਚਾਰ ਲੱਖ ਜਮ੍ਹਾਂ ਕਰਵਾ ਦਿੱਤੇ ਅਤੇ ਬਾਕੀ ਦੇ ਦੋ ਲੱਖ ਰੁਪਏ ਕੰਮ ਹੋ ਜਾਣ ਤੋਂ ਬਾਅਦ ਦੇਣ ਦਾ ਵਾਅਦਾ ਕੀਤਾ। ਜਿਸ ਤੋਂ ਬਾਅਦ ਮੁਲਜਮ ਟਾਲਮਟੋਲ ਕਰਨ ਲੱਗੇ ਤੇ ਫੋਨ ਚੁੱਕਣਾ ਵੀ ਬੰਦ ਕਰ ਦਿੱਤਾ। ਜਿਸ ਤੋਂ ਬਾਅਦ ਉਨ੍ਹਾਂ ਨੂੰ ਠੱਗੀ ਦਾ ਪਤਾ ਲੱਗਿਆ। ਇਸੇ ਤਰ੍ਹਾਂ ਦੂਜੇ ਮਾਮਲੇ ਵਿਚ ਪੁਲਸ ਦੇ ਕੋਲ ਪਿੰਡ ਰੰਗੀਆ ਨਿਵਾਸੀ ਭੁਪਿੰਦਰ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ। ਉਕਤ ਮੁਲਜਮ ਗੁਰਪ੍ਰੀਤ ਸਿੰਘ ਨੇ ਉਸ ਨੂੰ ਮੰਤਰੀਆਂ ਤੇ ਹੋਰ ਅਧਿਕਾਰੀਆਂ ਨਾਲ ਫੋਟੋਆਂ ਦਿਖਾ ਕੇ ਝਾਂਸੇ ਵਿਚ ਲੈ ਕੇ ਉਸ ਕੋਲੋਂ ਤੇ ਉਸ ਦੇ ਰਿਸ਼ਤੇਦਾਰਾਂ ਕੋਲੋਂ 18 ਲੱਖ ਰੁਪਏ ਖਾਤੇ ਵਿਚ ਵਿਚ ਟਰਾਂਸਫਰ ਕਰਵਾ ਲਏ ਤੇ ਬਾਅਦ ਵਿਚ ਫੋਨ ਚੁੱਕਣਾ ਵੀ ਬੰਦ ਕਰ ਦਿੱਤਾ।

## ਸਿਵਲ ਹਸਪਤਾਲ ਦੀ ਤੀਜੀ ਮੰਜਿਲ ਤੋਂ ਛਾਲ ਮਾਰ ਵਿਅਕਤੀ ਨੇ ਕੀਤੀ ਖੁਦਕੁਸ਼ੀ

ਖੰਨਾ 8 ਜਨਵਰੀ। ਬੀਤੇ ਦਿਨ ਕੁਲਵਿੰਦਰ ਸਿੰਘ ਨਾਂ ਦੇ ਨੌਜਵਾਨ ਨੇ ਕੁਝ ਵਿਅਕਤੀਆਂ ਵਲੋਂ ਤੰਗ-ਪਰੇਸ਼ਾਨ ਕਰਨ ਕਰ ਕੇ ਸਿਵਲ ਹਸਪਤਾਲ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸੀ ਕਰ ਲਈ ਸੀ। ਐੱਸ. ਐੱਸ. ਪੀ. ਅਮਨੀਤ ਕੌਂਡਲ ਦੇ ਦਿਸਾ-ਨਿਰਦੇਸਾਂ 'ਤੇ ਤੁਰੰਤ ਕਾਰਵਾਈ ਕਰਦਿਆਂ ਡੀ. ਐੱਸ. ਪੀ. ਹਰਜਿੰਦਰ ਸਿੰਘ ਗਿੱਲ ਦੀ ਅਗਵਾਈ ਵਿਚ ਖੰਨਾ ਪੁਲਸ ਨੇ ਮਾਮਲਾ ਦਰਜ ਕਰ ਕੇ ਦੋ ਮੁਲਜਮਾਂ ਨੂੰ ਕਾਬੂ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਖੰਨਾ ਹਰਜਿੰਦਰ ਗਿੱਲ ਨੇ ਦੱਸਿਆ ਕਿ ਬੀਤੇ ਕੱਲ੍ਹ ਕੁਲਵਿੰਦਰ ਸਿੰਘ ਸਪੁੱਤਰ ਬੁੱਧ ਰਾਮ ਵਾਸੀ ਰਸੂਲੜਾ ਨੇ ਕੁਝ ਵਿਅਕਤੀਆਂ ਵਲੋਂ ਤੰਗ-ਪਰੇਸ਼ਾਨ ਕਰਨ ਕਰ ਕੇ ਸਿਵਲ ਹਸਪਤਾਲ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸੀ ਕਰ ਲਈ ਸੀ

# ਵੱਡਾ ਕਾਂਡ ਕਰ ਗਿਆ ਫਾਇਨਾਂਸ ਕੰਪਨੀ ਦਾ ਮੁਲਾਜ਼ਮ, ਕੰਪਨੀ ਵਾਲੇ ਕਰਦੇ ਰਹਿ ਗਏ ਫੋਨ

ਏਜੰਸੀਆਂ

ਮੋਗਾ 8 ਜਨਵਰੀ। ਫਿਊਜ਼ਨ ਮਾਈਕਰੋ ਫਾਇਨਾਂਸ ਲਿਮਟਿਡ ਕੰਪਨੀ ਵਿਚ ਕੰਮ ਕਰਦੇ ਮੁਲਾਜ਼ਮ ਵੱਲੋਂ ਵੱਖ-ਵੱਖ ਪਿੰਡਾਂ ਵਿਚ ਕਿਸ਼ਤਾਂ ਨਾਲ ਇਕੱਠੇ ਕੀਤੇ ਗਏ 5 ਲੱਖ 43 ਹਜ਼ਾਰ 309 ਰੁਪਏ ਲੈ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਪੁਲਸ ਨੇ ਜਾਂਚ ਤੋਂ ਬਾਅਦ ਕੰਪਨੀ ਅਧਿਕਾਰੀ ਨਛੱਤਰ ਸਿੰਘ ਨਿਵਾਸੀ ਕਾਸੂਬੇਗੂ ਕੁਲਗੜੀ ਫਿਰੋਜ਼ਪੁਰ ਦੀ ਸ਼ਿਕਾਇਤ 'ਤੇ ਕਥਿਤ ਮੁਲਜ਼ਮ ਨਿਰਮਲ ਸਿੰਘ ਨਿਵਾਸੀ ਤਲਵੰਡੀ ਮੋਹਰ ਸਿੰਘ ਵਾਲਾ ਤਰਨਤਾਰਨ ਖ਼ਿਲਾਫ਼ ਥਾਣਾ ਸਿਟੀ ਮੋਗਾ ਵਿਚ ਮਾਮਲਾ ਦਰਜ ਕਰਕੇ ਉਸ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਸ਼ਿਕਾਇਤਕਰਤਾ ਨੇ ਕਿਹਾ ਕਿ ਕੰਪਨੀ ਵੱਖ-ਵੱਖ ਪਿੰਡਾਂ ਵਿਚ ਔਰਤਾਂ ਨੂੰ ਕੰਮ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ, ਜੋ ਅਸੀਂ ਕਿਸ਼ਤਾਂ ਵਿਚ ਇਕੱਠੇ ਕਰਦੇ ਹਾਂ। ਉਨ੍ਹਾਂ ਕਿਹਾ ਕਿ ਕਥਿਤ ਦੋਸ਼ੀ ਨਿਰਮਲ ਸਿੰਘ ਬੀਤੀ 2 ਅਗਸਤ 2021 ਨੂੰ ਸਾਡੀ ਕੰਪਨੀ ਵਿਚ ਰਿਲੇਸ਼ਨਸ਼ਿਵ ਅਧਿਕਾਰੀ ਦੇ ਤੌਰ 'ਤੇ ਕੰਮ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਨਿਰਮਲ ਸਿੰਘ ਬੀਤੀ 20 ਅਕਤੂਬਰ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਖੋਸਾ, ਜਨੇਰ, ਰੰਡਿਆਲਾ, ਮੱਲੇ, ਫਤਿਹ ਉਲਾ ਸ਼ਾਹ, ਤਲਵੰਡੀ ਜੱਲੇ ਖਾਂ, ਖੋਸਲਾ ਅਤੇ ਲੋਂਗੀਵਿੰਡ ਵਿਚ ਵਸੂਲੀ ਕਰਨ ਦਾ ਕੰਮ ਕਰਦਾ ਸੀ। ਜਦ ਉਹ ਵੱਖ-




ਵੱਖ ਪਿੰਡਾਂ ਵਿਚ ਕਿਸ਼ਤਾਂ ਇਕੱਠੀਆਂ ਕਰਕੇ ਵਾਪਸ ਨਹੀਂ ਆਇਆ ਅਤੇ ਅਸੀਂ ਉਨ੍ਹਾਂ ਨੂੰ ਕਈ ਵਾਰ ਫੋਨ ਵੀ ਕੀਤਾ ਅਤੇ ਉਹ ਬੰਦ ਆ ਰਿਹਾ ਸੀ। ਇਸ ਦੌਰਾਨ ਜਦੋਂ ਅਸੀਂ ਪਿੰਡਾਂ ਵਿਚ ਜਾ ਕੇ ਜਾਂਚ ਕੀਤੀ ਅਤੇ ਜਿਨ੍ਹਾਂ ਲੋਕਾਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਰਸੀਦਾਂ ਦਿੱਤੀਆਂ ਗਈਆਂ ਸੀ ਤਾਂ ਸਾਨੂੰ ਪਤਾ ਲੱਗਾ ਕਿ ਕਥਿਤ ਦੋਸ਼ੀ ਨੇ 5 ਲੱਖ 43 ਹਜ਼ਾਰ 309 ਰੁਪਏ ਇਕੱਤਰ ਕਰ ਕੇ ਉਹ ਰਕਮ ਫਿਊਜ਼ਨ ਮਾਈਕਰੋ ਫਾਇਨਾਂਸ ਕੰਪਨੀ ਦੀ ਬ੍ਰਾਂਚ ਮੋਗਾ ਵਿਚ ਨਹੀਂ ਕਰਵਾਈ। ਇਸ ਤਰ੍ਹਾਂ ਉਸ ਨੇ ਕੰਪਨੀ ਦੇ ਨਾਲ ਧੋਖਾਦੇਹੀ ਕੀਤੀ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਨੇ ਉਕਤ ਮਾਮਲੇ ਦੀ ਜਾਂਚ ਦਾ ਆਦੇਸ਼ ਦਿੱਤਾ। ਜਾਂਚ ਸਮੇਂ ਪਤਾ ਲੱਗਾ ਕਿ ਨਿਰਮਲ ਸਿੰਘ ਵੱਲੋਂ 20 ਅਕਤੂਬਰ 2022 ਨੂੰ ਫਿਊਜਨ ਮਾਈਕਰੋ ਫਾਇਨੈਂਸ ਕੰਪਨੀ ਵੱਲੋਂ ਮਹਿਲਾਵਾਂ ਨੂੰ ਦਿੱਤੇ ਗਏ ਕਰਜ਼ੇ ਦੀਆਂ ਕਿਸ਼ਤਾਂ ਜੋ ਕਰੀਬ 5 ਲੱਖ 43 ਹਜ਼ਾਰ 309 ਰੁਪਏ ਹੈ, ਇਕੱਤਰ ਕਰ ਕੇ ਆਪਣੇ ਨਾਲ ਲੈ ਕੇ ਭੱਜ ਗਿਆ। ਜਾਂਚ ਅਧਿਕਾਰੀ ਵੱਲੋਂ ਜਾਂਚ ਸਮੇਂ ਦੋਨੋਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ। ਜਾਂਚ ਦੇ ਬਾਅਦ ਸ਼ਿਕਾਇਤਕਰਤਾ ਦੇ ਦੋਸ਼ ਸਹੀ ਪਾਏ ਜਾਣ 'ਤੇ ਉਕਤ ਮਾਮਲੇ ਵਿਚ ਕਾਨੂੰਨੀ ਰਾਇ ਹਾਸਲ ਕਰ ਕੇ ਕਥਿਤ ਮੁਲਜ਼ਮ ਨਿਰਮਲ ਸਿੰਘ ਖਿਲਾਫ ਥਾਣਾ ਸਿਟੀ ਮੋਗਾ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਸਹਾਇਕ ਥਾਣੇਦਾਰ ਅਜੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

## ਬਿਕਰਮ ਮਜੀਠੀਆ ਨਹੀਂ ਹੋਏ 'ਸਿਟ' ਅੱਗੇ ਪੇਸ਼, ਹੁਣ ਇਸ ਤਾਰੀਖ ਨੂੰ ਮੁੜ ਪੇਸ਼ ਹੋਣ ਦੇ ਹੁਕਮ

ਪਟਿਆਲਾ 8 ਜਨਵਰੀ। ਸਾਬਕਾ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਬੀਤੇ ਦਿਨੀਂ ਨਸ਼ਿਆਂ ਦੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ. ਆਈ. ਟੀ.) ਅੱਗੇ ਪੇਸ਼ ਨਹੀਂ ਹੋਏ। ਮਜੀਠੀਆ ਨੇ ਏ. ਡੀ. ਜੀ. ਪੀ. ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਵਾਲੀ ਸਪੈਸ਼ਲ ਇਨਵੈਸਟੀਗੇਸ਼ਨ ਵਾਲੀ ਟੀਮ ਅੱਗੇ ਪੇਸ਼ ਹੋਣਾ ਸੀ ਪਰ ਉਹ ਪੇਸ਼ ਨਹੀਂ ਹੋਏ। ਦੂਜੇ ਪਾਸੇ ਐੱਸ. ਆਈ. ਟੀ. ਵੱਲੋਂ ਬਿਕਰਮ ਮਜੀਠੀਆ ਨੂੰ 30 ਦਸੰਬਰ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਮਾਮਲੇ 'ਚ ਅਕਾਲੀ ਦਲ ਦੇ ਮੁੱਖ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਦੱਸਿਆ ਕਿ ਪਿਛਲੀ ਪੇਸ਼ੀ ਵੇਲੇ ਮਜੀਠੀਆ ਨੇ ਐੱਸ. ਆਈ. ਟੀ. ਨੂੰ ਆਖਿਆ ਸੀ ਕਿ ਸ਼ਹੀਦੀ ਸਪਤਾਹ ਦੌਰਾਨ ਅਗਲੀ ਤਰੀਕ ਨਾ ਰੱਖੀ ਜਾਵੇ ਅਤੇ ਇਹ ਗੱਲ ਆਨ ਕੈਮਰਾ ਕਹੀ ਸੀ। ਦੱਸਣਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕਾਂਗਰਸ ਸਰਕਾਰ ਦੇ ਸਮੇਂ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸਰਕਾਰ ਨੇ ਮੋਹਾਲੀ ਵਿਖੇ ਐੱਨ. ਡੀ. ਪੀ. ਐੱਸ. ਐਕਟ ਅਧੀਨ ਕੇਸ ਦਰਜ ਵੀ ਕਰ ਦਿੱਤਾ ਸੀ। ਉਸ ਤੋਂ ਬਾਅਦ ਉਹ 5 ਮਹੀਨੇ ਕੇਂਦਰੀ ਜੇਲ ਪਟਿਆਲਾ 'ਚ ਰਹੇ ਅਤੇ ਉਸ ਇਸ ਕੇਸ 'ਚ ਜ਼ਮਾਨਤ 'ਤੇ ਹਨ। ਦੱਸਣਯੋਗ ਹੈ ਕਿ ਬਹੁ-ਕਰੋੜੀ ਡਰੱਗ ਰੈਕੇਟ ਮਾਮਲੇ ਦੀ ਮੁੜ ਜਾਂਚ ਲਈ ਗਠਿਤ ਕੀਤੀ ਗਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਵੱਲੋਂ ਸੰਮਨ ਭੇਜੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਇਸ ਦੇ ਪਹਿਲਾਂ 18 ਦਸੰਬਰ ਨੂੰ ਐੱਸ. ਆਈ. ਟੀ. ਅੱਗੇ ਪੇਸ਼ ਹੋਏ ਸਨ। ਉਨ੍ਹਾਂ ਦੱਸਿਆ ਕਿ ਐੱਸ. ਆਈ. ਟੀ. ਨੇ ਮਜੀਠੀਆ ਨੂੰ ਕੁਝ ਲਿਖਤੀ ਸਵਾਲ ਦਿੱਤੇ ਹਨ, ਜਿਨ੍ਹਾਂ ਦਾ ਆਉਂਦੇ ਸਮੇਂ ਵਿਚ ਲਿਖਤੀ ਜਵਾਬ ਦੇ ਦਿੱਤਾ ਜਾਵੇਗਾ ਪਰ ਅਫਸੋਸ ਪ੍ਰਗਟਾਇਆ ਕਿ ਸਹੀਦੀ ਦਿਹਾੜਿਆਂ ਦੌਰਾਨ ਵੀ 'ਆਪ' ਸਰਕਾਰ ਰਾਜਨੀਤੀ ਕਰਨ ਤੋਂ ਟੱਲ ਨਹੀਂ ਰਹੀ।

# ਕੱਚੇ ਮਾਲ ਦੇ ਨਰਮ ਹੋਣ ਕਾਰਨ ਤੇਜ ਹੋਵੇਗੀ ਟਾਇਰ ਕੰਪਨੀਆਂ ਦੀ ਰਫਤਾਰ

ਏਜੰਸੀਆਂ

ਬਿਜਨਸ ਡੈਸਕ 8 ਜਨਵਰੀ। ਕੱਚੇ ਮਾਲ ਦੀਆਂ ਕੀਮਤਾਂ ਵਿੱਚ ਗਿਰਾਵਟ ਅਤੇ ਮੰਗ ਵਿੱਚ ਸੁਧਾਰ ਦੀ ਉਮੀਦ ਨਾਲ ਟਾਇਰ ਨਿਰਮਾਣ ਕੰਪਨੀਆਂ ਦੇ ਸੇਅਰਾਂ ਨੂੰ ਮਦਦ ਮਿਲਣ ਦੀ ਸੰਭਾਵਨਾ ਹੈ। ਸੂਚੀਬੱਧ ਕੰਪਨੀਆਂ ਨੇ ਪਿਛਲੇ ਸਾਲ ਦੌਰਾਨ ਔਸਤਨ 48 ਫੀਸਦੀ ਦੀ ਰਿਟਰਨ ਪ੍ਰਦਾਨ ਕੀਤੀ, ਕਿਉਂਕਿ ਉਹਨਾਂ ਨੂੰ ਕੱਚੇ ਮਾਲ ਦੀਆਂ ਕੀਮਤਾਂ ਵਿੱਚ ਨਰਮੀ ਅਤੇ ਬਦਲੀ ਬਾਜਾਰ ਵਿੱਚ ਮਜਬੂਤ ਕੀਮਤਾਂ ਦੁਆਰਾ ਮਦਦ ਮਿਲੀ ਹੈ। ਕੱਚੇ ਤੇਲ ਅਤੇ ਉਸ ਨਾਲ ਸਬੰਧਤ ਉਪ-ਉਤਪਾਦਾਂ ਦਾ ਟਾਇਰ ਨਿਰਮਾਤਾਵਾਂ ਲਈ ਕੱਚੇ ਮਾਲ ਦੀਆਂ ਕੀਮਤਾਂ ਦਾ ਕਰੀਬ 50 ਫੀਸਦੀ ਹਿੱਸਾ ਹੈ। ਇਸ ਨਾਲ ਵੱਡੀਆਂ ਕੰਪਨੀਆਂ ਨੂੰ ਮਾਰਜਿਨ ਦੇ ਮਾਮਲੇ 'ਚ ਮਦਦ ਮਿਲਣ ਦੀ ਸੰਭਾਵਨਾ ਹੈ। ਸ਼ੇਅਰਖਾਨ ਰਿਸਰਚ ਦੇ ਮੁਤਾਬਕ, 'ਸੂਚੀਬੱਧ ਟਾਇਰ ਕੰਪਨੀਆਂ ਨੇ ਕੱਚੇ ਮਾਲ ਦੀਆਂ ਕੀਮਤਾਂ 'ਚ ਨਰਮੀ ਦੀ ਮਦਦ ਨਾਲ ਜੁਲਾਈ-ਸਤੰਬਰ ਤਿਮਾਹੀ 'ਚ ਸੰਚਾਲਨ ਮੁਨਾਫੇ 'ਚ 141 ਆਧਾਰ ਅੰਕਾਂ ਦਾ ਤਿਮਾਹੀ-ਦਰ-ਤਿਮਾਹੀ ਸੁਧਾਰ ਦਰਜ ਕੀਤਾ



ਹੈ। ਉਨ੍ਹਾਂ ਨੂੰ ਅਕਤੂਬਰ-ਦਸੰਬਰ ਤਿਮਾਹੀ 'ਚ ਕੁਝ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਅਕਤੂਬਰ ਅਤੇ ਨਵੰਬਰ ਦੌਰਾਨ ਕੱਚੇ ਮਾਲ ਦੀਆਂ ਕੀਮਤਾਂ ਵਿੱਚ 5 ਫੀਸਦੀ ਦਾ ਵਾਧਾ ਹੋਇਆ ਹੈ। ਹਾਲਾਂਕਿ ਬ੍ਰੋਕਰਾਂ ਦਾ ਮੰਨਣਾ ਹੈ ਕਿ ਕੱਚੇ ਮਾਲ ਦੀਆਂ ਕੀਮਤਾਂ 'ਚ ਨਰਮੀ ਕਾਰਨ ਜਨਵਰੀ-ਮਾਰਚ ਤਿਮਾਹੀ 'ਚ ਟਾਇਰ ਨਿਰਮਾਤਾਵਾਂ ਨੂੰ ਫਾਇਦਾ ਹੋਣ ਦੀ ਸੰਭਾਵਨਾ ਹੈ। ਜੇਐੱਮ ਵਿੱਤੀ ਖੋਜ ਦੇ ਵਿਸਲੇਸਕ ਰੌਨਕ ਮਹਿਤਾ ਅਤੇ ਵਿਵੇਕ ਕੁਮਾਰ ਦਾ ਕਹਿਣਾ ਹੈ, 'ਕੱਚੇ ਤੇਲ ਦੀਆਂ ਕੀਮਤਾਂ 93 ਡਾਲਰ ਪ੍ਰਤੀ ਬੈਰਲ ਤੋਂ ਘੱਟ ਕੇ 78 ਡਾਲਰ ਤੱਕ ਆਉਣ ਨਾਲ ਵਿੱਤੀ ਸਾਲ 2024 ਦੀ ਚੌਥੀ ਤਿਮਾਹੀ ਅਤੇ ਵਿੱਤੀ ਸਾਲ 2025 ਦੀ ਪਹਿਲੀ ਤਿਮਾਹੀ ਦੌਰਾਨ ਮਾਰਜਨ ਪ੍ਰਦਰਸਨ ਅਨੁਕੂਲ ਰਹਿਣ ਦੀ ਉਮੀਦ ਹੈ। ਕੱਚੇ ਮਾਲ ਦੀ ਲਾਗਤ ਤੋਂ ਇਲਾਵਾ ਹੋਰ ਮੁੱਖ ਕਾਰਕ ਰਿਪਲੇਸਮੈਂਟ ਅਤੇ ਅਸਲੀ ਉਪਕਰਨ ਨਿਰਮਾਤਾ () ਭਾਗਾਂ ਦੋਵਾਂ ਨਾਲ ਸਬੰਧਤ ਮੰਗ ਹੋਣਗੇ।

# ਭ੍ਰਿਸ਼ਟਾਚਾਰ ਖਿਲਾਫ ਐਕਸ਼ਨ ਮੋਡ 'ਚ ਰਹੀ ਵਿਜੀਲੈਂਸ, ਸੁਰਖੀਆਂ 'ਚ ਰਹੇ ਇਹ ਮਾਮਲੇ

ਸਰਦੂਲ ਸਿੰਘ

ਚੰਡੀਗੜ੍ਹ 8 ਜਨਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸਟਾਚਾਰ ਨੂੰ ਨੱਥ ਪਾਉਣ ਲਈ ਲਗਾਤਾਰ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਦਿਆਂ ਸਾਲ 2023 ਦੌਰਾਨ 26 ਦਸੰਬਰ ਤੱਕ ਦਰਜ ਕੀਤੇ ਗਏ ਕੁੱਲ 251 ਟਰੈਪ ਕੇਸਾਂ, ਅਪਰਾਧਿਕ ਮਾਮਲਿਆਂ ਅਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕੇਸਾਂ ਵਿਚ 288 ਸਰਕਾਰੀ ਅਧਿਕਾਰੀਆਂ, ਕਰਮਚਾਰੀਆਂ ਅਤੇ ਪ੍ਰਾਈਵੇਟ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਉਕਤ ਕੇਸਾਂ ਵਿਚ ਗ੍ਰਿਫ਼ਤਾਰ ਕੀਤੇ ਦੋਸੀਆਂ ਵਿਚ 66 ਪੁਲਸ ਕਰਮਚਾਰੀਆਂ ਅਤੇ 44 ਮਾਲ ਅਧਿਕਾਰੀ ਤੇ ਕਰਮਚਾਰੀ ਸਾਮਲ ਹਨ। ਇਸ ਤੋਂ ਇਲਾਵਾ ਇਨ੍ਹਾਂ ਮਾਮਲਿਆਂ ਵਿਚ 7 ਰਾਜਨੀਤਿਕ ਆਗੂਆਂ ਅਤੇ 70 ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਖ਼ਿਲਾਫ ਕੇਸ ਦਰਜ ਕੀਤੇ ਗਏ। ਇਸ ਦੇ ਨਾਲ ਹੀ ਇਸ ਸਾਲ ਦੌਰਾਨ 133 ਵੱਖ-ਵੱਖ ਟਰੈਪ ਕੇਸਾਂ ਵਿਚ 59,57,000 ਰੁਪਏ ਦੀ ਰਕਮ ਬਰਾਮਦ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਬਿਊਰੋ ਨੇ ਰਿਸਵਤ ਲੈਣ ਵਾਲਿਆਂ ਨੂੰ ਨੱਥ ਪਾਉਣ ਅਤੇ ਆਮ ਲੋਕਾਂ ਵਿਚ ਜਾਗਰੁਕਤਾ ਫੈਲਾਉਣ ਲਈ ਬਹੁ-ਪੱਖੀ ਪਹੁੰਚ ਅਪਣਾਈ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਦੌਰਾਨ ਵਿਜੀਲੈਂਸ ਬਿਊਰੋ ਦੇ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਅਣਥੱਕ ਮਿਹਨਤ, ਇਮਾਨਦਾਰੀ ਤੇ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਂਦਿਆਂ ਹਰੇਕ ਖੇਤਰ ਵਿੱਚ ਸਰਕਾਰੀ ਮੁਲਾਜ਼ਮਾਂ ਅਤੇ ਹੋਰਨਾਂ ਵਿੱਚ ਭ੍ਰਿਸਟਾਚਾਰ ਅਤੇ ਭ੍ਰਿਸਟ ਗਤੀਵਿਧੀਆਂ ਦੇ ਖਾਤਮੇ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ 'ਤੇ ਡਟ ਕੇ ਪਹਿਰਾ ਦਿੱਤਾ ਤੇ ਦੋਸੀਆਂ ਖਿਲਾਫ ਮੁਕੱਦਮੇ ਦਰਜ ਕੀਤੇ। ਵਿਜੀਲੈਂਸ ਬਿਊਰੋ ਦੀ ਕਾਰਗੁਜਾਰੀ ਬਾਰੇ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਬਿਊਰੋ ਨੇ 103 ਅਪਰਾਧਿਕ ਅਤੇ 15 ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕੇਸ ਦਰਜ ਕੀਤੇ ਹਨ। ਇਸ ਮਿਆਦ ਦੇ ਅੰਦਰ ਵੱਖ-ਵੱਖ ਵਿਸੇਸ ਅਦਾਲਤਾਂ ਨੇ ਵਿਜੀਲੈਂਸ ਬਿਊਰੋ ਵੱਲੋਂ ਦਾਇਰ ਕੀਤੇ ਗਏ 33 ਕੇਸਾਂ ਦਾ ਫੈਸਲਾ ਕੀਤਾ ਜਿਸ ਦੇ ਨਤੀਜੇ ਵਜੋਂ 43 ਮੁਲਾਜ਼ਮਾਂ ਨੂੰ ਦੋਸੀ ਠਹਿਰਾਇਆ ਗਿਆ ਅਤੇ ਸਜਾ ਸੁਣਾਈ ਗਈ। ਵਿਜੀਲੈਂਸ ਨੇ ਇਸ ਸਮੇਂ ਦੌਰਾਨ ਵੱਖ-ਵੱਖ ਅਦਾਲਤਾਂ ਵਿਚ 181 ਕੇਸਾਂ ਦੇ ਚਲਾਨ ਪੇਸ ਕੀਤੇ ਹਨ। ਇਸ ਤੋਂ ਇਲਾਵਾ ਭ੍ਰਿਸਟਾਚਾਰ ਨਾਲ ਸਬੰਧਤ ਕੇਸਾਂ ਦੀ ਡੂੰਘਾਈ ਨਾਲ ਜਾਂਚ ਕਰਨ ਲਈ 82 ਵਿਜੀਲੈਂਸ ਪੜਤਾਲਾਂ ਵੀ ਦਰਜ ਕੀਤੀਆਂ ਗਈਆਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 23-03-2022 ਤੋਂ ਆਰੰਭੀ ਗਈ ਮੁੱਖ ਮੰਤਰੀ ਭ੍ਰਿਸਟਾਚਾਰ ਵਿਰੋਧੀ ਐਕਸਨ ਲਾਈਨ ਦੀ ਸੁਰੂਆਤ ਤੋਂ ਲੈ ਕੇ ਹੁਣ ਤੱਕ ਦੀਆਂ ਪ੍ਰਾਪਤੀਆਂ ਬਾਰੇ ਗੱਲ ਕਰਦਿਆਂ ਬੁਲਾਰੇ ਨੇ ਦੱਸਿਆ ਕਿ ਬਿਊਰੋ ਨੂੰ 26-12-2023 ਤੱਕ ਆਡੀਓ-ਵੀਡੀਓ ਰਿਕਾਰਡਿੰਗਾਂ ਦੇ ਸਬੂਤਾਂ ਸਮੇਤ 11,074 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਵਿੱਚੋਂ 5740 ਸ਼ਿਕਾਇਤਾਂ ਸਬੰਧਤ ਵਿਭਾਗਾਂ ਨੂੰ ਕਾਰਵਾਈ ਹਿੱਤ ਭੇਜ ਦਿੱਤੀਆਂ ਗਈਆਂ ਅਤੇ 630 ਸ਼ਿਕਾਇਤਾਂ ਵੱਖ-ਵੱਖ ਵਿਜੀਲੈਂਸ ਰੇਂਜਾਂ ਨੂੰ ਭੇਜੀਆਂ ਗਈਆਂ ਤਾਂ ਜੋ ਇਨ੍ਹਾਂ ਦੀ ਪੜਤਾਲ ਕਰਕੇ ਬਣਦੀ ਕਾਰਵਾਈ




ਕੀਤੀ ਜਾ ਸਕੇ। ਵਿਜੀਲੈਂਸ ਰੇਂਜਾਂ ਦੁਆਰਾ ਡੂੰਘਾਈ ਨਾਲ ਜਾਂਚ ਕਰਨ ਤੋਂ ਬਾਅਦ, ਹੁਣ ਤੱਕ ਦਰਜ ਕੀਤੀਆਂ 124 ਐਫਆਈਆਰਜ ਵਿੱਚ 151 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਵੱਖ-ਵੱਖ ਟਰੈਪ ਕੇਸਾਂ ਬਾਰੇ ਵਿਸਥਾਰਤ ਜਾਣਕਾਰੀ ਦਿੰਦਿਆਂ ਬੁਲਾਰੇ ਨੇ ਵੱਖ-ਵੱਖ ਵਿਜੀਲੈਂਸ ਰੇਂਜਾਂ ਵੱਲੋਂ ਦਰਜ ਕੀਤੇ ਗਏ ਕੁਝ ਖਾਸ ਕੇਸਾਂ ਬਾਰੇ ਦੱਸਿਆ ਕਿ ਸਾਲ 2023 ਦੌਰਾਨ ਵਿਜੀਲੈਂਸ ਬਿਓਰੋ ਰੇਂਜ ਬਠਿੰਡਾ ਵੱਲੋਂ ਬਲਜੀਤ ਸਿੰਘ ਬਰਾੜ, ਡੀ.ਐਸ.ਪੀ, ਮੌੜ ਮੰਡੀ, ਜ਼ਿਲ੍ਹਾ ਬਠਿੰਡਾ ਨੂੰ 30,000 ਰੁਪਏ ਦੀ ਰਿਸਵਤ ਲੈਂਦਿਆਂ, ਅਮਿਤ ਰਤਨ, ਵਿਧਾਇਕ, ਬਠਿੰਡਾ ਦਿਹਾਤੀ ਨੂੰ 4,00,000 ਰੁਪਏ ਰਿਸਵਤ ਲੈਂਦਿਆਂ, ਆਰ.ਕੇ. ਗੁਪਤਾ, ਸੁਪਰਡੈਂਟ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸਨ ਵਿਭਾਗ, ਮੋਹਾਲੀ ਨੂੰ 1,00,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਗਿਆ। ਇਸੇ ਤਰ੍ਹਾਂ ਵਿਜੀਲੈਂਸ ਰੇਂਜ ਜਲੰਧਰ ਵੱਲੋਂ ਸਰਤਾਜ ਸਿੰਘ ਰੰਧਾਵਾ ਕਾਰਜਕਾਰੀ ਇੰਜਨੀਅਰ ਮਾਈਨਿੰਗ, ਜ਼ਿਲ੍ਹਾ ਹੁਸ਼ਿਆਰਪੁਰ ਅਤੇ ਹਰਜਿੰਦਰ ਸਿੰਘ ਐਸ.ਡੀ.ਓ, ਮਾਈਨਿੰਗ, ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ 5,00,000 ਰੁਪਏ ਰਿਸਵਤ ਲੈਂਦਿਆਂ ਅਤੇ ਸਰਬਜੀਤ ਸਿੰਘ ਐਸ.ਡੀ.ਓ ਮਾਈਨਿੰਗ ਅਤੇ ਹੋਰਾਂ ਨੂੰ 40,000 ਰੁਪਏ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਵਿਚ ਕਮਿਊਨਿਟੀ ਹੈਲਥ ਸੈਂਟਰ ਸਾਹਨੇਵਾਲ ਵਿਖੇ ਤਾਇਨਾਤ ਐਸਐਮਓ ਡਾ. ਪੂਨਮ ਗੋਇਲ ਅਤੇ ਡਾ. ਗੌਰਵ ਜੈਨ ਨੂੰ 15,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਇਸੇ ਤਰ੍ਹਾਂ ਪਟਿਆਲਾ ਵਿਜੀਲੈਂਸ ਰੇਂਜ ਵੱਲੋਂ ਦੋ ਵੱਖ-ਵੱਖ ਮਾਮਲਿਆਂ ਵਿੱਚ ਅਮਰਜੀਤ ਕੁਮਾਰ, ਸਹਾਇਕ ਇੰਜੀਨੀਅਰ (ਵਾਧੂ ਚਾਰਜ ਪੰਚਾਇਤ ਵਿਭਾਗ, ਰਾਜਪੁਰਾ) ਨੂੰ 2,00,000 ਰੁਪਏ ਅਤੇ ਮਨੀਸ ਕੁਮਾਰ ਜਿੰਦਲ, ਵਧੀਕ ਸੁਪਰਡੈਂਟ ਇੰਜੀਨੀਅਰ, ਸਬ-ਡਵੀਜਨ ਪੀ.ਐਸ.ਪੀ.ਸੀ.ਐਲ. ਲਹਿਰਾ ਗਾਗਾ, ਸੰਗਰੂਰ ਨੂੰ 45,000 ਰੁਪਏ ਰਿਸਵਤ ਲੈਂਦਿਆਂ ਕਾਬੂ ਕੀਤਾ ਗਿਆ। ਇਸ ਤੋਂ ਇਲਾਵਾ ਅੰਮ੍ਰਿਤਸਰ ਯੂਨਿਟ ਵੱਲੋਂ ਵਿਪਨ ਕੁਮਾਰ ਸਰਮਾ, ਬੀ.ਡੀ.ਪੀ.ਓ., ਬਲਾਕ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਨੂੰ 15,000 ਰੁਪਏ ਰਿਸਵਤ ਲੈਣ, ਜਦਕਿ ਪੰਜਾਬ ਅਰਬਨ ਪਲੈਨਿੰਗ ਐਂਡ ਡਿਵੈਲਪਮੈਂਟ ਅਥਾਰਟੀ (ਪੁੱਡਾ), ਅੰਮ੍ਰਿਤਸਰ ਦੇ ਕਾਰਜਕਾਰੀ ਇੰਜਨੀਅਰ ਗੁਰਪ੍ਰੀਤ ਸਿੰਘ ਨੂੰ 20,000 ਰੁਪਏ ਰਿਸਵਤ ਲੈਂਦਿਆਂ ਕਾਬੂ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਸੁਖਵਿੰਦਰ ਸਿੰਘ ਮੁਲਤਾਨੀ, ਕਾਰਜਕਾਰੀ ਇੰਜੀਨੀਅਰ, ਪੰਜਾਬ ਰਾਜ ਪਾਵਰ ਕਾਰਪੋਰੇਸਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਨੂੰ ਵਿਜੀਲੈਂਸ ਰੇਂਜ ਅੰਮ੍ਰਿਤਸਰ ਨੇ 4 ਲੱਖ ਰੁਪਏ ਰਿਸਵਤ ਲੈਂਦਿਆਂ ਕਾਬੂ ਕੀਤਾ ਗਿਆ। ਇੱਕ ਹੋਰ ਮਾਮਲੇ ਵਿੱਚ ਨਿੱਜੀ ਵਿਅਕਤੀਆਂ ਨਾਲ ਮਿਲੀਭੁਗਤ ਕਰਕੇ ਸਰਕਾਰੀ ਜਮੀਨ ਅਲਾਟ ਕਰਨ ਦੇ ਦੋਸ਼ ਹੇਠ ਕੁਲਦੀਪ ਸਿੰਘ, ਡੀਡੀਪੀਓ (ਸੇਵਾਮੁਕਤ) ਅਤੇ ਹੋਰਨਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਵਿਜੀਲੈਂਸ ਰੇਂਜ ਆਰਥਿਕ ਅਪਰਾਧ ਵਿੰਗ, ਲੁਧਿਆਣਾ ਨੇ ਫਾਰਮੇਸੀ ਦੀਆਂ ਡਿਗਰੀਆਂ ਦੇਣ ਵਿਚ ਬੇਨਿਯਮੀਆਂ ਕਰਨ ਦੇ ਦੋਸ ਵਿੱਚ ਪੰਜਾਬ ਰਾਜ ਫਾਰਮੇਸੀ ਕੌਂਸਲ ਦੇ ਸਾਬਕਾ ਰਜਿਸਟਰਾਰ ਪ੍ਰਵੀਨ ਕੁਮਾਰ ਭਾਰਦਵਾਜ ਅਤੇ ਡਾ. ਤੇਜਵੀਰ ਸਿੰਘ ਤੋਂ ਇਲਾਵਾ ਲੇਖਾਕਾਰ (ਹੁਣ ਸੁਪਰਡੈਂਟ) ਅਸੋਕ ਕੁਮਾਰ ਨੂੰ ਵੀ ਗ੍ਰਿਫਤਾਰ ਕੀਤਾ।